ਵਰਿਆਮ

੪੫ਵਾਂ ਸਾਲ ਦਸੰਬਰ-ਜਨਵਰੀ ੨੦੧੯-੨੦

'ਸੰਗੀਤ ਸਰੂਪ ਸਤਿਗੁਰੂ' ਫਿਲਮ ਦੇ ਦਿੱਲੀ ਵਿਖੇ ਪ੍ਰਦਰਸ਼ਨ ਸਮੇਂ ਸਤਿਗੁਰੂ ਉਦੈ ਸਿੰਘ ਜੀ ਅਤੇ ਸੰਗੀਤਕਾਰ ਉਸਤਾਦ ਹਰਭਜਨ ਸਿੰਘ ਜੀ, ਪੰ. ਸਾਜਨ ਮਿਸ਼ਰਾ ਜੀ , ਉਸਤਾਦ ਅਮਜਦ ਅਲੀ ਖਾਨ ਸਾਹਿਬ, ਪੰ. ਬਿਰਜੂ ਮਹਾਰਾਜ ਜੀ ਅਤੇ ਉਸਤਾਦ ਮੋਇਨੁਦੀਨ ਡਾਗਰ ਜੀ ਪ੍ਰੈਸ ਕਾਨਫਰੰਸ ਦੌਰਾਨ

Sri Satguru Jagjit Singh Ji Elibrary NamdhariElibrary@gmail.com

ਝਲਕੀਆਂ— ਅੱਠਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ, 23-24 ਨਵੰਬਰ 2019, ਸ੍ਰੀ ਭੈਣੀ ਸਾਹਿਬ

Sri Satguru Jagjit Singh Ji Elibrary NamdhariElibrary@gmail.com

ਵਰਿਆਮ

ਦਸੰਬਰ, ਜਨਵਰੀ - ੨੦੧੯-੨੦

ਜਿਲਦ-੪੫

ਅੰਕ- ੨-੩

ਬਾਨੀ ਸੰਪਾਦਕ

ਸ੍ਰ. ਜਗਦੀਸ਼ ਸਿੰਘ 'ਵਰਿਆਮ'

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਸੰਪਾਦਕ : ਡਾ. ਰਜਵੰਤ ਕੌਰ

ਮੋਬਾਇਲ : 98786-16996, 98143-18720

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARYAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town, Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)

ਵਰਿਆਮ ਦੇ ਦਰ

ਇਹ ਅੰਕ	੪੦-੦੦ ਰੁਪਏ
ਸਲਾਨਾ ਚੰਦਾ	੪੦੦-੦੦ ਰੁਪਏ
ਜੀਵਨ ਮੈਂਬਰ	੧੦੦੦੦-੦੦ ਰੁਪਏ
ਵਿਦੇਸ਼ ਲਈ	੫੦ ਪੌਂਡ ਜਾਂ ੬੦ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	(ਸਾਲਾਨਾ)

ਚੈਕ ਡਰਾਫਟ ਕੇਵਲ Waryam ਦੇ ਨਾਂਅ ਤੇ ਹੀ ਭੇਜੇ ਜਾਣ

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਤੇਗ਼ ਬਹਾਦਰ ਸਤਿਗੁਰੂ —ਸੰਤ ਇੰਦਰ ਸਿੰਘ ਚੱਕਰਵਰਤੀ 4
ਅਸੀਂ ਦਸਮੇਸ਼ ਦੇ ਵਾਰਿਸ —ਪ੍ਰਿੰ. ਨਵਰਾਹੀ ਘੁਗਿਆਣਵੀ 4
ਸੰਪਾਦਕੀ —ਡਾ. ਰਜਵੰਤ ਕੌਰ 5
ਦਰਦ ਭਰੀ ਅਪੀਲ —ਸਾਧੂ ਸਿੰਘ ਕਿਸਾਨ 7
ਸ੍ਰ. ਹਰਭਜਨ ਸਿੰਘ ਨਾਮਧਾਰੀ — ਰਜਵੰਤ ਕੌਰ 9
ਕੁਝ ਯਾਦ ਉਨ੍ਹੇਂ ਭੀ ਕਰ ਲੋ —ਸ੍ਰ. ਜਗਦੀਸ਼ ਸਿੰਘ ਵਰਿਆਮ ..10
ਕਰਨੀ ਦੇ ਪੂਰੇ : ਸੰਤ ਸੁੰਦਰ ਸਿੰਘ ਜੀ 'ਮੰਜੀ-ਤੋੜ'' —ਸੁਵਰਨ ਸਿੰਘ ਵਿਰਕ 13
ਸਵਾ ਸੇਰ ਕਣਕ ਦਾ ਮੁੱਲ —ਮੁਨਸ਼ੀ ਪ੍ਰੇਮ ਚੰਦ 20
ਮੇਰਾ ਬਾਬਲ —ਗੁਰਭਜਨ ਗਿੱਲ 25
ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਿਚ ਗੰਗੂ ਬ੍ਰਾਹਮਣ ਦਾ ਰੋਲ-ਨਵੀਂ ਖੋਜ —ਦੇਵਿੰਦਰ ਸਿੰਘ ਗਿੱਲ ਜੀਆ ਨੱਥਾ 26
ਦੋ ਗੀਤ —ਕਰਨੈਲ ਸਿੰਘ ਅਸਪਾਲ 30
ਧੰਨ ਗੁਰੂ ਜਗਜੀਤ ਸਿੰਘ ਜੀ —ਬਲਬੀਰ ਸਿੰਘ ਢਿੱਲੋਂ 31
ਭਾਰਤ ਮਾਤਾ ਦੇ 'ਹਵਾਸੀ ਕੁੱਤੇ' —ਡਾ. ਹਰਸ਼ਿੰਦਰ ਕੌਰ 32
ਨਾਫ਼ੁਰਮਾਨੀ —ਅਜ਼ੀਮ ਸ਼ੇਖਰ ਯੂ.ਕੇ. 36
ਸਾਡੀ ਬੀਬੀ-ਸਾਡੀ ਮਾਂ —ਰਜਵੰਤ ਕੌਰ ਸੰਧੂ 37
ਸਿੱਧ ਹੱਥ ਵਜੰਤਰੀ—ਸ੍ਰ. ਬਲੀ ਸਿੰਘ ਗੁਰਾਇਆ —ਸੁਵਰਨ ਸਿੰਘ ਵਿਰਕ 41
ਇੱਕ ਪਿਆਲਾ ਪਾਣੀ — ਸ. ਚਰਨ ਸਿੰਘ ਸ਼ਹੀਦ 43
ਮੇਰੀ ਸ੍ਰੀ ਪਟਨਾ ਸਾਹਿਬ ਅਤੇ ਬੋਧਗਯਾ ਦੀ ਇਤਿਹਾਸਕ ਯਾਤਰਾ —ਡਾ. ਨਿਧੀ ਜੈਨ 44
ਹਵਨ ਯੱਗ ਅਤੇ ਅੰਮ੍ਰਿਤ ਦੀ ਮਹਾਨਤਾ —ਸ. ਹਰਭਜਨ ਸਿੰਘ ਨਾਮਧਾਰੀ 49
ਬਾਬਾ ਨਾਨਕ ਕੌਣ ਸਨ —ਰਾਜਿੰਦਰ ਕੌਰ ਪੰਨੂ 52
ਫੈਸਲੇ ਦੀ ਘੜੀ —ਪ੍ਰੋ. ਲਖਬੀਰ ਸਿੰਘ 54
ਦੋ ਅਮਲੀ —ਬਲਦੇਵ ਮਾਧੋਪੁਰੀ 57
ਪੁਸਤਕ ਰੀਵੀਊ —ਦਵਿੰਦਰ ਸਿੰਘ ਗਿੱਲ ਜੀਆ ਨੱਥਾ 58
ਪ੍ਰਤੀਕਿਰਿਆ — 59
ਖ਼ਬਰਨਾਮਾ — 60

WARYAM Current A/C No.
607201010050208
IFSC/RTGS Code :UBIN0560723
Union Bank of India Rama Mandi Jalandhar City
E-mail : editor@waryam.com,
drrajwant@waryam.com,
jagdishsinghwariam@gmail.com
drrajwant@gmail.com

Sri Satguru Jagjit Singh Ji Elibrary NamdhariElibrary@gmail.com

ਤੇਗ਼ ਬਹਾਦੁਰ ਸਤਿਗੁਰੂ

- ਸੰਤ ਇੰਦਰ ਸਿੰਘ ਚੱਕਰਵਰਤੀ

ਤੇਗ਼ ਬਹਾਦੁਰ ਸਤਿਗੁਰੂ, ਨਿਰਭਉ ਤੇ ਨਿਰਵੈਰ,
ਸਭਨਾਂ ਤਾਈਂ ਪਿਆਰਦੇ, ਕਿਸੇ ਨ ਸਮਝਣ ਗ਼ੈਰ।
ਤੇਗ਼ ਬਹਾਦੁਰ ਸਤਿਗੁਰੂ, ਨਾਨਕੀ ਜੀ ਦੇ ਲਾਲ,
ਡਰਦਾ ਕੰਬਦਾ ਜਿਨ੍ਹਾਂ ਤੋਂ, ਨੇੜੇ ਆਇ ਨ ਕਾਲ।
ਤੇਗ਼ ਬਹਾਦੁਰ ਦੀਨਵੰਧੁ, ਦੀਨਾਂ ਲਈ ਕੁਰਬਾਨ,
ਹੋ ਕੇ ਕੌਮ ਬਚਾ ਲਈ, ਵਾਰ ਆਪਣੇ ਪਰਾਨ।
ਤੇਗ਼ ਬਹਾਦੁਰ ਗੁਰੂ ਜੀ, ਧਰਮ ਧੁਰੰਧਰ ਧੀਰ,
ਰਖਵਾਲੇ ਹਿੰਦੂਵੈਣ ਦੇ, ਦੀਨ ਦੁਨੀ ਦੇ ਪੀਰ।
ਤੇਗ਼ ਬਹਾਦੁਰ ਗੁਰੂ ਜੀ, ਜਗ ਝੰਜਟ ਤੋਂ ਦੂਰ,
ਸ਼ਾਂਤਿ-ਸਰੂਪ ਅਡੋਲ ਦਿਲ, ਸਾਗਰ ਜਿਉਂ ਭਰਪੂਰ।
ਤੇਗ਼ ਬਹਾਦੁਰ ਸਤਿਗੁਰੂ, ਕੰਵਲ ਵਾਂਗ ਨਿਰਲੇਪ,
ਵਸਦੀ ਰਸਦੀ ਦੁਨੀ ਵਿਚ, ਰਹਿੰਦੇ ਕੰਵਲ ਅਲੇਪ।

ਅਸੀਂ ਦਸਮੇਸ਼ ਦੇ ਵਾਰਿਸ

- ਪ੍ਰਿੰ. ਨਵਰਾਹੀ ਘੁਗਿਆਣਵੀ

ਬਦੀ ਨਾਲ ਟਾਕਰਾ ਕਰਨਾ ਸਿਖਾਇਆ ਗਿਆ ਸਾਨੂੰ।
ਪਿਆਲਾ ਘੋਲ ਕੇ ਅੰਮ੍ਰਿਤ ਪਿਲਾਇਆ ਗਿਆ ਸਾਨੂੰ।
ਧਰ ਕੇ ਸਿਰ ਤਲੀ ਉੱਤੇ, ਆਈਏ ਮੈਦਾਨ ਦੇ ਅੰਦਰ;
ਭੈੜੇ ਤੋਂ ਭੈੜੇ ਵਕਤ ਦੇ ਕਾਬਿਲ ਬਣਾਇਆ ਗਿਆ ਸਾਨੂੰ।
ਲੁੱਟਣ ਵਾਸਤੇ ਦੂਰੋਂ ਜਦੋਂ ਵੀ ਧਾੜਵੀ ਆਏ;
ਉਨ੍ਹਾਂ ਨੂੰ ਠੱਲ੍ਹ ਪਾਵਣ ਦਾ ਮੰਤਰ ਪੜ੍ਹਾਇਆ ਗਿਆ ਸਾਨੂੰ।
ਮੁਹੱਬਤ ਵਸਫ਼ ਹੈ ਸਾਡਾ ਅਤੇ ਮੁੱਖ ਲੱਛਣ ਹਲੀਮੀ ਹੈ;
ਹਰ ਉਸਾਰੂ ਕਾਜ ਵਿੱਚ ਲਾਇਆ ਗਿਆ ਸਾਨੂੰ।
ਹਰ ਘੜੀ ਅਜ਼ਮਾਇਸ਼ ਦੀ ਵੇਲੇ ਅਸੀਂ ਖਰੇ ਉਤਰੇ;
ਮੁੜ ਮੁੜ ਕੇ ਕਿਉਂ ਆਜ਼ਮਾਇਆ ਗਿਆ ਸਾਨੂੰ।
ਨਾਨਕ ਪੀਰ ਦੇ ਬੱਚੇ ਅਸੀਂ ਦਸਮੇਸ਼ ਦੇ ਵਾਰਿਸ;
ਸੌੜੀ ਸੋਚ ਦੇ ਹੱਥੋਂ ਸਤਾਇਆ ਗਿਆ ਸਾਨੂੰ।
'ਨਵਰਾਹੀ' ਆਪ ਵੀ ਜੀਵੋ ਤੇ ਜੀਣ ਦੇਵੋ ਦੂਸਰੇ ਤਾਈਂ;
ਖਾਹਮਖਾਹ ਹੀ ਕਿਉਂ ਉਲਝਾਇਆ ਗਿਆ ਸਾਨੂੰ।

ਸੰਪਰਕ: 9815002302

Sri Satguru Jagjit Singh Ji Elibrary NamdhariElibrary@gmail.com

ਸੰਪਾਦਕੀ

ਅੱਠਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ

ਸੰਗੀਤ ਦਾ ਪ੍ਰਵਾਹ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਨੂੰ ਮਹਾਨ ਦੇਣ ਹੈ। ਸੰਗੀਤ ਉਨ੍ਹਾਂ ਦੇ ਤਨ ਅਤੇ ਮਨ ਵਿੱਚ ਸਮਾਇਆ ਹੋਇਆ ਸੀ। ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਵੱਡੇ ਵੱਡੇ ਸੰਗੀਤਕਾਰ, ਉਸਤਾਦ, ਹਜ਼ੂਰੀ ਰਾਗੀ ਅਤੇ ਸੰਗੀਤ ਦੇ ਸਿਖਿਆਰਥੀ ਛੋਟੇ ਬੱਚੇ ਬੱਚੀਆਂ ਗਾਇਨ ਅਤੇ ਵਾਦਨ ਕਰਕੇ ਆਪਣੇ ਆਪ ਨੂੰ ਸੁਭਾਗਾ ਸਮਝਦੇ ਸਨ ਕਿਉਂਕਿ ਉਨ੍ਹਾਂ ਦੀ ਛਤਰ ਛਾਇਆ ਵਿੱਚ ਬੈਠ ਕੇ ਉਨ੍ਹਾਂ ਨੂੰ ਹੋਰ ਬਹੁਤ ਕੁਝ ਸਿੱਖਣ ਨੂੰ ਮਿਲਦਾ ਸੀ। ਸਤਿਗੁਰੂ ਜੀ ਸੰਗੀਤ ਦਾ ਇਕ ਵਿਸ਼ਾਲ ਭੰਡਾਰ ਸਨ। ਉਨ੍ਹਾਂ ਨੇ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦਾ ਸੁਮੇਲ ਕੀਤਾ। ਸਤਿਗੁਰੂ ਜੀ ਸਾਰੇ ਸੰਗੀਤਕਾਰਾਂ ਨੂੰ ਪਿਆਰ ਕਰਦੇ ਸਨ ਚਾਹੇ ਉਹ ਕਿਸੇ ਵੀ ਪਰਵਾਰ, ਜਾਤ, ਬਰਾਦਰੀ ਜਾਂ ਧਰਮ ਨਾਲ ਸੰਬੰਧਤ ਹੋਣ। ਉਹ ਉਨ੍ਹਾਂ ਦੀ ਭਲਾਈ ਅਤੇ ਤਰੱਕੀ ਵਾਸਤੇ ਹਮੇਸ਼ਾ ਯਤਨਸ਼ੀਲ ਰਹਿੰਦੇ ਸਨ। ਵਰਿਆਮ ਦੇ ਬਾਨੀ ਸੰਪਾਦਕ ਸ੍ਰ. ਜਗਦੀਸ਼ ਸਿੰਘ ਵਰਿਆਮ ਦੇ ਅਨੁਸਾਰ "ਸਤਿਗੁਰੂ ਜਗਜੀਤ ਸਿੰਘ ਜੀ ਸਪੱਸ਼ਟ ਰੂਪ ਵਿੱਚ ਸੰਗੀਤ ਦਾ ਦੇਹਧਾਰੀ ਸਰੂਪ ਸਨ।"

ਸਤਿਗੁਰੂ ਜੀ ਦੇ ਇਸੇ ਸੰਗੀਤ ਪ੍ਰੇਮ ਨੂੰ ਸਜਦਾ ਕਰਨ ਲਈ ਸਤਿਗੁਰੂ ਉਦੈ ਸਿੰਘ ਜੀ ਹਰ ਸਾਲ ਸਤਿਗੁਰੂ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁਭ ਅਵਸਰ ਤੇ ਸੰਗੀਤ ਸੰਮੇਲਨ ਦਾ ਆਯੋਜਨ ਕਰਦੇ ਹਨ। ਇਸੇ ਲੜੀ ਵਿੱਚ ਇਸ ਵਾਰ ਸ੍ਰੀ ਭੈਣੀ ਸਾਹਿਬ ਵਿਖੇ ਅੱਠਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 23-24 ਨਵੰਬਰ 2019 ਨੂੰ ਆਯੋਜਿਤ ਕੀਤਾ ਗਿਆ। ਜਿਸ ਵਿੱਚ ਭਾਰਤ ਦੇ ਉੱਘੇ ਕਲਾਕਾਰਾਂ ਨੇ ਹਾਜ਼ਰੀ ਭਰੀ। ਪ੍ਰਸਿੱਧ ਸੰਗੀਤਕਾਰ ਵਿਦੁਸ਼ੀ ਕੌਸ਼ਿਕੀ (ਗਾਇਨ) ਜੀ ਅਨੁਸਾਰ, "ਭੈਣੀ ਸਾਹਿਬ ਦੀ ਧਰਤੀ ਤੇ ਆ ਕੇ ਗਾਉਣ ਲਈ ਸਿਰਫ ਸੱਦੇ ਦੀ ਨਹੀਂ ਸਗੋਂ ਚੰਗੇ ਭਾਗਾਂ ਦੀ ਵੀ ਜ਼ਰੂਰਤ ਹੁੰਦੀ ਹੈ।" ਇਸ ਲਈ ਸਾਰੇ ਸੰਗੀਤਕਾਰ ਭੈਣੀ ਸਾਹਿਬ ਦੀ ਧਰਤੀ ਤੇ ਆ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਆਪਣੇ ਵੱਡੇ ਭਾਗ ਸਮਝਦੇ ਹਨ।

ਇਸ ਮਹਾਨ ਸੰਗੀਤ ਸੰਮੇਲਨ ਦਾ ਆਯੋਜਨ ਪ੍ਰਤਾਪ ਮੰਦਰ ਦੇ ਵਿਸ਼ਾਲ ਹਾਲ ਦੀ ਵੱਡੀ ਸਟੇਜ ਤੇ ਹੋਇਆ। 23 ਨਵੰਬਰ (ਸ਼ਨੀਵਾਰ) ਦੀ ਸ਼ਾਮ ਨੂੰ 5 ਵਜੇ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਕਲਾ ਕੇਂਦਰ ਦੇ ਵਿਦਿਆਰਥੀਆਂ ਦੇ ਸਿਤਾਰ ਵਾਦਨ ਨਾਲ ਹੋਇਆ, ਜਿਸ ਵਿਚ ਬੱਚੀਆਂ-ਰਤਨ ਕੌਰ, ਰਤਨਾ ਮਾਲਵੀਆ, ਸੰਦੀਪ ਕੌਰ ਅਤੇ ਰਣਜੀਤ ਕੌਰ ਨੇ ਸਮੂਹਿਕ ਤੌਰ ਤੇ ਬਹੁਤ ਮਧੁਰ ਸਿਤਾਰ ਵਾਦਨ ਕੀਤਾ। ਇਨ੍ਹਾਂ ਦੇ ਨਾਲ ਤਬਲੇ ਤੇ ਸੰਗਤ ਕਾਕਾ ਰਤਨ ਸਿੰਘ ਨੇ ਕੀਤੀ।

ਇਸ ਤੋਂ ਬਾਅਦ ਪੰਡਤ ਉਮਾਕਾਂਤ ਜੀ ਗੁੰਦੇਚਾ ਅਤੇ ਉਨ੍ਹਾਂ ਦੇ ਭਤੀਜੇ ਪੰਡਤ ਅਨੰਤ ਰਮਾਕਾਂਤ (ਸਪੁੱਤਰ ਸਵਰਗੀ ਪੰਡਤ ਰਮਾਕਾਂਤ ਜੀ ਗੁੰਦੇਚਾ) ਅਤੇ ਪੰਡਤ ਅਖਿਲੇਸ਼ ਗੁੰਦੇਚਾ ਜੀ (ਪਖਾਵਜ) ਸਟੇਜ ਤੇ ਪਧਾਰੇ। ਸਭ ਤੋਂ ਪਹਿਲਾਂ ਜੋਤ ਜਗਾਉਣ ਦੀ ਰਸਮ ਹੋਈ ਜਿਸ ਵਿੱਚ ਸਤਿਗੁਰੂ ਜੀ, ਪੰਡਤ ਉਮਾਂਕਾਤ ਜੀ, ਪੰਡਤ ਅਨੰਤ ਰਮਾਕਾਂਤ ਜੀ, ਸੂਬਾ ਹਰਭਜਨ ਸਿੰਘ ਜੀ ਲੁਧਿਆਣਾ, ਸ੍ਰ. ਰਣਜੀਤ ਸਿੰਘ ਹੋਰਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਅੱਗੇ ਜੋਤ ਜਗਾ ਕੇ ਸੰਮੇਲਨ ਦਾ ਆਗਾਜ਼ ਕੀਤਾ। ਉਸਤਾਦ ਹਰਭਜਨ ਸਿੰਘ ਅਤੇ ਸ੍ਰ. ਕਮਲਜੀਤ ਸਿੰਘ ਪਨੇਸਰ ਯੂ.ਕੇ. ਨੇ ਕਲਾਕਾਰਾਂ ਦਾ ਫੁੱਲਾਂ ਦੇ ਗੁਲਦਸਤੇ ਦੇ ਕੇ ਸੁਆਗਤ ਕੀਤਾ। ਪੰਡਤ ਰਮਾਕਾਂਤ ਜੀ ਜੋ ਕੁਝ ਦਿਨ ਪਹਿਲੇ ਸਦੀਵੀ ਵਿਛੋੜਾ ਦੇ ਗਏ ਸਨ ਜੀ ਦੀ ਯਾਦ ਵਿੱਚ ਦੋ ਮਿਨਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ ਕਲਾਕਾਰਾਂ ਨੇ ਆਪਣੀ ਗਾਇਕੀ ਪੇਸ਼ ਕੀਤੀ। ਇਹਨਾਂ ਨੇ ਧਰੁਪਦ ਅੰਗ ਦੀ ਗਾਇਕੀ ਨਾਲ ਬਹੁਤ ਹੀ ਸੁਰੀਲਾ ਅਤੇ ਗੰਭੀਰ ਗਾਇਨ ਪੇਸ਼ ਕੀਤਾ। ਉਪਰੰਤ ਸਤਿਗੁਰੂ ਜੀ ਨੇ ਕਲਾਕਾਰਾਂ ਨੂੰ ਅਸ਼ੀਰਵਾਦ ਦਿੱਤਾ।

ਇਸ ਸ਼ਾਮ ਦੀ ਤੀਸਰੀ ਅਤੇ ਆਖਿਰੀ ਪੇਸ਼ਕਸ਼ ਬਹੁਤ ਹੀ ਰੋਮਾਂਚਕ ਸੀ। ਜਿਸ ਵਿੱਚ ਦੱਖਣੀ ਅਤੇ ਉੱਤਰੀ ਭਾਰਤ ਦੇ ਸੰਗੀਤ ਦਾ ਸੁਮੇਲ ਦੇਖਣ ਨੂੰ ਮਿਲਿਆ। ਇਸ ਵਿਚ ਤਬਲਾ, ਮ੍ਰਿਦੰਗਮ ਅਤੇ ਘਟਮ (ਘੜਾ) ਦਾ ਸਮੂਹਿਕ ਵਾਦਨ ਹੋਇਆ। ਜਿਸ ਨੂੰ ਤਾਲ ਕਚਹਿਰੀ ਵੀ ਕਹਿੰਦੇ ਹਨ। ਘੜੇ ਤੇ ਵਿਦਵਾਨ ਘਟਮ ਗਿਰੀਧਰ ਉਡੱਪਾ, ਤਬਲੇ ਤੇ ਪੰ. ਸ਼ੁਭਾਂਕਰ ਬੈਨਰਜੀ, ਮ੍ਰਿਦੰਗ ਤੇ ਵਿਦਵਾਨ

ਅਨੰਤਾ ਕ੍ਰਿਸ਼ਨਨ ਤੇ ਹਾਰਮੋਨੀਅਮ ਤੇ ਪੰ. ਅਜੈ ਜੋਗਲੇਕਰ ਨੇ ਭਾਗ ਲਿਆ। ਸ੍. ਅਮਰਜੀਤ ਸਿੰਘ ਭੁਰਜੀ, ਸੂਬਾ ਸਤਨਾਮ ਸਿੰਘ (ਆਸਟਰੇਲੀਆ) ਅਤੇ ਰਾਗੀ ਹਰਬੰਸ ਸਿੰਘ ਘੁੱਲਾ ਜੀ ਨੇ ਇਹਨਾਂ ਕਲਾਕਾਰਾਂ ਦਾ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਪਹਿਲਾਂ ਇਹਨਾਂ ਕਲਾਕਾਰਾਂ ਨੇ ਹਾਰਮੋਨੀਅਮ ਦੀ ਸੰਗਤ ਨਾਲ ਇਕੱਲੇ ਇਕੱਲੇ ਆਪਣਾ ਆਪਣਾ ਸਾਜ ਵਜਾਇਆ, ਜਿਸ ਦਾ ਸਰੋਤਿਆਂ ਨੇ ਭਰਪੂਰ ਅਨੰਦ ਲਿਆ। ਅੰਤ ਵਿਚ ਸਮੂਹਿਕ ਰੂਪ ਵਿੱਚ ਸਾਰੇ ਸਾਜਾਂ ਦਾ ਵਾਦਨ ਹੋਇਆ। ਜੋ ਕਿ ਅਜਬ ਕਲਾਕਾਰੀ ਦਾ ਨਮੂਨਾ ਸੀ। ਤਾੜੀਆਂ ਦੀ ਗੜਗੜਾਹਟ ਤੋਂ ਬਾਅਦ ਸਤਿਗੁਰੂ ਜੀ ਨੇ ਇਹਨਾਂ ਕਲਾਕਾਰਾਂ ਨੂੰ ਅਸ਼ੀਰਵਾਦ ਦਿੱਤਾ। ਇਸ ਦੇ ਨਾਲ ਹੀ ਪਹਿਲੇ ਦਿਨ ਦੀ ਬੈਠਕ ਦੀ ਸਮਾਪਤੀ ਹੋ ਗਈ।

ਦੂਸਰੇ ਦਿਨ 24 ਨਵੰਬਰ ਦੀ ਸ਼ਾਮ ਦੀ ਬੈਠਕ ਦੀ ਸ਼ੁਰੂਆਤ ਕਾਕਾ ਹਰਪਾਲ ਸਿੰਘ ਦੇ ਤਬਲਾ ਵਾਦਨ ਨਾਲ ਹੋਈ। ਜਿਸ ਦਾ ਕਾਕਾ ਵਿਨਾਯਕ ਸਹਾਏ ਨੇ ਸਾਰੰਗੀ ਤੇ ਸਾਥ ਦਿੱਤਾ। ਇਨ੍ਹਾਂ ਨੌਜਵਾਨ ਕਲਾਕਾਰਾਂ ਨੇ ਬਹੁਤ ਸੋਹਣਾ ਸਮਾਂ ਬੰਨਿਆ।

ਦੂਸਰੀ ਪੇਸ਼ਕਾਰੀ ਵਿਸ਼ਵ ਪ੍ਰਸਿੱਧ ਸੰਤੂਰ ਵਾਦਕ ਪੰਡਤ ਸ਼ਿਵ ਕੁਮਾਰ ਸ਼ਰਮਾ ਦੇ ਹੋਣਹਾਰ ਸਪੁੱਤਰ ਪੰਡਤ ਰਾਹੁਲ ਸ਼ਰਮਾ (ਸੰਤੂਰ) ਅਤੇ ਪੰਡਤ ਰਾਮ ਕੁਮਾਰ ਮਿਸ਼ਰਾ ਜੀ (ਤਬਲਾ) ਦੀ ਸੀ। ਇਨ੍ਹਾਂ ਨੇ ਸੰਤੂਰ ਤੇ ਰਾਗ ਗੋਰਖ ਕਲਿਆਣ ਦਾ ਵਾਦਨ ਕੀਤਾ ਅਤੇ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਿਆ। ਇਸ ਸੁੰਦਰ ਪੇਸ਼ਕਾਰੀ ਤੋਂ ਬਾਅਦ ਸਤਿਗੁਰੂ ਜੀ ਨੇ ਕਲਾਕਾਰਾਂ ਨੂੰ ਅਸ਼ੀਰਵਾਦ ਦਿੱਤਾ।

ਇਸ ਸ਼ਾਮ ਦੀ ਤੀਸਰੀ ਅਤੇ ਆਖਰੀ ਪੇਸ਼ਕਾਰੀ ਸੀ-ਉਸਤਾਦ ਰਾਸ਼ਿਦ ਅਲੀ ਖਾਨ ਸਾਹਿਬ ਦਾ ਗਾਇਨ। ਉਸਤਾਦ ਜੀ ਭਾਰਤ ਦੇ ਸਰੋਵਤਮ ਗਾਇਕਾਂ ਵਿੱਚੋਂ ਹਨ। ਖ਼ਿਆਲ ਅਤੇ ਤਰਾਨਾ ਗਾਇਕੀ ਇਹਨਾਂ ਦੀ ਵਿਸ਼ੇਸ਼ਤਾ ਹੈ। ਸੰਤ ਸੁਰਿੰਦਰ ਸਿੰਘ ਨਾਮਧਾਰੀ, ਉਸਤਾਦ ਹਰਭਜਨ ਸਿੰਘ, ਸ੍. ਰਣਜੀਤ ਸਿੰਘ ਡਰਬੀ ਅਤੇ ਸ੍ਰੀ ਦਵਿੰਦਰ ਪ੍ਰਸਾਦ ਕਵੈਂਟਰੀ ਨੇ ਇਨ੍ਹਾਂ ਕਲਾਕਾਰਾਂ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਉਸਤਾਦ ਜੀ ਨਾਲ ਇਹਨਾਂ ਦੇ ਸੁਯੋਗ ਸਪੁੱਤਰ ਅਰਮਾਨ ਖਾਨ ਨੇ ਗਾਇਨ ਵਿੱਚ ਸਾਥ ਦਿੱਤਾ। ਉਸਤਾਦ ਰਾਸ਼ਿਦ ਅਲੀ ਖਾਨ ਸਾਹਿਬ ਨਾਲ ਉਸਤਾਦ ਮੁਰਾਦ ਅਲੀ ਖਾਨ ਸਾਹਿਬ (ਸਾਰੰਗੀ), ਪੰਡਤ ਸ਼ੁਭਾਂਕਰ ਬੈਨਰਜੀ (ਤਬਲਾ), ਸ੍ਰੀ ਵਿਨਯ ਮਿਸ਼ਰਾ (ਹਾਰਮੋਨੀਅਮ) ਅਤੇ ਸ੍ਰੀ ਕਸ਼ਿਸ਼ ਮਿੱਤਲ (ਤਾਨਪੁਰਾ) ਨੇ ਸੰਗਤ ਕੀਤੀ। ਲੱਗਭਗ ਡੇਢ ਘੰਟੇ ਦੇ ਗਾਇਨ ਤੋਂ ਬਾਅਦ ਅੰਤ ਵਿਚ 'ਲਗੀ ਮਨਵਾ ਮੇਂ ਚੋਟ' ਦੇ ਮਨਮੋਹਨ ਗਾਇਨ ਨਾਲ ਪ੍ਰੋਗਰਾਮ ਦੀ ਸਮਾਪਤੀ ਹੋ ਗਈ। ਸਟੇਜ ਪ੍ਰਦਰਸ਼ਨ ਤੋਂ ਬਾਅਦ ਇਨ੍ਹਾਂ ਸਾਰੇ ਕਲਾਕਾਰੀ ਨੂੰ ਸਤਿਗੁਰੂ ਜੀ ਨੇ ਅਸ਼ੀਰਵਾਦ ਦਿੱਤਾ।

ਇਸ ਤਰ੍ਹਾਂ ਦੂਸਰੇ ਦਿਨ ਦੀ ਬੈਠਕ ਦੀ ਸਮਾਪਤੀ ਦੇ ਨਾਲ ਹੀ ਅੱਠਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਸਮਾਪਤੀ ਹੋ ਗਈ। ਸੇਵਕ ਹਰਪਾਲ ਸਿੰਘ ਅਤੇ ਸ੍. ਸੁਖਵਿੰਦਰ ਸਿੰਘ ਲਾਇਨ ਨੇ ਸਟੇਜ ਕੀ ਸੇਵਾ ਬਾਖੂਬ ਨਿਭਾਈ। ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਸੰਮੇਲਨ ਇਕ ਯਾਦਗਾਰੀ ਸੰਮੇਲਨ ਹੋ ਨਿਬੜਿਆ।

ਰਜਵੰਤ ਕੌਰ

ਚਿੜੀ ਵਿਚਾਰੀ ਕੀ ਕਰੇ

ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉਡ ਵੇ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ਼ ਜਾਣਾ।

ਸਾਡੇ ਲੋਕ ਗੀਤਾਂ ਵਿਚ ਕੁੜੀਆਂ ਦੀ ਤੁਲਨਾ ਚਿੜੀਆਂ ਨਾਲ ਕੀਤੀ ਗਈ ਹੈ। ਜਿਸ ਤਰ੍ਹਾਂ ਭੋਲੀਆਂ ਭਾਲੀਆਂ ਚਿੜੀਆਂ ਘਰਾਂ ਵਿੱਚ ਰਹਿੰਦੀਆਂ, ਦਾਣਾ ਚੁੱਗਦੀਆਂ, ਉਡਦੀਆਂ ਫਿਰਦੀਆਂ ਸੋਹਣੀਆਂ ਲੱਗਦੀਆਂ ਹਨ, ਉਸੇ ਤਰ੍ਹਾਂ ਹੱਸਦੀਆਂ ਖੇਡਦੀਆਂ ਕੁੜੀਆਂ ਵੀ ਘਰ ਦੀ ਰੌਣਕ ਹੁੰਦੀਆਂ ਹਨ। ਕਹਿੰਦੇ ਹਨ ਕਿ ਧੀਆਂ ਸਾਂਝੀਆਂ ਹੁੰਦੀਆਂ ਹਨ। ਪਹਿਲਾਂ ਇੱਕ ਪਿੰਡ ਦੀ ਧੀ ਸਾਰੇ ਪਿੰਡ ਦੀ ਧੀ ਸਮਝੀ ਜਾਂਦੀ ਹੁੰਦੀ ਸੀ, ਪਰ ਅੱਜ ਕੱਲ ਸਮਾਂ ਉਲਟ ਆ ਗਿਆ ਹੈ। ਅੱਜ ਕੱਲ ਕੁੜੀਆਂ ਕਿਤੇ ਵੀ ਮਹਿਫੂਜ਼ ਨਹੀਂ ਹਨ। ਭਾਵੇਂ ਕੁੜੀਆਂ ਕਿੰਨਾ ਵੀ ਪੜ੍ਹ ਲਿਖ ਜਾਣ, ਉੱਚ ਅਹੁਦੇ ਤੇ ਪਹੁੰਚ ਜਾਣ, ਪਰ ਵਹਿਸ਼ੀਆਨਾ ਨਜ਼ਰਾਂ ਉਹਨਾਂ ਦਾ ਪਿੱਛਾ ਕਰਨੋਂ ਨਹੀਂ ਹੱਟਦੀਆਂ ਹਨ। ਸਕੂਲਾਂ-ਕਾਲਜਾਂ ਵਿੱਚ ਪੜ੍ਹਦੀਆਂ ਨਾਬਾਲਗ-ਬਾਲਗ ਕੁੜੀਆਂ, ਡਾਕਟਰ, ਅਧਿਆਪਕ, ਖੇਤਾਂ ਵਿੱਚ ਕੰਮ

Sri Satguru Jagjit Singh Ji Elibrary NamdhariElibrary@gmail.com

ਕਰਦੀਆਂ ਕੁੜੀਆਂ, ਫੈਕਟਰੀਆਂ ਵਿੱਚ ਕੰਮ ਕਰਦੀਆਂ ਕੁੜੀਆਂ, ਇੱਥੋਂ ਤੱਕ ਕਿ ਫ਼ੌਜ ਵਿੱਚ ਤੈਨਾਤ ਕੁੜੀਆਂ ਵੀ ਵਹਿਸ਼ੀ ਦਰਿੰਦਿਆਂ ਦੀ ਦਰਿੰਦਗੀ ਦਾ ਸ਼ਿਕਾਰ ਹੋ ਜਾਂਦੀਆਂ ਹਨ।

ਰੱਬ ਨੇ ਇਸ ਦੁਨੀਆਂ ਤੇ ਪੁਰਸ਼ ਅਤੇ ਇਸਤਰੀ ਦੋਹਾਂ ਦੀ ਸਿਰਜਣਾ ਆਪ ਕੀਤੀ ਹੈ। ਸਰੀਰਕ ਤੌਰ ਤੇ ਭਾਵੇਂ ਪੁਰਸ਼ ਜ਼ਿਆਦਾ ਬਲਸ਼ਾਲੀ ਹੈ, ਪਰ ਇਸਤਰੀ ਦਾ ਮਨ ਅਤੇ ਹਿਰਦਾ ਜ਼ਿਆਦਾ ਸਚੇਤ ਅਤੇ ਤਾਕਤਵਰ ਹੈ। ਉਹ ਜੀਵਨ ਦੀਆਂ ਹਰ ਤਰ੍ਹਾਂ ਦੀਆਂ ਔਕੜਾਂ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਦੀ ਹੈ, ਪਰ ਇਹ ਗੱਲ ਕਈ ਬੁੱਧੀਹੀਨ ਪੁਰਸ਼ਾਂ ਨੂੰ ਗਵਾਰਾ ਨਹੀਂ ਹੁੰਦੀ। ਉਹ ਆਪਣੇ ਸਰੀਰਕ ਬਲ ਦੀ ਦੁਰਵਰਤੋਂ ਕਰਕੇ ਇਸਤਰੀ ਨਾਲ ਜਬਰਦਸਤੀ ਕਰਕੇ ਪਤਾ ਨਹੀਂ ਕਿਹੜੀ ਮਰਦਾਨਗੀ ਦਿਖਾਉਂਦੇ ਹਨ। ਉਹ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੇ ਪਰਵਾਰ ਵਿੱਚ ਵੀ ਮਾਂ, ਭੈਣ, ਪਤਨੀ, ਧੀ ਮੌਜੂਦ ਹਨ। ਜੇਕਰ ਉਹਨਾਂ ਨਾਲ ਅਜਿਹਾ ਦੁਰਵਿਵਹਾਰ ਹੋਵੇ ਤਾਂ ਉਨ੍ਹਾਂ ਨੂੰ ਕਿੰਝ ਮਹਿਸੂਸ ਹੋਵੇਗਾ।

ਗੱਲ ਕੁੜੀਆਂ ਚਿੜੀਆਂ ਦੀ ਹੋ ਰਹੀ ਸੀ। ਚਹਿਕਦੀਆਂ ਟਹਿਕਦੀਆਂ ਚਿੜੀਆਂ ਨੂੰ ਫੜ ਕੇ ਉਹਨਾਂ ਦੇ ਖੰਭ ਵੱਢ ਦਿੱਤੇ ਜਾਣ ਤਾਂ ਉਹ ਉੱਡਣਾ ਤੇ ਕੀ ਹਿੱਲਣ ਜੋਗੀਆਂ ਵੀ ਨਹੀਂ ਰਹਿੰਦੀਆਂ। ਇਸੇ ਤਰ੍ਹਾਂ ਦੋ, ਚਾਰ, ਪੰਜ, ਦਸ ਮੁੰਡੇ ਜੇਕਰ ਇਕ ਕੁੜੀ ਨੂੰ ਫੜ ਕੇ, ਕੁੱਟ ਮਾਰ ਕੇ ਉਸ ਨਾਲ ਸਮੂਹਕ ਜਬਰ ਜਨਾਹ ਕਰਨ ਤੇ ਇੱਥੇ ਕੁੜੀ ਦਾ ਕੀ ਵੱਸ ਚੱਲਣਾ ਹੈ? ਇਹੋ ਜਿਹੀਆਂ ਘਟਨਾਵਾਂ ਸਾਨੂੰ ਹਰ ਰੋਜ਼ ਅਖ਼ਬਾਰਾਂ ਅਤੇ ਟੀ.ਵੀ. ਤੇ ਪੜ੍ਹਣ, ਸੁਨਣ ਤੇ ਵੇਖਣ ਨੂੰ ਮਿਲਦੀਆਂ ਹਨ। ਇਨ੍ਹਾਂ ਵਿੱਚ ਬਹੁਤੇ ਕੇਸ ਤੇ ਪੈਸੇ ਅਤੇ ਰੁਤਬੇ ਦੇ ਪ੍ਰਭਾਵ ਹੇਠ ਆ ਕੇ ਦੱਬ ਜਾਂਦੇ ਹਨ। ਜੇਕਰ ਕੋਈ ਕੁੜੀ ਅਦਾਲਤ ਦਾ ਦਰਵਾਜ਼ਾ ਖੜਕਾਉਣ ਦੀ ਹਿੰਮਤ ਕਰੇ ਵੀ ਤਾਂ ਸਾਡੀ ਨਿਆਂ ਪ੍ਰਣਾਲੀ ਅਜਿਹੀ ਹੈ ਕਿ ਕਈ ਕਈ ਸਾਲ ਅਦਾਲਤ ਵਿੱਚ ਕੇਸ ਚੱਲਦਾ ਹੈ। ਕੇਸ ਚੱਲਣ ਦੇ ਦੌਰਾਨ ਵੀ ਦੋਸ਼ੀਆਂ ਵਲੋਂ ਕਈ ਤਰ੍ਹਾਂ ਦੇ ਅੜਿੱਕੇ ਪਾਏ ਜਾਂਦੇ ਹਨ। ਜਿਵੇਂ ਕਿ ਪੀੜਤ ਲੜਕੀ ਅਤੇ ਉਸ ਦੇ ਪਰਵਾਰ ਨੂੰ ਡਰਾਉਣਾ-ਧਮਕਾਉਣਾ ਅਤੇ ਇੱਥੋਂ ਤੱਕ ਕਿ ਕਤਲ ਤੱਕ ਕਰ ਦੇਣਾ। ਇਸ ਦੀ ਤਾਜਾ ਮਿਸਾਲ ਹੈ ਉਨਾਊ ਕੇਸ ਵਾਲੀ ਕੁੜੀ ਜਦੋਂ ਤਰੀਕ ਭੁਗਤਣ ਅਦਾਲਤ ਜਾ ਰਹੀ ਸੀ ਤਾਂ ਉਸ ਨੂੰ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ ਗਈ। 90% ਸੜ ਜਾਣ ਤੋਂ ਬਾਅਦ ਉਸ ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚ ਦਾਖਿਲ ਕਰਵਾਇਆ ਗਿਆ। ਜਿੱਥੇ ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦੀ ਹੋਈ ਪਰਲੋਕ ਸੁਧਾਰ ਗਈ। ਭਲਾ ਇਸ ਕੁੜੀ ਨੇ ਕਿਸੇ ਦਾ ਕੀ ਵਿਗਾੜਿਆ ਸੀ। ਜਿਸ ਨੂੰ ਏਨੀ ਤਕਲੀਫ ਝੱਲਣੀ ਪਈ।

ਇਸੇ ਤਰ੍ਹਾਂ ਹੈਦਰਾਬਾਦ ਦੀ ਵੈਟਰਨਰੀ ਡਾਕਟਰ ਕੁੜੀ ਨਾਲ ਵੀ ਸਮੂਹਕ ਜਬਰ ਜਨਾਹ ਕਰਕੇ ਉਸ ਦਾ ਕਤਲ ਕਰ ਦਿੱਤਾ ਗਿਆ ਅਤੇ ਉਸ ਦੀ ਮ੍ਰਿਤਕ ਦੇਹ ਉਪਰ ਪੈਟਰੋਲ ਪਾ ਕੇ ਉਸ ਨੂੰ ਸਾੜ ਦਿੱਤਾ ਗਿਆ। ਇਹੋ ਜਿਹੀ ਸਥਿਤੀ ਵਿੱਚ ਉਸ ਕੁੜੀ ਦੀ ਪੜ੍ਹਾਈ ਲਿਖਾਈ, ਉਸ ਦੀ ਸਿਆਣਪ ਉਸ ਦੀ ਬੁੱਧੀ ਭਲਾ ਕੀ ਕਰੇਗੀ? ਕੁਝ ਨਹੀਂ। ਬਸ ਉਹ ਇਕ ਬੇਬਸ ਲਾਸ਼ ਬਣ ਕੇ ਹੀ ਰਹਿ ਜਾਵੇਗੀ। ਭਾਵੇਂ ਇਸ ਕੇਸ ਦੇ ਦੋਸ਼ੀਆਂ ਦੀ ਪੁਲਿਸ ਮੁਕਾਬਲੇ ਵਿੱਚ ਮੌਤ ਹੋ ਗਈ ਹੈ ਅਤੇ ਪਰਵਾਰ ਤੇ ਸਾਰੇ ਦੇਸ਼ ਵਾਸੀਆਂ ਨੇ ਇਸ ਤੇ ਖੁਸ਼ੀ ਅਤੇ ਸੰਤੁਸ਼ਟੀ ਵੀ ਜਾਹਿਰ ਕੀਤੀ ਹੈ, ਪਰ ਇਹ ਗੱਲ ਵੀ ਏਨੀ ਸੱਚੀ ਹੈ ਕਿ ਮਾਪਿਆਂ ਦੀ ਧੀ ਮੁੜ ਕੇ ਵਾਪਿਸ ਨਹੀਂ ਆਉਣੀ ਜਿਸ ਨੂੰ ਉਨ੍ਹਾਂ ਨੇ ਚਾਵਾਂ ਤੇ ਲਾਡਾਂ ਨਾਲ ਪਾਲ ਪੋਸ ਕੇ ਵੱਡਿਆਂ ਕੀਤਾ ਤੇ ਪੜ੍ਹਾ ਲਿਖਾ ਕੇ ਡਾਕਟਰ ਬਣਾਇਆ। ਇਸੇ ਤਰ੍ਹਾਂ ਦੋਸ਼ੀ ਮੁੰਡਿਆਂ ਦੇ ਮਾਪੇ ਵੀ ਜੀਣ ਜੋਗੇ ਨਹੀਂ ਰਹੇ। ਉਨ੍ਹਾਂ ਨੂੰ ਵੀ ਸਾਰੀ ਉਮਰ ਨਮੋਸ਼ੀ ਅਤੇ ਸ਼ਰਮਿੰਦਗੀ ਦੀ ਜ਼ਿੰਦਗੀ ਬਤੀਤ ਕਰਨੀ ਪਵੇਗੀ।

ਇਹ ਦੋਵੇਂ ਮਿਸਾਲਾਂ ਤਾਂ ਤਾਜਾ ਹਨ। ਜਿਨ੍ਹਾਂ ਨੇ ਆਮ ਲੋਕਾਂ ਦੇ ਦਿਲਾਂ ਨੂੰ ਹਲੂਣ ਕੇ ਰੱਖ ਦਿੱਤਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਆਏ ਦਿਨ ਵਾਪਰਦੀਆਂ ਰਹਿੰਦੀਆਂ ਹਨ ਅਤੇ ਪੀੜਤ ਲੜਕੀਆਂ ਅਤੇ ਉਨ੍ਹਾਂ ਦੇ ਪਰਵਾਰ ਨਿਆਂ ਦੀ ਉਡੀਕ ਕਰਦੇ ਤੇ ਅਦਾਲਤਾਂ ਦੇ ਧੱਕੇ ਖਾਂਦੇ ਕਿੰਨੇ ਕਿੰਨੇ ਸਾਲ ਭਟਕਦੇ ਰਹਿੰਦੇ ਹਨ। ਸੱਤ ਸਾਲ ਪਹਿਲਾਂ ਦੇ ਨਿਰਭੈਆ ਕੇਸ ਦੇ ਦੋਸ਼ੀਆਂ ਨੂੰ ਅਜੇ ਤੱਕ ਵੀ ਸਜ਼ਾ ਨਹੀਂ ਮਿਲੀ। ਹੌਂਸਲਾ ਵੇਖੋ ਕਿ ਉਹਨਾਂ ਵਿੱਚੋਂ ਇਕ ਤਾਂ ਰਹਿਮ ਦੀ ਅਪੀਲ ਵੀ ਕਰ ਰਿਹਾ ਹੈ। ਅਸਲ ਵਿੱਚ ਇਹੋ ਜਿਹੇ ਸ਼ੈਤਾਨਾਂ ਵਾਸਤੇ ਰਹਿਮ ਦੀ ਅਪੀਲ ਵਰਗਾ ਕੋਈ ਵਿਕਲਪ ਹੀ ਨਹੀਂ ਹੋਣਾ ਚਾਹੀਦਾ ਅਤੇ ਦੋਸ਼ੀਆਂ ਨੂੰ ਝਟਪਟ ਸਜ਼ਾ ਦੇਣ ਦੀ ਵਿਵਸਥਾ ਹੋਣੀ ਚਾਹੀਦੀ ਹੈ ਤਾਂ ਜੋ ਪੀੜਤ ਲੜਕੀ ਜਾਂ ਉਸ ਦੇ ਪਰਵਾਰ ਨੂੰ ਹੋਰ ਤਸ਼ੱਦਦ ਦਾ ਸਾਹਮਣਾ ਨਾ ਕਰਨਾ ਪਵੇ।

ਇਕ ਆਮ ਵਿਅਕਤੀ ਹੋਣ ਦੇ ਨਾਤੇ ਵੀ ਸਾਡੇ ਕੁਝ ਫਰਜ਼ ਹਨ। ਪਹਿਲਾਂ ਤੇ ਮਾਪਿਆਂ ਨੂੰ ਕੁੜੀ ਮੁੰਡੇ ਵਿੱਚ ਵਿਤਕਰਾ ਕਰਨਾ ਬੰਦ ਕਰਨਾ ਚਾਹੀਦਾ ਹੈ। ਕੁੜੀਆਂ ਨੂੰ ਘਰ ਦੀ ਇੱਜ਼ਤ ਦਾ ਹਵਾਲਾ ਦੇ ਕੇ ਸਾਰੀਆਂ ਨਸੀਹਤਾਂ ਦਿੱਤੀਆਂ ਜਾਂਦੀਆਂ ਹਨ, ਪਰ ਆਮ

Sri Satguru Jagjit Singh Ji Elibrary NamdhariElibrary@gmail.com

ਤੌਰ ਤੇ ਮੁੰਡਿਆਂ ਨੂੰ ਇਸ ਤਰ੍ਹਾਂ ਦੀ ਕੋਈ ਵੀ ਨਸੀਹਤ ਨਹੀਂ ਦਿੱਤੀ ਜਾਂਦੀ। ਜੇਕਰ ਧੀ ਦੀ ਇੱਜ਼ਤ ਨਾਲ ਘਰ ਦੀ ਇੱਜ਼ਤ ਜੁੜੀ ਹੈ ਤਾਂ ਪੁੱਤਰਾਂ ਦੇ ਕੁਕਰਮ ਕਰਨ ਨਾਲ ਵੀ ਤਾਂ ਪਰਵਾਰ ਦੀ ਇੱਜ਼ਤ ਰੁਲ ਜਾਂਦੀ ਹੈ। ਇਸ ਲਈ ਮਾਪਿਆਂ ਨੂੰ ਮੁੰਡਿਆਂ ਨੂੰ ਵੀ ਚੰਗੇ ਸੰਸਕਾਰ ਦੇ ਕੇ ਕੁੜੀਆਂ ਦੀ ਇੱਜ਼ਤ ਕਰਨਾ ਸਿਖਾਉਣਾ ਚਾਹੀਦਾ ਹੈ। ਸਕੂਲਾਂ ਵਿੱਚ ਵੀ ਅਧਿਆਪਕਾਂ ਦਾ ਇਹ ਫਰਜ਼ ਹੈ ਕਿ ਪੱਖਪਾਤ ਛੱਡ ਕੇ ਕੁੜੀਆਂ ਮੁੰਡਿਆਂ ਨਾਲ ਇਕੋ ਜਿਹਾ ਵਿਵਹਾਰ ਕਰਨ ਤੇ ਉਨ੍ਹਾਂ ਨੂੰ ਨੈਤਿਕ ਸਿੱਖਿਆ ਦੇ ਕੇ ਚੰਗੇ ਨਾਗਰਿਕ ਬਨਾਉਣ। ਚੰਗੀ ਸੋਚ ਨਾਲ ਹੀ ਚੰਗੇ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਕਿਉਂਕਿ ਕੁੜੀਆਂ ਚਿੜੀਆਂ ਚਹਿਕਦੀਆਂ, ਮਹਿਕਦੀਆਂ, ਹੱਸਦੀਆਂ, ਖੇਡਦੀਆਂ ਹੀ ਚੰਗੀਆਂ ਲੱਗਦੀਆਂ ਹਨ। ਉਨ੍ਹਾਂ ਦੀਆਂ ਖੁਸ਼ੀਆਂ ਨਾਲ ਹੀ ਘਰ ਪਰਵਾਰ ਤੇ ਸਮਾਜ ਦੀਆਂ ਖੁਸ਼ੀਆਂ ਜੁੜੀਆਂ ਹਨ।

ਕੁਲ ਦੁਨੀਆਂ ਦੇ ਰਹਿਬਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਔਰਤਾਂ ਨੂੰ ਇੱਜ਼ਤ ਬਖਸ਼ਦੇ ਹੋਏ ਉੱਚਾਰਿਆ ਸੀ–

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।

ਜੇਕਰ ਇਸੇ ਤੁੱਕ ਨੂੰ ਹੀ ਮਨ ਵਿਚ ਧਾਰ ਲਿਆ ਜਾਵੇ ਤਾਂ ਬਹੁਤ ਹੱਦ ਤੱਕ ਸੁਧਾਰ ਹੋ ਸਕਦਾ ਹੈ।

ਰਜਵੰਤ ਕੌਰ

ਦਰਦ ਭਰੀ ਅਪੀਲ

- ਸਾਧੂ ਸਿੰਘ ਕਿਸਾਨ

ਭਾਰਤ ਦੇ ਮਹਾ ਮਹਿਮ ਰਾਸ਼ਟਰ ਪਤੀ ਜੀ !
ਲੋਕ ਰਾਜੀ ਭਾਰਤ ਦੇ ਪਰਧਾਨ ਮੰਤਰੀ ਜੀ !
ਸੁਪ੍ਰੀਮ ਕੋਰਟ ਦੇ ਮਾਨਨੀਆ ਚੀਫ਼ ਜਸਟਿਸ ਜੀ।

ਭਾਰਤ ਦੇ ਸਾਰੇ ਪ੍ਰਾਂਤਾਂ ਦੇ ਗਵਰਨਰ ਸਾਹਿਬਾਨ। ਪ੍ਰਾਂਤਕ ਮੁਖ ਮੰਤਰੀ ਜਨ। ਪ੍ਰਾਂਤਕ ਹਾਈ ਕੋਰਟਾਂ ਦੇ ਚੀਫ਼ ਜੱਜ ਸਾਹਿਬਾਨ। ਔਰਤਾਂ ਅਤੇ ਬੱਚਿਆਂ ਦੇ ਦਰਦ ਨੂੰ ਸ਼ਿੱਦਤ ਨਾਲ ਮਹਿਸੂਸ ਕਰਨ ਵਾਲੇ ਬੁੱਧੀ ਜੀਵੀ ਅਤੇ ਆਮ ਲੋਕਾਂ ਅੱਗੇ ਦਿਲ ਦੇ ਡੂੰਘੇ ਦਰਦ ਨਾਲ ਬਲਾਤਕਾਰ ਕਾਨੂੰਨ ਵਿਚ ਪਰਿਵਰਤਨ ਬਾਰੇ-ਪੁਰ ਜ਼ੋਰ ਬੇਨਤੀ ਕਰਦਾ ਹਾਂ।

ਜਦੋਂ ਤੋਂ ਮਾਨਵ ਸਮਾਜ ਹੋਂਦ ਵਿਚ ਆਇਆ ਹੈ, ਲੋੜ ਅਨੁਸਾਰ ਕਾਨੂੰਨਾਂ ਵਿਚ ਤਬਦੀਲੀ ਹੁੰਦੀ ਆਈ ਹੈ। ਕਤਲ-ਬਹੁਤੀ ਵਾਰੀ ਵਕਤੀ ਕ੍ਰੋਧ ਕਰਕੇ ਕੀਤੇ ਜਾਂਦੇ ਹਨ ਜਿਸ ਦੀ ਸਜ਼ਾ ਵੀ ਮੌਤ ਦੇ ਦਿੱਤੀ ਜਾਂਦੀ ਹੈ।

ਪਰ ਇਹ ਬਲਾਤਕਾਰ-ਫਿਰ ਕਤਲ, ਕਿਸੇ ਵਕਤੀ ਜਜ਼ਬੇ ਦਾ ਨਤੀਜਾ ਨਹੀਂ ਹੁੰਦੇ। ਇਹ ਤਾਂ ਨਾਰਮਲ ਦਿਮਾਗ਼ ਨਾਲ ਸੋਚ ਕੇ ਕੀਤਾ ਕੁਕਰਮ ਹੈ। ਇਸ ਵਾਸਤੇ ਇਸ ਦੀ ਸਜ਼ਾ ਦਾ ਨਿਰਨਾਂ ਕਰਨ ਵੇਲੇ, ਹੋਰ ਗੱਲਾਂ ਤੋਂ ਇਲਾਵਾ ਉਸ ਬੱਚੇ-ਉਸ ਇਸਤਰੀ ਦੀ, ਓਸ ਵੇਲੇ ਦੀ ਮਾਨਸਿਕ ਤੇ ਸਰੀਰਕ ਹਾਲਤ ਨੂੰ ਬੜੇ ਧਿਆਨ ਨਾਲ ਵਾਚ ਕੇ, ਫੈਸਲਾ ਕੀਤਾ ਜਾਣਾ ਚਾਹੀਦਾ ਹੈ। ਇਸ ਜੁਰਮ ਵਾਸਤੇ ਸਪੈਸ਼ਲ ਅਦਾਲਤਾਂ ਕਾਇਮ ਕਰਕੇ, ਇਸਤਰੀ ਮਰਦ-ਰਲਵੇਂ ਜੱਜ ਲਾਏ ਜਾਣ। ਜਿਹੜੇ ਸਾਲ-ਮਹੀਨੇ ਨਹੀਂ ਹਫ਼ਤਿਆਂ-ਦਿਨਾਂ ਵਿਚ ਫੈਸਲੇ ਕਰਨ ਦੇ ਪਾਬੰਦ ਹੋਣ।

ਜੇ ਜੁਰਮ ਕਰਨ ਵਾਲੇ, ਪਸ਼ੂਆਂ ਤੋਂ ਵੀ ਗਏ ਗੁਜ਼ਰੇ ਹੋ ਗਏ ਹਨ ਤਾਂ ਸਜ਼ਾ ਵਾਸਤੇ ਵੀ ਓਹੋ ਪੱਧਰ ਅਪਨਾਇਆਂ ਹੀ ਮੋੜਾ ਪੈ ਸਕਦਾ ਹੈ। ਮੈਨੂੰ ਪੱਕਾ ਯਕੀਨ ਹੈ ਜੇ ਜੁਰਮ ਵਰਗੀ ਸਜ਼ਾ (ਖਾਸ ਕਰ ਬਲਾਤਕਾਰ-ਕਤਲ) ਨਿਸਚਿਤ ਕੀਤੀ ਜਾਏ, ਤਾਂ ਇਸ ਕਰੂਰ ਕੁਕਰਮ ਨੂੰ ਠੱਲ ਪੈ ਸਕਦੀ ਹੈ।

ਮੈਂ ਤਾਂ ਪੂਰੇ ਜ਼ੋਰ ਨਾਲ ਕਹਿੰਦਾ ਹਾਂ, ਕਿ ਇਹੋ ਜਿਹੇ ਦੁਸ਼ਟ-ਕੁਕਰਮੀ ਨੂੰ ਬਹੁਤ ਜਲਦੀ ਕਸੂਰਵਾਰ ਮਿਥ ਕੇ, ਉਸ ਨਾਲ ਹੂਬਹੂ ਓਸੇ ਤਰ੍ਹਾਂ ਦਾ ਵਰਤਾ ਕਰਕੇ, ਬਾਅਦ ਵਿਚ ਓਸੇ ਤਰ੍ਹਾਂ ਮੌਤ ਦੇ ਘਾਟ ਉਤਾਰਿਆ ਜਾਏ।

Sri Satguru Jagjit Singh Ji Elibrary NamdhariElibrary@gmail.com

ਸ੍ਰ. ਹਰਭਜਨ ਸਿੰਘ ਨਾਮਧਾਰੀ ਔਰੰਗਾਬਾਦ ਵਾਲਿਆਂ ਨੂੰ ਸ਼ਰਧਾਂਜਲੀ

- ਰਜਵੰਤ ਕੌਰ

ਸਤਿਗੁਰੂ ਜੀ ਦੇ ਚਰਨਾਂ ਦੇ ਅਨਿਨ ਸੇਵਕ ਸ੍ਰ. ਹਰਭਜਨ ਸਿੰਘ ਜੀ ਔਰੰਗਾਬਾਦ ਵਾਲੇ ੧੧ ਨਵੰਬਰ ੨੦੧੯ ਦੀ ਸ਼ਾਮ ਨੂੰ ਆਪਣੀ ਜੀਵਨ ਯਾਤਰਾ ਸੰਪੂਰਨ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਆਪਣੇ ਸੁੰਦਰ ਜੀਵਨ ਸਫਰ ਦੌਰਾਨ ਉਹਨਾਂ ਨੂੰ ਕੋਈ ਸਰੀਰਕ ਤਕਲੀਫ ਨਹੀਂ ਸੀ, ਪਰ ਅਚਾਨਕ ਦਿਮਾਗ ਦੀ ਨਸ ਫੱਟ ਜਾਣ ਕਾਰਨ (Brain Hoemorrhage) ਉਹ ਬੇਹੋਸ਼ ਹੋ ਗਏ ਅਤੇ ਦੋ ਦਿਨ ਦੇ ਜੀਵਨ ਮੌਤ ਦੇ ਸੰਘਰਸ਼ ਤੋਂ ਬਾਅਦ ਆਪਣੇ ਪਿਆਰਿਆਂ ਨੂੰ ਅਲਵਿਦਾ ਕਹਿ ਗਏ। 17 ਨਵੰਬਰ 2019 ਨੂੰ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਉਨ੍ਹਾਂ ਦੇ ਨਮਿਤ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ ਅਤੇ ਅੰਤਿਮ ਅਰਦਾਸ ਹੋਈ।

ਸਤਿਗੁਰੂ ਉਦੈ ਸਿੰਘ ਜੀ ਨੇ ਸੰਤ ਜੀ ਦੇ ਭੋਗ ਦੇ ਸਮੇਂ ਉਹਨਾਂ ਦੀ ਸਿੱਖੀ ਦੀ ਸਲਾਹੁਣਾ ਕਰਦਿਆਂ ਉਪਦੇਸ਼ ਦਿੱਤਾ ਕਿ "ਉਹਨਾਂ ਨਾਲ ਇੱਕ ਸਾਂਝ ਬਣੀ ਹੋਈ ਸੀ, ਉਹ ਸੀ - ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰ ਦੀ ਸਾਂਝ। ਉਨ੍ਹਾਂ ਨੇ ਲਖਨਊ-ਔਰੰਗਾਬਾਦ ਸਫਲ ਸੰਗੀਤ ਸੰਮੇਲਨ ਕਰਵਾਏ ਕਿਉਂਕਿ ਉਹ ਇਸ ਤਰ੍ਹਾਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ। ਉਹ ਇੱਕ ਬਹੁਤ ਵੱਡੀ ਆਤਮਾ ਸਨ। ਉਹਨਾਂ ਦਾ ਦੁਨੀਆਂ ਤੇ ਆਉਣਾ ਲੇਖੇ ਲਗ ਗਿਆ।" ਸਤਿਗੁਰੂ ਜੀ ਨੇ ਸੰਤ ਜੀ ਦੇ ਪਰਵਾਰ ਨੂੰ ਵੀ ਉਹਨਾਂ ਦੇ ਪੂਰਨਿਆਂ ਤੇ ਚਲਦੇ ਹੋਏ ਸਿੱਖੀ ਕਾਇਮ ਰੱਖਣ ਅਤੇ ਸਾਧ ਸੰਗਤ ਦੀ ਦਿਲੋਂ ਸੇਵਾ ਕਰਨ ਦੀ ਤਾਕੀਦ ਕੀਤੀ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਆ।

ਸੰਤ ਜੀ ਸਤਿਗੁਰੂ ਜੀ ਦੇ ਬਹੁਤ ਹੀ ਸ਼ਰਧਾਵਾਨ ਸਿੱਖ ਸਨ। ਉਹ ਅਤਿ ਨਿਰਮਾਣ, ਸਾਧੂ ਸੁਭਾਅ ਵਾਲੇ ਇਕ ਸਫਲ ਕਾਰੋਬਾਰੀ ਸਨ। ਉਹਨਾਂ ਨੇ ਨਾਮਧਾਰੀ ਪੰਥ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕੀਤੀ। ਜਿੰਨੀ ਵੱਡੀ ਉਹਨਾਂ ਦੀ ਸਮਰੱਥਾ ਸੀ, ਓਨਾ ਵੱਡਾ ਹੀ ਉਹਨਾਂ ਦਾ ਦਿਲ ਸੀ। ਉਹ ਹਮੇਸ਼ਾ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਤਤਪਰ ਰਹਿੰਦੇ ਸਨ।

ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸੰਗੀਤ ਸੰਮੇਲਨ ਅਤੇ ਮੇਲੇ ਕਰਵਾਏ ਜੋ ਕਿ ਬਹੁਤ ਯਾਦਗਾਰੀ ਹਨ। ਹੁਣ ਵੀ ਇਸੇ ਸਾਲ ਜੂਨ ਜੁਲਾਈ ਵਿੱਚ ੪੭ ਦਿਨ ਹਵਨ ਯੱਗ, ਵਰਨੀਆਂ, ਆਸਾ ਦੀ ਵਾਰ ਦਾ ਕੀਰਤਨ, ਨਾਮ ਸਿਮਰਨ ਅਤੇ ਸ਼ਾਮ ਦੇ ਦੀਵਾਨਾਂ ਦਾ ਪ੍ਰਵਾਹ ਚਲਦਾ ਰਿਹਾ ਜਿਸ ਵਿਚ ਆਖਰੀ ਦਿਨ ਸਤਿਗੁਰੂ ਉਦੈ ਸਿੰਘ ਜੀ ਨੇ ਆਪ ਦਰਸ਼ਨ ਦੇ ਕੇ ਮੇਲੇ ਨੂੰ ਸੰਪੂਰਨ ਕੀਤਾ ਅਤੇ ਅਸ਼ੀਰਵਾਦ ਦਿੱਤਾ। ਇਹ ਹਵਨ ਯੱਗ ਉਹਨਾਂ ਨੇ ਮਰਾਠਵਾੜਾ ਦੇ ਇਲਾਕੇ ਵਿੱਚ ਚੰਗੀ ਬਰਸਾਤ ਦੀ ਕਾਮਨਾ ਵਾਸਤੇ ਕਰਵਾਏ। ਇਸੇ ਮੌਕੇ 'ਤੇ 'ਹਵਨ ਯੱਗ ਅਤੇ ਅੰਮ੍ਰਿਤ ਦੀ ਮਹਾਨਤਾ' ਤੇ ਇਕ ਲੇਖ ਉਹਨਾਂ ਮੈਨੂੰ ਭੇਜਿਆ। ਉਹਨਾਂ ਨਾਲ ਕੀਤੇ ਵਾਅਦੇ ਮੁਤਾਬਿਕ ਉਸ ਲੇਖ ਦਾ ਪੰਜਾਬੀ ਅਨੁਵਾਦ ਅਸੀਂ ਵਰਿਆਮ ਦੇ ਇਸ ਅੰਕ ਵਿੱਚ ਸ਼ਰਧਾਂਜਲੀ ਵਜੋਂ ਛਾਪ ਰਹੇ ਹਾਂ।

ਉਹ ਮੇਰੇ ਪਿਤਾਜੀ ਸ੍ਰ. ਜਗਦੀਸ਼ ਸਿੰਘ ਵਰਿਆਮ ਜੀ ਦੇ ਵੀ ਸੁਹਿਰਦ ਮਿੱਤਰ ਸਨ ਅਤੇ 'ਵਰਿਆਮ' ਦੇ ਵੀ ਪਰਮ ਸਨੇਹੀ ਅਤੇ ਸਹਿਯੋਗੀ ਸਨ। ਵਰਿਆਮ ਜੀ ਦੇ ਚਲੇ ਜਾਣ ਤੋਂ ਬਾਅਦ ਵੀ ਉਹਨਾਂ ਸਾਡੇ ਨਾਲ ਸੰਪਰਕ ਬਣਾਈ ਰੱਖਿਆ। ਸੰਤ ਜੀ ਦੇ ਚਲੇ ਜਾਣ ਦਾ ਵਿਸ਼ਵਾਸ ਨਹੀਂ ਹੋ ਰਿਹਾ ਕਿਉਂਕਿ ਇਸੇ ਅੱਸੂ ਦੇ ਮੇਲੇ 16 ਅਕਤੂਬਰ 2019 ਨੂੰ ਉਹ ਆਪ ਵਰਿਆਮ ਦੇ ਸਟਾਲ ਤੇ ਆਏ ਅਤੇ ਵਰਿਆਮ ਦੇ ਵਿਸ਼ੇਸ਼ ਅੰਕ ਦੀ ਵਧਾਈ ਦਿੱਤੀ। ਕਦੇ ਸੋਚਿਆ ਵੀ ਨਹੀਂ ਸੀ ਕਿ ਇਹ ਇਸ ਪਿਆਰੀ ਸ਼ਖਸੀਅਤ ਦੇ ਆਖਰੀ ਦਰਸ਼ਨ ਹੋਣਗੇ।

ਸੰਤ ਜੀ ਆਪਣੇ ਇਲਾਕੇ ਦੇ ਲੋਕਾਂ ਵਿਚ ਵੀ ਹਰਮਨ ਪਿਆਰੇ ਸਨ। ਲੋੜਵੰਦਾਂ ਦੀ ਮਦਦ ਅਤੇ ਸੇਵਾ ਕਰਨ ਵਿੱਚ ਉਹ ਖੁਸ਼ ਰਹਿੰਦੇ ਸਨ। ਉਹਨਾਂ ਦੇ ਇਸ ਤਰ੍ਹਾਂ ਅਚਾਨਕ ਚਲੇ ਜਾਣ ਨਾਲ ਪਰਵਾਰ ਨੂੰ ਤੇ ਘਾਟਾ ਪਿਆ ਹੀ ਹੈ, ਸਮਾਜ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਹੈ ਕਿਉਂਕਿ ਸਮਾਜ ਹੀ ਉਹਨਾਂ ਦਾ ਪਰਵਾਰ ਸੀ।

ਅਦਾਰਾ ਵਰਿਆਮ ਉਹਨਾਂ ਦੇ ਅਕਾਲ ਚਲਾਣਾ ਕਰਨ ਤੇ ਬੇਹਦ ਅਫਸੋਸ ਪ੍ਰਗਟ ਕਰਦਾ ਹੈ ਅਤੇ ਅਰਦਾਸ ਕਰਦਾ ਹੈ ਕਿ ਸੱਚੇ ਪਾਤਸ਼ਾਹ ਜੀ ਉਹਨਾਂ ਦੀ ਰੂਹ ਨੂੰ ਸ਼ਾਂਤੀ ਅਤੇ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

Sri Satguru Jagjit Singh Ji Elibrary NamdhariElibrary@gmail.com

ਕੁਛ ਯਾਦ ਉਨ੍ਹੇਂ ਭੀ ਕਰ ਲੋ

- ਸ੍ਰ. ਜਗਦੀਸ਼ ਸਿੰਘ ਵਰਿਆਮ

ਪਿਛਲੇ ਸਾਲ ਜਲੰਧਰ ਤੇ ਬਰਲਟਨ ਪਾਰਕ ਵਿਚ ਭਾਰਤ ਦੇ ਗੀਤ ਤੇ ਨਾਟ ਵਿਭਾਗ ਵਲੋਂ ਕਰਨਲ ਗੁਪਤੇ ਦੇ ਨਿਰਦੇਸ਼ਨ ਹੇਠ, ਧੁਨੀ ਤੇ ਪ੍ਰਕਾਸ਼ ਦੁਆਰਾ 'ਬੜ੍ਹਤੇ ਕਦਮ' ਡਰਾਮਾ ਖੇਡਿਆ ਗਿਆ। ਉਸਦੇ ਉਦਘਾਟਨੀ ਸ਼ੋਅ ਸਮੇਂ ਨਾਮਧਾਰੀਆਂ ਦਾ ਤੋਪਾਂ ਸਾਹਮਣੇ ਉਡਾਏ ਜਾਣ ਦਾ ਸੀਨ ਵੇਖ ਕੇ ਜਲੰਧਰ ਦੇ ਇਕ ਉੱਘੇ ਨੇਤਾ ਨੇ ਆਪਣੇ ਨਾਲ ਬੈਠੇ ਹੋਏ ਇਕ ਵਿਖਆਤ ਅਖਬਾਰ ਨਵੀਸ ਨੂੰ ਹੈਰਾਨੀ ਨਾਲ ਪੱਛਿਆ ਕਿ, ਕੀ ਠੀਕ ਨਾਮਧਾਰੀਆਂ ਨੇ ਏਨੇ ਤਸੀਹੇ ਝੱਲੇ ਹਨ?

ਉਸ ਅਖਬਾਰ ਨਵੀਸ ਨੇ ਇਸ ਗਲ ਦੀ ਪ੍ਰੋੜਤਾ ਕੀਤੀ ਤਾਂ ਉਸ ਨੇਤਾ ਦੀ ਹੈਰਾਨੀ ਹੋਰ ਵੀ ਵਧੀ ਕਿ ਉਸ ਨੂੰ ਇਸ ਗੱਲ ਦਾ ਅੱਗੇ ਕਿਉਂ ਨਹੀਂ ਸੀ ਪਤਾ। ਉਸ ਨੇਤਾ ਤੋਂ ਇਲਾਵਾ ਹੋਰ ਵੀ ਲੱਖਾਂ ਲੋਕਾਂ ਨੂੰ ਇਹ ਪਹਿਲੀ ਵਾਰ ਪਤਾ ਲਗਾ ਕਿ ਅੰਗਰੇਜ਼ ਦੇ ਵਿਰੁੱਧ ਮੁਕਾਬਲੇ ਹੀ ਹਕੂਮਤ ਖੜ੍ਹੀ ਕਰਨ ਵਾਲੇ, ਸਭ ਤੋਂ ਪਹਿਲਾਂ ਸੁਦੇਸ਼ੀ ਦਾ ਪਚਰਾਰ ਕਰਨ ਵਾਲੇ, ਅੰਗਰੇਜ਼ ਦੇ ਵਪਾਰ, ਰੇਲ ਗੱਡੀ, ਨਹਿਰਾਂ, ਡਾਕਖਾਨੇ ਅਤੇ ਕਚਹਿਰੀਆਂ ਦੀ ਸਫਲਤਾ ਨਾਲ ਬਾਈਕਾਟ ਕਰਨ ਵਾਲੇ ਅਤੇ ਆਜ਼ਾਦੀ ਸੰਗਰਾਮ ਵਿਚ ਤੋਪਾਂ ਨਾਲ ਉਡ ਕੇ ਆਪਣੀ ਆਹੁਤੀ ਪਾਉਣ ਵਾਲੇ ਨਾਮਧਾਰੀ ਜਾਂ ਕੂਕੇ ਹੀ ਸਨ ਅਤੇ ਇਸ ਸਭ ਕਾਸੇ ਦਾ ਮੂਲ ਸ੍ਰੋਤ ਸਤਿਗੁਰੂ ਰਾਮ ਸਿੰਘ ਸਨ।

ਅਸਲ ਵਿਚ ਇਤਿਹਾਸ ਬਾਰੇ ਨਾ ਜਾਣਕਾਰੀ ਦਾ ਕਸੂਰ ਉਸ ਨੇਤਾ ਦਾ ਨਹੀਂ ਸੀ ਸਗੋਂ ਅਜੇ ਤਕ ਇਸ ਅੰਦੋਲਨ ਦੀ ਮਹੱਤਤਾ ਨੂੰ ਪਛਾਣਿਆ ਹੀ ਨਹੀਂ ਗਿਆ। ਜੇ ਪਛਾਣਿਆ ਗਿਆ ਹੈ ਤਾਂ ਇਸ ਦਾ ਪਰਚਾਰ ਸੀਮਤ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਅੰਦੋਲਨ ਸਮੁੱਚੇ ਭਾਰਤ ਦੀ ਬੰਦ ਖਲਾਸ ਵਾਸਤੇ ਸੀ। ਤਾਹੀਓਂ ਤਾਂ ਉਹਨਾਂ ਦੇਸ਼ ਨੂੰ 22 ਸੂਬੇਦਾਰੀਆਂ ਵਿਚ ਵੰਡਿਆ, ਸੁਦੇਸ਼ੀ ਅਤੇ ਨਾ ਮਿਲਵਰਤਨ ਦਾ ਹਥਿਆਰ ਏਜਾਦ ਕੀਤਾ, ਰੂਸ, ਨੇਪਾਲ, ਅਫਗਾਨਿਸਤਾਨ ਅਤੇ ਰਿਆਸਤ ਕਸ਼ਮੀਰ ਨਾਲ ਸੰਬੰਧ ਕਾਇਮ ਕੀਤੇ ਅਤੇ ਮਹਾਰਾਜਾ ਦਲੀਪ ਸਿੰਘ ਤਕ ਵੀ ਸੰਪਰਕ ਕਾਇਮ ਕੀਤਾ। ਉਹਨਾਂ ਦੇ ਪੈਰੋਕਾਰਾਂ ਨੇ ਫਾਂਸੀਆਂ, ਤੋਪਾਂ, ਕਾਲੇ ਪਾਣੀਆਂ, ਦੇਸ਼ ਨਕਾਲੇ, ਕੈਦਾਂ, ਜੁਰਮਾਨੇ ਅਤੇ ਕੁਰਕੀਆਂ ਦੇ ਤਸੀਹੇ ਝੱਲੇ। ਪੂਰੇ ਪੰਜਾਹ ਸਾਲ ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗੇ ਪੁਲੀਸ ਦੀ ਸਪੈਸ਼ਲ ਚੌਂਕੀ ਬੈਠੀ ਰਹੀ ਜਿਸ ਵਿਚ ਚੁਣ ਕੇ ਨਿਰਦਈ ਸਿਪਾਹੀ ਰਖੇ ਜਾਂਦੇ ਰਹੇ। ਪਰ ਇਹਨਾਂ ਮਹਾਨ ਕੁਰਬਾਨੀਆਂ ਦਾ ਇਤਿਹਾਸ ਜਨਤਾ ਸਾਹਮਣੇ ਜ਼ਿਆਦਾ ਸ਼ਿੱਦਤ ਨਾਲ ਨਹੀਂ ਆ ਸਕਿਆ। ਇਸ ਦੇ ਕੁਝ ਕਾਰਨ ਹਨ।

ਪਹਿਲਾ ਕਾਰਨ ਤਾਂ ਇਹ ਹੈ ਕਿ ਉਸ ਸਮੇਂ ਪ੍ਰਚਾਰ ਅਤੇ ਪ੍ਰਸਾਰ ਦੇ ਇਨੇ ਵਿਗਿਆਨਕ ਸਾਧਨ ਨਹੀਂ ਸਨ ਅਤੇ ਨਾ ਹੀ ਲੋਕਾਂ ਵਿਚ ਅਜ ਵਰਗੀ ਰਾਜਸੀ ਚੇਤਨਤਾ ਸੀ। ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਅਤੇ ਮੋਰਿੰਡੇ ਨਾਮਧਾਰੀਆਂ ਨੂੰ ਫਾਂਸੀ ਦੇਣ ਪਿਛੋਂ ਮਲੇਰਕੋਟਲੇ ਵਿਚ ਅਪਣੇ ਸਮੇਂ ਦਾ ਸਭ ਤੋਂ ਦਰਦਨਾਕ ਨਰ-ਸੰਘਾਰ ਹੋਇਆ। ਹਿੰਦੁਸਤਾਨ ਵਿਚ ਸਤਿਗੁਰੂ ਰਾਮ ਸਿੰਘ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੂੰ 1818 ਦੇ ਐਕਟ III ਦੇ ਕਾਲੇ ਕਾਨੂੰਨ ਅਧੀਨ ਬਗੈਰ ਮੁਕੱਦਮਾ ਚਲਾਇਆਂ, ਬਗੈਰ ਜੁਰਮ ਦੱਸਿਆਂ ਅਤੇ ਬਗੈਰ ਦੋਸ਼ ਸਾਬਤ ਕੀਤਿਆਂ ਜਲਾਵਤਨ ਕੀਤਾ ਗਿਆ। ਪਰ ਇਸ ਸਾਰੇ ਕਾਸੇ ਦੀ ਓਨੀ ਪਬਲਿਸਿਟੀ ਨਹੀਂ ਹੋ ਸਕੀ ਜਿੰਨੀ ਕੁ ਵੀਹਵੀਂ ਸਦੀ ਵਿੱਚ ਜਲਿਆਂ ਵਾਲੇ ਬਾਗ਼ ਨੂੰ ਮਿਲੀ ਹੈ। ਭਾਵੇਂ ਇਸ ਕਾਂਡ ਦਾ ਉਸ ਸਮੇਂ ਦੀਆਂ ਅੰਗ੍ਰੇਜ਼ੀ ਅਖ਼ਬਾਰਾਂ ਨੇ ਵੀ ਜ਼ਿਕਰ ਕੀਤਾ ਅਤੇ ਇੰਗਲੈਂਡ ਦੀ ਪਾਰਲੀਮੈਂਟ ਵਿਚ ਵੀ ਇਸ ਦਾ ਜ਼ਿਕਰ ਆਇਆ ਪਰ ਪੰਜਾਬ ਤੋਂ ਬਾਹਰ ਆਮ ਜਨਤਾ ਨੂੰ ਇਸ ਦਾ ਬਹੁਤਾ ਪਤਾ ਨਾ ਲਗਾ। ਅੰਗ੍ਰੇਜ਼ ਦੀ ਪਾਲਿਸੀ ਵੀ ਇਹ ਹੀ

Sri Satguru Jagjit Singh Ji Elibrary NamdhariElibrary@gmail.com

ਸੀ ਕਿ ਇਸ ਗੱਲ ਨੂੰ ਏਨਾ ਦਬਾ ਕੇ ਰਖਿਆ ਜਾਵੇ ਕਿ ਲੋਕ ਭੁੱਲ ਹੀ ਜਾਣ।

ਇਸ ਸਾਰੇ ਇਤਿਹਾਸ ਨੂੰ ਦੋ ਹੀ ਪਾਰਟੀਆਂ ਜ਼ਿਆਦਾ ਜਾਣ ਸਕਦੀਆਂ ਸਨ, ਇਕ ਤਾਂ ਕੂਕੇ ਦੂਸਰੇ ਅੰਗ੍ਰੇਜ਼। ਕੂਕਿਆਂ ਨੇ ਯਥਾ ਸ਼ਕਤ ਜੋ ਇਤਿਹਾਸ ਲਿਖਿਆ ਪਹਿਲਾਂ ਤਾਂ ਉਹ ਹੀ ਲੋਕਾਂ ਸਾਹਮਣੇ ਆਇਆ। ਅੰਗ੍ਰੇਜ਼ਾਂ ਦਾ ਪੱਖ ਤਾਂ ਆਜ਼ਾਦੀ ਦੀ ਪ੍ਰਾਪਤੀ ਪਿਛੋਂ ਹੀ ਇਤਿਹਾਸਕਾਰ, ਨੈਸ਼ਨਲ ਆਰਕਾਈਵਜ਼ ਦੀਆਂ ਫਾਈਲਾਂ ਵਿਚੋਂ ਲਭ ਸਕੇ ਹਨ। ਕੂਕਿਆਂ ਨੇ ਚੂੰਕਿ ਅੰਗ੍ਰੇਜ਼ੀ ਸਕੂਲਾਂ ਅਤੇ ਨੌਕਰੀਆਂ ਦਾ ਬਾਈਕਾਟ ਕਰ ਰਖਿਆ ਸੀ ਇਸ ਵਾਸਤੇ ਨਾ ਤਾਂ ਉਨ੍ਹਾਂ ਅੰਗ੍ਰੇਜ਼ੀ ਤਰਜ਼ ਦੀ ਉੱਚੀ ਵਿਦਿਆ ਲਈ ਅਤੇ ਨਾ ਹੀ ਵੱਡੀਆਂ ਵੱਡੀਆਂ (ਅਤੇ ਛੋਟੀਆਂ ਵੀ) ਨੌਕਰੀਆਂ ਪ੍ਰਾਪਤ ਕੀਤੀਆਂ ਜਿਸ ਦੇ ਫਲਸਰੂਪ ਇਹਨਾਂ ਦਾ ਪ੍ਰਚਾਰ ਸੀਮਤ ਹਦ ਤਕ ਹੀ ਰਿਹਾ। ਜੋ ਕੁਝ ਲਿਖਿਆ ਗਿਆ ਉਸ ਤੇ ਵੀ ਅੰਗ੍ਰੇਜ਼ ਵਲੋਂ ਪਾਬੰਦੀਆਂ ਲਗਦੀਆਂ ਰਹੀਆਂ ਅਤੇ 'ਸਤਿਜੁਗ' ਅਖ਼ਬਾਰ ਦੇ ਇਨਕਲਾਬੀ ਬਸੰਤ ਨੰਬਰ ਜ਼ਬਤ ਹੁੰਦੇ ਰਹੇ। ਦੂਜੇ ਲਿਖਾਰੀ ਉਸ ਸਿੱਖ ਸ਼੍ਰੇਣੀ ਵਿਚੋਂ ਸਨ ਜਿਨ੍ਹਾਂ ਦਾ ਸੰਬੰਧ ਅੰਗ੍ਰੇਜ਼-ਪ੍ਰਸਤ ਰਜਵਾੜਿਆਂ, ਰਈਸਾਂ, ਜਗੀਰਦਾਰਾਂ, ਸਰਦਾਰਾਂ ਅਤੇ ਪੁਜਾਰੀਆਂ ਨਾਲ ਸੀ ਅਤੇ ਜੋਹੜੀ ਸ਼੍ਰੇਣੀ ਦੇਸ਼ ਭਗਤਾਂ ਤੇ ਹੁੰਦੇ ਹਰ ਜ਼ੁਲਮ ਵਿਚ ਅੰਗ੍ਰੇਜ਼ ਦੀ ਭਾਈਵਾਲ ਹੁੰਦੀ ਸੀ। ਇਸ ਸ਼੍ਰੇਣੀ ਨੇ ਕੇਵਲ ਗੁਰੂ ਰਾਮ ਸਿੰਘ ਤੇ ਕੂਕਿਆਂ ਦੀ ਨਖੇਧੀ ਹੀ ਨਹੀਂ ਕੀਤੀ ਸਗੋਂ ਮਹਾਰਾਜਾ ਦਲੀਪ ਸਿੰਘ ਨੂੰ ਵੀ ਕੋਸਿਆ ਸੀ। ਇਸ ਸ਼੍ਰੇਣੀ ਦੇ ਬੰਦੇ ਅੰਗਰੇਜ਼ੀ ਤਾਲੀਮ ਪੜ੍ਹ ਕੇ ਉਹਨਾਂ ਦੀ ਮੇਹਰਬਾਨੀ ਸਦਕਾ ਉਚਤਮ ਪਦਵੀਆਂ ਤੇ ਵੀ ਜਾ ਬਿਰਾਜੇ। ਚੂੰਕਿ ਕੂਕਿਆਂ ਨੂੰ ਨਫਰਤ ਕਰਨਾ ਉਹਨਾਂ ਦੇ ਹਿਤਾਂ ਵਿਚ ਸੀ ਇਸ ਲਈ ਕੂਕਾ ਇਤਿਹਾਸ ਲਿਖਣ ਲਗਿਆਂ ਇਹਨਾਂ ਸਜਨਾਂ ਦਾ ਦ੍ਰਿਸ਼ਟੀਕੋਣ ਉਲਾਰ ਹੁੰਦਾ। ਅੰਗਰੇਜ਼ ਦੇ ਵੇਲੇ ਤਾਂ ਇਹ ਕੂਕਿਆਂ ਨੂੰ ਭੰਡਦੇ ਰਹੇ ਕਿ ਇਹ ਲਹਿਰ ਧਾਰਮਕ ਨਹੀਂ, ਰਾਜਨੀਤਕ ਹੈ। ਇਸ ਲਈ ਇਸ ਨਾਲ ਸਖਤੀ ਵਰਤਣੀ ਯੋਗ ਹੈ ਪਰ ਜਦੋਂ ਦੇਸ਼ ਅਜ਼ਾਦ ਹੋਇਆ ਅਤੇ ਪੁਰਾਣੇ ਅੰਗਰੇਜ਼ ਵਿਰੋਧੀ ਤੱਤਾਂ ਅਤੇ ਲਹਿਰਾਂ ਨੂੰ ਸਨਮਾਨਿਆਂ ਜਾਣ ਲਗਾ ਤਾਂ ਇਹਨਾਂ ਨੇ ਸਾਰਾ ਤਾਣ ਇਸੇ ਗੱਲ ਨੂੰ ਸਾਬਤ ਕਰਨ ਲਈ ਲਾਇਆ ਕਿ "ਕੂਕਿਆਂ ਦਾ ਕੋਈ ਰਾਜਸੀ ਪਰੋਗਰਾਮ ਨਹੀਂ ਸੀ ਉਹ ਤਾਂ ਧਾਰਮਕ ਜਗਿਆਸੀ ਅਭਿਆਸੀ ਲਹਿਰ ਸੀ। ਕੂਕਿਆਂ ਤੇ ਸਖਤੀ ਤਾਂ ਇਕ ਅੰਗਰੇਜ਼ ਅਫਸਰ ਦੇ ਐਵੇਂ ਹੀ ਡਰ ਜਾਣ ਕਰ ਕੇ ਹੋ ਗਈ। ਕੂਕੇ ਤਾਂ ਗਊਆਂ ਦੀ ਭਗਤੀ 'ਚ ਲਗੇ ਰਹੇ। ਇਹ ਬ੍ਰਾਹਮਣੀ ਪ੍ਰਭਾਵ ਥਲੇ ਸਨ" ਇਤਿਆਦਕ ਗੱਲਾਂ ਕਰਦੇ ਅਤੇ ਲਿਖਦੇ ਰਹੇ ਹਨ ਅਤੇ ਇਹਨਾਂ ਨੇ ਸਾਰੀ ਤਸਵੀਰ ਹੀ ਧੁੰਦਲੀ ਕਰਨ ਦਾ ਯਤਨ ਕੀਤਾ ਹੈ। ਰੂਹਾਨੀਅਤ, ਦੇਸ਼ ਭਗਤੀ, ਗਊ ਤੇ ਗਰੀਬ ਦੀ ਰਖਿਆ ਸਿੱਖ ਧਰਮ ਦਾ ਪਰਮੁਖ ਅੰਗ ਰਿਹਾ ਹੈ ਅਤੇ ਜੇ ਨਾਮਧਾਰੀ ਇਸੇ ਰਾਹ ਦੇ ਪੱਕੇ ਧਾਰਨੀ ਰਹੇ ਹਨ ਤਾਂ ਇਸ ਵਿਚ ਭੁਲੇਖੇ ਵਾਲੀ ਕੇਹੜੀ ਗਲ ਹੈ? ਜਿਸ ਤਰਕ ਨਾਲ ਕੂਕਿਆਂ ਨੂੰ ਗਊ ਭਗਤ ਸਾਬਤ ਕੀਤਾ ਜਾਂਦਾ ਹੈ ਉਸੇ ਤਰਕ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਤਿਲਕ ਤੇ ਜੰਞੂ ਭਗਤ ਸਾਬਤ ਕੀਤਾ ਜਾ ਸਕਦਾ ਹੈ ਪਰ ਇਤਿਹਾਸ ਇਤਿਹਾਸ ਹੀ ਹੈ। ਕਿਸੇ ਘਟਨਾ ਨੂੰ ਕੋਈ ਕਿਤਨਾ ਵੀ ਛੁਟਿਆਉਣ ਦਾ ਯਤਨ ਕਰੇ ਇਕ ਦਿਨ ਤਾਂ ਅਸਲੀਅਤ ਪਰਗਟ ਹੋ ਹੀ ਜਾਂਦੀ ਹੈ।

ਹੁਣ ਜੋ ਅੰਗਰੇਜ਼ ਹਕੂਮਤ ਵੇਲੇ ਦੇ ਖ਼ੁਫੀਆ ਕਾਗਜ਼ਾਤ ਪ੍ਰਕਾਸ਼ਤ ਹੋਏ ਹਨ ਅਤੇ ਹੋ ਰਹੇ ਹਨ ਉਹਨਾਂ ਤੋਂ ਚੰਗੀ ਤਰ੍ਹਾਂ ਪਤਾ ਲਗਦਾ ਹੈ ਕਿ ਅੰਗਰੇਜ਼ ਹਕੂਮਤ ਨੇ ਕਿਉਂ ਏਡਾ ਜਬਰ ਕੀਤਾ। ਉਹ ਨਾਮਧਾਰੀਆਂ ਦੇ ਧਾਰਮਕ ਪਰੋਗਰਾਮਾਂ, ਡਸਿਪਲਿਨ ਵਿਚ ਇਕੱਠੇ ਹੋਣਾ ਅਤੇ ਚਲਣਾ, ਦੇਸ਼ ਨੂੰ 22 ਸੂਬਿਆਂ ਵਿਚ ਵੰਡਣਾ, ਰੂਸ, ਨੇਪਾਲ, ਕਸ਼ਮੀਰ ਵਲ ਦੂਤ ਭੇਜਣੇ, ਅੰਗਰੇਜ਼ੀ ਹਕੂਮਤ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ, ਗਊ ਕਸ਼ੀ ਦੇ ਵਿਰੁੱਧ ਪਰਚਾਰ ਕਰਨਾ ਅਤੇ ਬੁੱਚੜ ਖਾਨਿਆਂ ਤੇ ਹਮਲੇ ਨੂੰ ਸਿੱਧਾ ਅੰਗਰੇਜ਼ੀ ਹਕੂਮਤ ਵਿਰੁੱਧ ਬਗਾਵਤ ਸਮਝਦਾ ਸੀ। ਇਸ ਗੱਲ ਦੇ ਸਬੂਤ ਮੌਜੂਦ ਹਨ ਕਿ ਗੁਰੂ ਰਾਮ ਸਿੰਘ ਜੀ ਦੀ ਚੜ੍ਹਤ ਨੂੰ ਅੰਗਰੇਜ਼, ਮੁਗਲਾਂ ਵਿਰੁਧ ਗੁਰੂ ਗੋਬਿੰਦ ਸਿੰਘ ਦੀ ਚੜ੍ਹਤ ਵਾਂਗ ਵੇਖਦਾ ਸੀ ਅਤੇ ਗੁਰੂ ਰਾਮ ਸਿੰਘ ਦੇ ਆਲੇ ਦੁਆਲੇ ਆਦਮੀ ਅਤੇ ਧਨ ਇਕੱਠਾ ਹੁੰਦਾ ਵੇਖ ਕੇ ਉਹ ਗੁਰੂ ਗੋਬਿੰਦ ਸਿੰਘ ਨਾਲ ਤਸ਼ਬੀਹ ਦਿੰਦਾ ਸੀ। ਖ਼ੁਫੀਆਂ ਲਿਖਤਾਂ ਤੇ ਚਿੱਠੀਆਂ ਤੋਂ ਭਲੀ ਭਾਂਤ ਸਾਬਤ ਹੋ ਜਾਂਦਾ ਹੈ ਕਿ ਅੰਗਰੇਜ਼, ਗੁਰੂ ਰਾਮ ਸਿੰਘ ਜਾਂ ਉਹਨਾਂ ਦੇ ਮੁਖੀ ਸੂਬਿਆਂ ਤੇ ਖੁਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਉਣ ਤੋਂ ਕਿਉਂ ਘਬਰਾਉਂਦਾ ਸੀ। ਅੰਗਰੇਜ਼ਾਂ ਦਾ ਇਹ ਮੰਤਵ ਸੀ ਕਿ ਜੇ ਖੁਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ ਤਾਂ ਦੇਸ਼ ਵਿੱਚ ਇਸ ਸਾਰੇ ਘਟਨਾ ਚੱਕਰ ਦਾ ਮੁੜ ਤੋਂ ਜ਼ਿਕਰ ਹੋਣ ਲਗ ਪਵੇਗਾ ਅਤੇ ਲੋਕਾਂ ਵਿੱਚ ਰੋਹ ਜਾਗ ਪਵੇਗਾ। ਮੁਕੱਦਮਾ ਜਿੱਤਣਾ ਤਾਂ ਇਕ ਪਾਸੇ ਰਿਹਾ ਸਗੋਂ ਬਗਾਵਤ ਦਾ ਹੋਰ ਖਤਰਾ ਪੈਦਾ ਹੋ ਜਾਏਗਾ।

ਅਜਿਹੀਆਂ ਅਕੱਟ ਸ਼ਹਾਦਤਾਂ ਦੇ ਹੁੰਦਿਆਂ ਕੁਝ ਇਤਿਹਾਸਕਾਰਾਂ ਅਤੇ ਲੇਖਕਾਂ ਵਲੋਂ ਫੈਲਾਇਆ ਧੁੰਦੂਕਾਰਾ ਜ਼ਿਆਦਾ ਦੇਰ ਨਹੀਂ ਚਲ ਸਕਦਾ ਅਤੇ ਹੁਣ ਜ਼ਰੂਰ ਹੀ ਅਸਲੀਅਤ ਦੁਨੀਆਂ ਸਾਹਮਣੇ ਆ ਕੇ ਰਹੇਗੀ।

Sri Satguru Jagjit Singh Ji Elibrary NamdhariElibrary@gmail.com

ਦੇਸ਼ ਦੇ ਸ਼ਹੀਦਾਂ, ਨਾਇਕਾਂ ਅਤੇ ਦੇਸ਼ ਭਗਤਾਂ ਨੂੰ ਬਾਰ ਬਾਰ ਇਸੇ ਲਈ ਯਾਦ ਕੀਤਾ ਜਾਂਦਾ ਹੈ ਤਾਂ ਕਿ ਉਹਨਾਂ ਦੀ ਘਾਲਨਾ ਕੌਮ ਦਾ ਰਾਹ ਰੁਸ਼ਨਾਂਦੀ ਰਹੇ। ਜਿਨਾਂ ਅਸੀਂ ਉਹਨਾਂ ਨੂੰ ਯਾਦ ਕਰਾਂਗੇ ਅਤੇ ਜਿਨੇ ਵੀ ਤਰੀਕਿਆਂ ਨਾਲ ਯਾਦ ਕਰਾਂਗੇ, ਉਹਨਾਂ ਦੀਆਂ ਮਹਾਨ ਕੁਰਬਾਨੀਆਂ ਸਾਡੀਆਂ ਆਤਮਾਵਾਂ ਨੂੰ ਪਰੇਰਤ ਕਰਦੀਆਂ ਰਹਿਣਗੀਆਂ। ਇਸ ਲਈ ਇਹਨਾਂ ਮਰਜੀਵੜਿਆਂ ਦੀਆਂ ਯਾਦਾਂ ਕਾਇਮ ਰਖਣੀਆਂ ਸਮੂਚੇ ਦੇਸ਼ ਵਾਸੀਆਂ ਦਾ ਫਰਜ਼ ਹੈ।

ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਪੰਜਾਬ ਦੇ ਵਰਤਮਾਨ ਮੁਖ ਮੰਤਰੀ ਗਿਆਨੀ ਜੈਲ ਸਿੰਘ ਜੀ ਨੇ ਦੇਸ਼ ਭਗਤਾਂ ਦੀਆਂ ਯਾਦਾਂ ਕਾਇਮ ਰਖਣ ਅਤੇ ਸਨਮਾਨਿਤ ਕਰਨ ਵਿਚ ਬਹੁਤ ਸਲਾਹੁਣ ਯੋਗ ਕੰਮ ਕੀਤਾ ਹੈ। ਗੁਰੂ ਗੋਬਿੰਦ ਸਿੰਘ ਮਾਰਗ ਬਨਾਉਣਾ, ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਵਲੈਤੋਂ ਮੰਗਵਾਉਣੀਆਂ, ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਮ ਤੇ ਨਗਰ ਦਾ ਨਾਮ ਰਖਣਾ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੀਸਰੀ ਸ਼ਤਾਬਦੀ ਸਰਕਾਰੀ ਪੱਧਰ ਤੇ ਪੂਰੇ ਸ਼ਾਨ ਤੇ ਸਤਿਕਾਰ ਨਾਲ ਮਨਾਉਣੀ, ਸ: ਭਗਤ ਸਿੰਘ ਦੀ ਮਾਤਾ ਨੂੰ ਪੰਜਾਬ ਮਾਤਾ ਦਾ ਖਤਾਬ, ਕਾਰ ਅਤੇ ਮਹਾਵਾਰੀ ਭੇਟਾ ਦੇਣਾ, ਲਾਲਾ ਲਾਜਪਤ ਰਾਏ ਜੀ ਦੇ ਵਾਰਸਾਂ ਨੂੰ ਸਨਮਾਨਤ ਕਰਨਾ ਅਤੇ ਦੇਸ਼ ਦੇ ਅਨੇਕਾਂ ਹੋਰ ਸੁਤੰਤਰਤਾ ਸੰਗਰਾਮੀਆਂ ਦੀਆਂ ਸਿਮ੍ਰਤੀਆਂ ਕਾਇਮ ਕਰਨੀਆਂ, ਇਸ ਤੋਂ ਇਲਾਵਾ ਜ਼ਿੰਦਗੀ ਦੇ ਹੋਰ ਖੇਤਰਾਂ ਵਿਚ ਵੀ ਪੰਜਾਬ ਅਤੇ ਦੇਸ਼ ਦਾ ਨਾਮ ਉੱਚਾ ਕਰਨ ਲਈ ਅਨੇਕਾਂ ਹੀ ਯਤਨ ਕਰਨੇ ਅਤੇ ਹੁਣੇ ਹੁਣੇ ਕਾਂਗਰਸ ਸਮਾਗਮ ਦੇ ਸਥਾਨ ਨੂੰ ਕਾਮਾਗਾਟਾ ਮਾਰੂ ਨਗਰ ਨਾਮ ਦੇ ਕੇ ਬਜ ਬਜ ਘਾਟ ਦੇ ਸ਼ਹੀਦਾਂ ਨੂੰ ਸਾਹਮਣੇ ਲਿਆਉਣਾ। ਇਹ ਗੱਲਾਂ ਦਸਦੀਆਂ ਹਨ ਕਿ ਗਿਆਨੀ ਜੀ ਦੇ ਦਿਲ ਅੰਦਰ ਦੇਸ਼ ਭਗਤਾਂ ਨੂੰ ਸਨਮਾਨਣ ਦਾ ਕਿੰਨਾ ਚਾਅ ਹੈ।

ਆਸ ਕਰਨੀ ਚਾਹੀਦੀ ਹੈ ਕਿ ਨਾਮਧਾਰੀ ਇਤਿਹਾਸ ਨਾਲ ਸਬੰਧਤ ਦੇਸ਼ ਭਗਤਾਂ ਲਈ ਸ੍ਰੀ ਅੰਮ੍ਰਿਤਸਰ, ਮਲੇਰ ਕੋਟਲਾ ਆਦਿਕ ਥਾਵਾਂ ਤੇ ਸੁਯੋਗ ਤੇ ਸੁੰਦਰ ਯਾਦਗਾਰਾਂ ਕਾਇਮ ਕਰਨ ਵਿਚ ਨਾਮਧਾਰੀ ਦਰਬਾਰ ਨੂੰ ਮਦਦ ਦੇਣ ਤੋਂ ਇਲਾਵਾ, ਸ਼ਹਿਰਾਂ, ਕਾਲੋਨੀਆਂ, ਸੜਕਾਂ, ਹਸਪਤਾਲਾਂ, ਲਾਇਬ੍ਰੇਰੀਆਂ, ਕਾਲਜਾਂ, ਸਕੂਲਾਂ ਅਤੇ ਚੌਕਾਂ ਦੇ ਨਾਮ ਇਸ ਮਹਾਨ ਅੰਦੋਲਨ ਨਾਲ ਸਬੰਧਤ ਵਿਅਕਤੀਆਂ ਦੇ ਨਾਮ ਤੇ ਰਖੇ ਜਾਣ ਜਿਸ ਨਾਲ ਇਸ ਮਹਾਨ ਕੁਰਬਾਨੀਆਂ ਭਰੇ ਇਤਿਹਾਸ ਤੋਂ ਵੀ ਸਾਰੇ ਦੇਸ਼ ਵਾਸੀ ਪਰੇਰਨਾ ਲੈ ਸਕਣ।

(ਇਹ ਲੇਖ ਵਰਿਆਮ ਦੇ ਜਨਵਰੀ 1976 ਅੰਕ ਵਿੱਚੋਂ ਲਿਆ ਗਿਆ ਹੈ।)

ਜਥੇ. ਸਾਧਾ ਸਿੰਘ ਜੀ ਨੂੰ ਸੂਬਾ ਪਦਵੀ ਦੀ ਬਖਸ਼ਿਸ਼

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਜਥੇ: ਸਾਧਾ ਸਿੰਘ ਜੀ ਨੂੰ ਮੰਡੀ ਦੇ ਸੂਬਾ ਥਾਪਣ ਦੀ ਕਿਰਪਾ ਕੀਤੀ।

ਸੂਬਾ ਸਾਧਾ ਸਿੰਘ ਜੀ ਦੇ ਪਿਤਾ ਜਥੇਦਾਰ ਸੇਵਾ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਨਾਮਧਾਰੀ ਸਿੰਘ ਸਜੇ। ਆਪ ਨਾਮਧਾਰੀ ਪੰਥ ਦੇ ਉੱਘੇ ਪ੍ਰਚਾਰਕ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਦਾ ਵਾਰੇ ਦਾ ਜੱਥਾ ਬਹੁਤ ਪ੍ਰਸਿੱਧ ਸੀ। ਆਪ ਦੇ ਸਾਰੇ ਧੀਆਂ-ਪੁੱਤਰ ਕੀਰਤਨ ਦੇ ਰਸੀਏ ਹਨ। ਸੂਬਾ ਸਾਧਾ ਸਿੰਘ ਜੀ ਵੀ ਮੰਡੀ ਦੇ ਵਾਰੇ ਦੇ ਜੱਥੇ ਦੇ ਮੁਖੀ ਹਨ। ਹਿਮਾਚਲ, ਜੰਮੂ ਆਦਿ ਤੱਕ ਸੰਗਤ ਵਿਚ ਜਾ ਕੇ ਵਾਰਾ ਲਾਉਣਾ, ਖੁਸ਼ੀ-ਗਮੀ ਦੇ ਸਮਾਗਮਾਂ ਤੇ ਦੀਵਾਨ ਲਗਾਉਂਦੇ ਹਨ। ਇਸ ਤੋਂ ਬਿਨਾਂ ਮੰਡੀ ਵਿਚ ਬੱਚਿਆਂ ਨੂੰ ਕੀਰਤਨ ਸਿਖਾਉਂਦੇ ਹਨ, ਵਾਰੇ ਦਾ ਨਵਾਂ ਜਥਾ ਵੀ ਤਿਆਰ ਕੀਤਾ ਹੈ। ਆਪਣੀ ਕਿਰਤ-ਵਿਰਤ ਕਰਦਿਆਂ ਸਾਧ ਸੰਗਤ ਦੇ ਕਾਰਜ ਵੀ ਤਨ ਦੇਹੀ ਨਾਲ ਕਰਦੇ ਹਨ। ਸੁਭਾਅ ਕਰਕੇ ਸੁਨਿਮਰ, ਮਿੱਠ ਬੋਲੜੇ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਹਨ- ਸੂਬਾ ਸਾਧਾ ਸਿੰਘ ਜੀ।

Sri Satguru Jagjit Singh Ji Elibrary NamdhariElibrary@gmail.com

ਕੂਕਾ ਲਹਿਰ ਦੇ ਅਮਰ ਨਾਇਕ:

ਕਰਨੀ ਦੇ ਪੂਰੇ: ਸੰਤ ਸੁੰਦਰ ਸਿੰਘ ਜੀ "ਮੰਜੀ-ਤੋੜ"

- ਸੁਵਰਨ ਸਿੰਘ ਵਿਰਕ

'ਹੱਥ ਕਾਰ ਵੱਲ ਤੇ ਚਿੱਤ ਯਾਰ ਵੱਲ' ਦੀ ਸੱਚੀ ਸੁੱਚੀ, ਧਾਰਨਾ ਦੇ ਅਨੁਰੂਪ ਹੀ ਬਹੁਤੇ ਨਾਮਧਾਰੀ ਸਾਧੂਆਂ ਦਾ ਅੱਜ ਤੋਂ ਕੋਈ ਸਦੀ ਸਵਾ ਸਦੀ ਪਹਿਲਾਂ ਜੀਵਨ ਬਤੀਤ ਹੁੰਦਾ ਸੀ। ਉਹ ਆਪਣੀ ਧਰਮ ਦੀ ਕਿਰਤ ਵਿਰਤ ਕਰਦੇ ਸਨ। ਆਪਣੇ ਪਰਵਾਰ ਦੀ ਪਾਲਣਾ ਵੀ ਕਰਦੇ ਅਤੇ ਆਏ ਗਏ ਅਭਿਆਗਤਾਂ ਦੀ ਪਰਸ਼ਾਦਾ ਪਾਣੀ, ਲੀੜੇ ਕੱਪੜੇ ਦੀ ਵੀ ਜਥਾ ਜੋਗ ਸੇਵਾ ਕਰਦੇ। ਇਹ ਸਮਾਂ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਤੋਂ ਬਾਅਦ ਦਾ ਸੀ। ਉਹਨਾਂ ਦੀ ਯਾਦ ਵਿਚ ਆਪਣਾ ਵਿਹਾਰ ਕਾਰ ਕਰਦਿਆਂ, ਸਿਮਰਨ ਚੱਲਦਾ ਰਹਿੰਦਾ। ਨੈਣ ਉਸ ਪਰਦੇਸੀ ਪ੍ਰੀਤਮ ਦੀ ਯਾਦ ਵਿਚ, ਅੱਠੇ ਪਹਿਰ ਗੜੂੰਦ ਰਹਿੰਦੇ। ਉਹਨਾਂ ਦਾ ਸ਼ੌਕ ਇਕ ਹੀ ਸੀ, ਪਿਆਰੇ ਮਾਹੀ ਦੇ ਚਾਹੁਣ ਵਾਲਿਆਂ ਦੀ ਸੰਖਿਆ ਲਗਾਤਾਰ ਵਧਦੀ ਰਹੇ। ਉਹਨਾਂ ਦਾ ਸਾਜਿਆ ਨਿਵਾਜਿਆ ਨਾਮਧਾਰੀ ਪੰਥ, ਦਿਨ ਦੂਣੀ ਤੇ ਰਾਤ ਚੌਗੁਣੀ ਉੱਨਤੀ ਕਰੇ। ਸਰਕਾਰੀ ਸਖਤੀਆਂ ਕਾਰਨ ਕੂਕੇ, ਆਪਣੇ ਗੁਰਧਾਮ ਦੇ ਦਰਸ਼ਨ ਸੀਮਿਤ ਸਮੇਂ ਅਤੇ ਸੀਮਿਤ ਸੰਖਿਆ ਵਿਚ ਹੀ ਕਰ ਸਕਦੇ ਸਨ। ਗੁਰੂ ਹਰੀ ਸਿੰਘ ਜੀ ਨੂੰ ਤਾਂ ਆਯੂ ਪ੍ਰਯੰਤ 19 ਜਨਵਰੀ 1872 ਤੋਂ ਲੈ ਕੇ 17 ਮਈ 1906, ਜੀਵਨ ਦੇ ਆਖਰੀ ਦਿਨ ਤੱਕ, ਸਮੁੱਚੇ ਪੰਜਾਬ ਅਤੇ ਆਸ ਪਾਸ ਦੇ ਇਲਾਕਿਆਂ ਵਿਚ ਫੈਲੀ ਨਾਮਧਾਰੀ ਸੰਗਤ ਤੱਕ ਪਹੁੰਚਣ ਲਈ, ਜੀਵਨ ਦੇ ਆਖਰੀ 14-15 ਸਾਲਾਂ ਵਿਚ ਹੀ ਸਾਲ ਵਿਚ, ਇੱਕ-ਇੱਕ ਦੋ-ਦੋ ਲੰਮੇ ਦੌਰੇ ਕਰਨ ਦੀ ਸਰਕਾਰੀ ਆਗਿਆ ਮਿਲਦੀ ਸੀ। ਇਸ ਸਮੇਂ ਵਿਚ ਨਾਮਧਾਰੀ ਪੰਥ ਦਾ, ਗੁਰਮਤਿ ਜੀਵਨ ਜਾਚ ਦਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਆਜ਼ਾਦੀ ਵਾਲੇ ਮਿਸ਼ਨ ਦਾ ਪਰਚਾਰ, ਵੱਖ-ਵੱਖ ਜ਼ਿਲ੍ਹਿਆਂ ਵਿਚ ਰਹਿਣ ਵਾਲੇ, ਨਾਮਧਾਰੀ ਸਾਧੂਆਂ ਨੇ ਭਜਨ ਬਾਣੀ ਅਤੇ ਸ਼ਬਦ ਕੀਰਤਨ ਕਰਦਿਆਂ, ਇਕ-ਇਕ ਵਿਅਕਤੀ ਨੂੰ ਲੱਭ-ਲੱਭ ਕੇ, ਉਸ ਨਾਲ ਸੰਵਾਦ ਰਚਾ ਕੇ ਅਤੇ ਅਖੀਰ ਉਸ ਨੂੰ ਨਾਮਧਾਰੀ ਮੱਤ ਜਾਂ ਕੂਕਪੁਣੇ ਵਿਚ ਲਿਆ ਕੇ, ਆਪਣੇ ਵਿਲੱਖਣ ਢੰਗ ਤਰੀਕਿਆਂ ਨਾਲ ਕੀਤਾ ਸੀ। ਇਹਨਾਂ ਸਾਧੂਆਂ ਦੇ ਜੀਵਨ ਬੜੇ ਕਮਾਏ ਹੋਏ ਸਨ। ਇਹ ਵੱਡੀ ਕਰਨੀ ਵਾਲੇ ਹੋ ਨਿੱਬੜੇ ਹਨ ਅਤੇ ਕੂਕਾ-ਕਾਰ ਵਿਚ, ਅਗਮ ਨਿਗਮ ਦੀਆਂ ਬਾਤਾਂ ਸੁਣਾਉਂਦਿਆਂ, ਵਿਚਰਦੇ ਸਨ। ਅੰਗਰੇਜ਼ ਸਰਕਾਰ ਦੇ ਵਿਰੁੱਧ, ਵਿਦਰੋਹ ਦੀ ਜੁਆਲਾ ਨੂੰ ਪਰਚੰਡ ਕਰਨ ਲਈ, ਦੁਨਿਆਵੀ ਰਸਾਂ ਕਸਾਂ ਹੋ ਉਪਰਾਮ ਹੋ ਕੇ, ਫਕੀਰੀ ਧਾਰਨ ਕਰਕੇ, ਜਗਤ ਵਿਚ ਵਿਚਰਨਾ ਵੀ ਕੂਕਿਆਂ ਦੇ ਸਮੂਹਿਕ ਰੋਸ ਪ੍ਰਗਟਾਵੇ ਦਾ ਇਕ ਕਾਰਗਰ ਹਥਿਆਰ ਸੀ, ਜਿਹੜਾ ਉਹ ਆਪਣੇ ਸਤਿਗੁਰੂ ਤੋਂ ਉਸ ਦੀ ਸੰਗਤ ਨੂੰ ਵਿਛੋੜਣ ਵਾਲੀ, ਜ਼ਾਲਮ ਗੋਰਾਸ਼ਾਹੀ ਵਿਰੁੱਧ ਅੱਧੀ, ਪੌਣੀ ਸਦੀ ਤੱਕ ਵਰਤਦੇ ਰਹੇ ਸਨ।

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਅਤੇ ਵੀਹਵੀਂ ਸਦੀ ਦੇ ਪਹਿਲੇ ਤਿੰਨ ਕੁ ਦਹਾਕਿਆਂ ਤੇ ਜਿਹਨਾਂ ਦਾ ਜੀਵਨ ਚਰਿੱਤਰ ਫੈਲਿਆ ਹੋਇਆ ਹੈ, ਉਹ ਸੰਤ ਸੁੰਦਰ ਸਿੰਘ ਜੀ "ਮੰਜੀ ਤੋੜ" ਬਚਨ ਦੇ ਬਲੀ ਅਤੇ ਵੱਡੀ ਕਰਨੀ ਵਾਲੇ, ਮਹਾਂ ਪੁਰਖ ਹੋਏ ਹਨ। ਇਹਨਾਂ ਦਾ ਜਨਮ ਰਾਮਗੜ੍ਹੀਏ ਸਿੰਘਾਂ ਦੇ ਪਰਵਾਰ ਵਿਚ ਉਸ ਸਮੇਂ ਦੇ ਗੁਰਦਾਸਪੁਰ ਜ਼ਿਲ੍ਹਾ ਦੀ ਸ਼ੱਕਰਗੜ੍ਹ ਤਹਿਸੀਲ ਦੇ ਪਿੰਡ, 'ਮੰਜੀ-ਤੋੜ' ਵਿਚ ਹੋਇਆ ਸੀ। ਪਿੰਡ ਦਾ ਨਾਮ ਸੰਤ ਜੀ ਦੇ ਨਾਮ ਨਾਲ ਸਦਾ ਲਈ ਜੁੜ ਗਿਆ ਸੀ। ਦੇਸ਼ ਬਟਵਾਰੇ ਤੋਂ ਬਾਅਦ ਕਿਉਂਕਿ ਤਹਿਸੀਲ ਸ਼ਕਰਗੜ੍ਹ, ਪਾਕਿਸਤਾਨ ਵਿਚ ਚਲੀ ਗਈ ਸੀ, ਸੰਤ ਜੀ ਦਾ ਪਿੰਡ ਮੰਜੀ-ਤੋੜ ਅੱਜ ਕਲ੍ਹ ਪਾਕਿਸਤਾਨ ਵਿਚ ਹੈ। ਵੈਸੇ ਇਹ ਪਿੰਡ ਡੇਹਰਾ ਬਾਬਾ ਨਾਨਕ ਤੋਂ ਜ਼ਿਆਦਾ ਦੂਰ ਨਹੀਂ ਸੀ, ਜਦੋਂ ਵਿਚਾਲੇ ਕੌਮਾਂਤਰੀ ਸਰਹੱਦ ਨਹੀਂ ਹੁੰਦੀ ਸੀ।

ਸੰਤ ਜੀ ਦੇ ਮਾਤਾ ਪਿਤਾ ਦੇ ਨਾਮ ਬਾਰੇ ਸਾਡਾ ਇਤਿਹਾਸ ਖ਼ਾਮੋਸ਼ ਹੈ। ਜਨਮ ਅਤੇ ਮਿਰਤੂ ਦੀਆਂ ਤਾਰੀਖਾਂ ਦੀ ਵੀ ਟੋਹ ਹੀ ਲਾਈ ਜਾ ਸਕਦੀ ਹੈ। ਆਪ ਆਪਣੀ ਭਰ ਜੁਆਨੀ ਦੀ ਉਮਰ ਵਿਚ, ਸੰਤ ਬਾਬਾ ਗੰਡਾ ਸਿੰਘ ਜੀ ਪਿੰਡ ਰਟੌਲ ਵਾਲੇ, ਜਿਹਨਾਂ ਨੇ ਇੱਬਣ (ਅੰਮ੍ਰਿਤਸਰ) ਵਿਚ ਡੇਰਾ ਬਣਾ ਕੇ, 1875-76 ਈ. ਵਿਚ ਰਹਿਣਾ ਸ਼ੁਰੂ ਕਰ ਦਿੱਤਾ ਸੀ, ਉਹਨਾਂ ਦੀ ਸੇਵਾ ਵਿਚ ਹਾਜ਼ਰ ਹੋ ਗਏ ਸਨ। ਸੰਤ ਗੰਡਾ ਸਿੰਘ ਹੋਰਾਂ ਵਿਚ ਕੋਈ ਬਾਰਾਂ ਸਾਲ ਤੱਕ 'ਕੂਕਾ-ਕਾਰ' ਦਾ ਵਾਸਾ ਰਿਹਾ ਸੀ। ਇਸ ਸਮੇਂ ਵਿਚ ਉਹਨਾਂ ਦੁਆਰਾ ਕੀਤੀ ਭਜਨ ਬੰਦਗੀ ਅਤੇ ਮਰਿਆਦਿਤ ਜੀਵਨ ਦਾ

Sri Satguru Jagjit Singh Ji Elibrary NamdhariElibrary@gmail.com

ਤਪ ਤੇਜ, ਦੂਰ ਦੁਰਾਡੇ ਫੈਲ ਚੁੱਕਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ-ਪਿਆਸੇ ਕੂਕੇ ਸਿੱਖ ਸਾਧ, ਉਹਨਾਂ ਪਾਸ ਵਹੀਰਾਂ ਘੱਤ ਕੇ ਆਏ ਰਹਿੰਦੇ ਅਤੇ ਸੰਤਾਂ ਦੇ ਦਰਸ਼ਨ ਅਤੇ ਬਚਨ ਬਿਲਾਸ ਵਿਚੋਂ ਆਤਮਿਕ ਸਰੂਰ ਅਨੁਭਵ ਕਰਦੇ। ਸੰਤ ਬਿਸ਼ਨ ਸਿੰਘ ਨੰਗਲ ਕਲਾਂ ਦੀ ਲਿਖਤ ਮੁਤਾਬਿਕ, ਗੰਡਾ ਸਿੰਘ ਜੀ ਹਜ਼ੂਰ ਸਾਹਿਬ ਦੀ ਯਾਤਰਾ ਕਰਕੇ ਆਏ ਅਤੇ ਨਿਹੰਗ ਬਾਣੇ ਵਿਚ ਵਿਚਰਦੇ ਸਨ। ਉਹ ਇੱਬਣ ਵਾਲੇ ਬਾਬਾ ਸਾਉਣ ਸਿੰਘ ਜੀ ਨਾਮਧਾਰੀ ਦੇ ਦਰਸ਼ਨਾਂ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਉਹਨਾਂ ਵੀ ਬਾਬਾ ਜੀ ਤੋਂ ਨਾਮ ਲੈ ਕੇ ਨਾਮਧਾਰੀ ਸੰਤ ਖਾਲਸਾ ਵਿਚ ਦਾਖਲਾ ਲੈ ਲਿਆ। ਜਦੋਂ ਜਿਹੇ ਸੰਤ ਸਾਉਣ ਸਿੰਘ ਅਤੇ ਫਿਰ ਗੰਡਾ ਸਿੰਘ ਹੋਰਾਂ ਦੀ ਮਹਿਮਾ ਆਲੇ ਦੁਆਲੇ ਵਧਣੀ ਸ਼ੁਰੂ ਹੋਈ ਅਤੇ ਇੱਬਣ ਦਾ ਡੇਰਾ ਦੂਰ ਨੇੜੇ ਪਰਸਿੱਧ ਹੋ ਗਿਆ ਤਾਂ ਸੰਤ ਵਸਾਵਾ ਸਿੰਘ ਜੀਆ ਬੱਗਾ, ਸੰਤ ਸਿਆਮ ਸਿੰਘ ਜੀ ਮਸਤਾਨਾ ਪਿੰਡ ਨੌਨੇ ਅਤੇ ਸੰਤ ਜਿਊਣ ਸਿੰਘ ਜੀ (ਜੋ ਬਾਅਦ ਵਿਚ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਦੇ ਗੁਰੂ ਹਰੀ ਸਿੰਘ ਜੀ ਦੁਆਰਾ ਪਹਿਲਾਂ ਪ੍ਰਬੰਧਕ ਅਤੇ ਫਿਰ ਮਹੰਤ ਥਾਪੇ ਗਏ ਸਨ) ਇਹਨਾਂ ਨਾਲ ਸੁੰਦਰ ਸਿੰਘ ਜੀ ਮੰਜੀ ਤੋੜ ਵੀ ਇੱਬਣ ਆ ਕੇ, ਇੱਥੋਂ ਦੇ ਲੋਹ ਲੰਗਰ ਦੀ ਸੇਵਾ ਵਿਚ ਜੁੱਟ ਗਏ। ਸੇਵਾ ਕਰਨੀ ਅਤੇ ਬੰਦਗੀ ਕਰਨੀ ਇਹ ਇਹਨਾਂ ਸਾਧੂਆਂ ਦੀ ਰੋਜ਼ਾਨਾ ਦੀ ਕਾਰ ਬਣ ਗਈ।[1] ਸੁੰਦਰ ਸਿੰਘ ਹੋਰਾਂ ਤੇ ਜਿਵੇਂ-ਜਿਵੇਂ ਨਾਮ ਬਾਣੀ ਦਾ ਰੰਗ ਗੂੜ੍ਹਾ ਹੁੰਦਾ ਗਿਆ, ਆਪ ਇਕ ਅਲੌਕਿਕ ਮਸਤੀ ਦੀ ਦਾਤ ਨਾਲ ਵੀ ਮਾਲਾ ਮਾਲ ਹੁੰਦੇ ਗਏ। ਉੱਪਰ ਦਿੱਤਾ ਬਿਸ਼ਨ ਸਿੰਘ ਨੰਗਲ ਹੋਰਾਂ ਦਾ ਸੰਤ ਗੰਡਾ ਸਿੰਘ ਇੱਬਣ ਬਾਰੇ ਵੇਰਵਾ ਕਿ ਉਹ ਕੂਕੇ ਸੰਤ ਸਾਉਣ ਸਿੰਘ ਇੱਬਣ, ਜੋ ਮਹੰਤ ਜਿਊਣ ਸਿੰਘ ਅੰਮ੍ਰਿਤਸਰ ਦੇ ਸਹੁਰਾ ਸਾਹਿਬ ਵੀ ਬਣੇ, ਤੋਂ ਹੀ ਨਾਮਧਾਰੀ ਮੱਤ ਵਿਚ ਆਏ, ਇਸ ਤੱਥ ਤੋਂ ਵੀ ਸਹੀ ਸਿੱਧ ਹੁੰਦਾ ਹੈ ਕਿ ਜਦੋਂ ਆਪਣੇ ਮਾਝੇ ਦੇ ਪਹਿਲੇ ਦੌਰੇ ਸਮੇਂ, ਸਤੰਬਰ 1892 ਵਿੱਚ ਸਰਕਾਰੀ ਛੁੱਟੀ ਮਿਲਣ ਤੇ, ਗੁਰੂ ਹਰੀ ਸਿੰਘ ਜੀ ਇੱਬਣ ਆਏ ਤਾਂ ਬਾਬਾ ਗੰਡਾ ਸਿੰਘ ਜੀ ਨੇ ਆਪ ਪਾਸੋਂ ਭਜਨ ਲੈਣ ਦੀ ਬੇਨਤੀ ਕੀਤੀ ਸੀ। ਪਰ ਬਾਬਾ ਜੀ ਦੇ ਉਸ ਸਮੇਂ ਤੱਕ, ਆਪਣੀ ਮਾਨਤਾ ਦੇ ਅਭਿਮਾਨ ਵਿਚ ਗ੍ਰਸੇ ਹੋਣ ਕਾਰਨ, ਇਹ ਬੇਨਤੀ ਮੰਨੀ ਨਾਂ ਗਈ ਸੀ। ਉਹਨਾਂ ਦੇ ਭਜਨ-ਦਾਤੇ ਬਾਬਾ ਸਾਉਣ ਸਿੰਘ, ਗੁਰੂ ਹਰੀ ਸਿੰਘ ਜੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਆਤਮਿਕ ਜੋਤ ਹੋਣ ਕਾਰਨ, ਪੂਰਨ ਪ੍ਰੇਮ, ਪਰਤੀਤ ਤੇ ਭਰੋਸਾ ਰੱਖਦੇ ਸਨ।[2]

ਗੁਰੂ ਹਰੀ ਸਿੰਘ ਜੀ ਦੇ ਦੌਰੇ ਸਮੇਂ, ਬਾਬਾ ਗੰਡਾ ਸਿੰਘ ਹੋਰਾਂ ਵੱਲੋਂ ਉਹਨਾਂ ਦਾ ਬਣਦਾ ਮਾਨ ਸਤਿਕਾਰ ਨਾ ਕਰਨ ਸਦਕਾ ਅਤੇ ਕੁਝ ਹੋਰ ਘਟਨਾਵਾਂ ਕਾਰਨ, ਬਾਬਾ ਗੰਡਾ ਸਿੰਘ ਜੀ ਨੂੰ ਇੱਬਣ ਵਾਲਾ ਡੇਰਾ ਛੱਡ ਕੇ ਖ਼ੁਦਪੁਰ (ਜ਼ਿਲ੍ਹਾ ਲਾਹੌਰ) ਵਿਚ, ਗੁੰਮਨਾਮੀ ਦੇ ਹਾਲਾਤ ਵਿਚ ਮਗਰਲਾ ਸਮਾਂ ਰਹਿਣਾ ਪਿਆ। ਇੱਬਣ ਵਾਲੇ ਡੇਰੇ ਦੀਆਂ ਰੌਣਕਾਂ ਅਲੋਪ ਹੋਣ ਬਾਅਦ, ਸੰਤ ਸੁੰਦਰ ਸਿੰਘ ਮੰਜੀ ਤੋੜ ਲਾਹੌਰ ਸ਼ਹਿਰ ਵਿਚ ਆ ਕੇ ਆਪਣਾ ਪਿਤਾ ਪੁਰਖੀ ਦਸਤਕਾਰੀ ਕਾਰਜ, ਲੱਕੜੀ ਦੀ ਕਾਰੀਗਰੀ ਵਾਲਾ ਕਰਨ ਲੱਗ ਪਏ। "ਆਪ ਜੀ ਆਪਣੇ ਸਮੇਂ ਦੇ ਬਹੁਤ ਸੁਚੱਜੇ ਕਾਰੀਗਰ ਸਨ। ਆਪ ਜੀ ਦੀ ਹੱਥ ਦੀ ਸਫਾਈ ਵੇਖ ਕੇ, ਵਾਟਰ ਲਾ ਅੰਗਰੇਜ਼ ਨੇ ਆਪ ਜੀ ਨੂੰ ਲਾਹੌਰ ਆਪਣੇ ਕੋਲ ਰੱਖ ਲਿਆ। ਆਪ ਹੱਥਾਂ ਨਾਲ ਕੰਮ ਕਰਦੇ ਪਰ ਦਿਲ ਸਦਾ ਆਪ ਜੀ ਦਾ ਕਿਸੇ ਦੂਜੀ ਦੁਨੀਆ ਵਿਚ ਹੀ ਰਹਿੰਦਾ। ਦਿਨ ਅਤੇ ਰਾਤ ਦਾ ਬਹੁਤ ਸਾਰਾ ਸਮਾਂ, ਆਪ ਆਪਣੇ ਯਾਰ ਦੀ ਯਾਦ ਵਿਚ ਹੀ ਗੁਜ਼ਾਰਦੇ। ਦਸ ਦਿਨ ਕੰਮ ਕਰਕੇ ਫਿਰ ਅੰਦਰ ਬੈਠ ਕੇ ਭਜਨ ਕਰਨ ਲੱਗ ਜਾਣਾ। ਵਾਟਰ ਲਾ ਸਾਹਿਬ ਨੇ ਆਪ ਨੂੰ ਕਦੇ ਵੀ ਕੁਝ ਨਹੀਂ ਸੀ ਕਿਹਾ ਕਿਉਂਕਿ ਇਹਨਾਂ ਦਸਾਂ ਦਿਨਾਂ ਵਿਚ ਆਪ ਕਾਫੀ ਕੰਮ ਕਰ ਦਿੰਦੇ ਸਨ। ਜਦ ਖਰਚ ਪਾਣੀ ਵੱਲੋਂ ਦੇਗਾ ਮਸਤਾਨੀਆਂ ਹੋਣੀਆਂ ਫਿਰ ਆਪ ਜੀ ਨੇ ਕੰਮ ਤੇ ਚਲੇ ਜਾਣਾ। ਆਪ ਨੂੰ ਕੰਮ ਤੇ ਆਇਆ ਵੇਖ ਵਾਟਰ ਲਾ, ਅੰਗਰੇਜ਼ ਨੇ ਕਹਿਣਾ, "ਕੂਕਿਆ! ਸਗੋਂ ਆਟਾ ਖ਼ਤਮ ਹੋ ਗਿਆ ਹੈ!" ਅੰਗਰੇਜ਼ ਆਪ ਤੇ ਬੜੀ ਭਾਵਨਾ ਰੱਖਦਾ ਸੀ।

"ਵੱਡੇ ਦਿਨ ਆਏ। ਸਾਰੇ ਮਿਸਤਰੀਆਂ ਸਲਾਹ ਦਿੱਤੀ ਕਿ ਅੰਗਰੇਜ਼ ਨੂੰ ਡਾਲੀ (ਰਿਸ਼ਵਤ ਵਜੋਂ ਭੇਟ ਦੇਣੀ) ਦੇਈਏ। ਜਦ ਸੰਤਾਂ ਨੂੰ ਪੁੱਛਿਆ ਗਿਆ ਤਾਂ ਆਪ ਆਖਣ ਲੱਗੇ ਕਿ-ਵੱਡੇ ਦਿਨ ਵੀ ਇਹਨਾਂ ਦੇ ਤੇ ਡਾਲੀ ਵੀ ਇਹਨਾਂ ਨੂੰ ਅਸੀਂ ਦੇਈਏ। ਇਹਨਾਂ ਨੂੰ ਚਾਹੀਦਾ ਹੈ ਕਿ ਸਗੋਂ ਸਾਨੂੰ ਡਾਲੀ ਦੇਣ। ਇਹ ਗੱਲ ਜਦ ਅੰਗਰੇਜ਼ ਦੇ ਕੰਨੀਂ ਪਈ। ਉਸ ਨੇ ਸਭਨਾਂ ਨੂੰ ਦੋ-ਦੋ ਰੁਪੈ ਡਾਲੀ ਵਜੋਂ ਦਿੱਤੇ। ਜਦ ਆਪ ਨੂੰ ਰੁਪੈ ਪੇਸ਼ ਕੀਤੇ ਗਏ ਤਾਂ ਆਪ ਜੀ ਨੇ ਧੰਨਵਾਦ ਸਹਿਤ ਵਾਪਿਸ ਕਰਦਿਆਂ ਹੋਇਆ ਕਿਹਾ ਕਿ-ਮੈਂ ਬਗੈਰ ਕੰਮ ਕੀਤੇ ਦੇ ਮੁਫ਼ਤ ਦੀ ਕੋਈ ਚੀਜ਼ ਲੈ ਕੇ ਖਾ ਨਹੀਂ ਸਕਦਾ। ਇਹ ਮੇਰੇ ਪੀਰ-ਚੀਨੀ ਵਾਲੇ ਪਾਤਸ਼ਾਹ ਦਾ ਹੁਕਮ ਨਹੀਂ।"[3]

ਵੈਸੇ ਤਾਂ ਸੰਤ ਸੁੰਦਰ ਸਿੰਘ ਜੀ 'ਮੰਜੀ-ਤੋੜ' ਦੇ ਸੰਪਰਕ ਵਿਚ ਆ ਕੇ, ਅਨੇਕ ਲੋਕ ਸਤਿਗੁਰੂ ਰਾਮ ਸਿੰਘ ਜੀ ਦੇ ਸਤਿਜੁਗੀ ਝੰਡੇ ਦੇ ਹੇਠ ਆ ਕੇ, ਆਪਣਾ ਜਨਮ ਮਰਨ ਸਫਲਾ ਕਰ ਗਏ। ਪਰ ਸੰਤ ਜੀ ਦੀ ਛੋਹ ਨਾਲ ਜਿਸ ਇੱਕ ਸੱਜਣ ਦਾ ਜੀਵਨ, ਕਾਗੋਂ ਹੰਸ ਹੋ ਗਿਆ ਸੀ, ਉਹ ਸੀ ਸੰਤ ਜੀ ਤੋਂ ਵਰੋਸਾਇਆ, ਸਤਿਗੁਰੂ

Sri Satguru Jagjit Singh Ji Elibrary NamdhariElibrary@gmail.com

ਪਰਤਾਪ ਸਿੰਘ ਜੀ ਦਾ ਚਰਨ-ਭੌਰਾ ਮਾਸਟਰ ਸੁਹਾਵਾ ਸਿੰਘ। ਮਾਸਟਰ ਜੀ ਦਾ ਜਨਮ 1882 ਈ. ਵਿਚ ਜ਼ਿਲ੍ਹਾ ਲਾਹੌਰ ਦੇ ਪਿੰਡ ਜਾਹਮਣ ਵਿਚ ਸ੍. ਗੁਰਦਿੱਤ ਸਿੰਘ ਭੁੱਲਰ ਦੇ ਘਰ ਹੋਇਆ।[4] ਜਾਹਮਣ ਪਿੰਡ ਭੁੱਲਰ ਜੱਟਾਂ ਦਾ ਪਿੰਡ ਸੀ। ਬੇਸ਼ੱਕ ਮਾਸਟਰ ਜੀ ਦਾ ਪਰਵਾਰ ਰਾਮਗੜ੍ਹੀਆ ਸਿੱਖ ਸੀ ਪਰ ਇਹਨਾਂ ਦੇ ਪਰਵਾਰ ਦਾ ਗੋਤ ਵੀ ਪਿੰਡ ਦੇ ਜ਼ਿਮੀਦਾਰਾਂ ਵਾਲਾ ਹੀ ਸੀ। ਮਾਸਟਰ ਜੀ ਪਿੰਡ ਦੇ ਹਾਣੀਆਂ ਨਾਲ ਪੇਂਡੂ ਖੇਡਾਂ ਖੇਡਦੇ ਹੋਏ, ਪਿਤਾ ਦੇ ਹੁਕਮ ਅਨੁਸਾਰ ਮਦਰੱਸੇ ਵਿਚ ਪੜ੍ਹਨ ਲਈ ਦਾਖਿਲ ਹੋ ਗਏ। ਪਿੰਡ ਰਹਿੰਦਿਆਂ ਅਤੇ ਸਕੂਲ ਵਿਚ ਪੜ੍ਹਦਿਆਂ ਆਪ ਦੀ ਰੁਚੀ, ਸਭ ਤੋਂ ਵੱਧ ਡਰਾਇੰਗ, (ਚਿੱਤਰਕਾਰੀ) ਵਿਸ਼ੇ ਵਿਚ ਹੋ ਗਈ। ਪੜ੍ਹਾਈ ਵਿਚ ਹਮੇਸ਼ਾ ਆਪਣੇ ਅਧਿਆਪਕਾਂ ਦੀਆਂ ਖੁਸ਼ੀਆਂ ਲੈਂਦੇ। ਇਹਨਾਂ ਦੀ ਵਧੀਆ ਡਰਾਇੰਗ ਦੀ ਕਾਰਗੁਜ਼ਾਰੀ ਸਦਕਾ ਇਹਨਾਂ ਨੂੰ ਲਾਹੌਰ ਦੇ ਟੈਕਨੀਕਲ ਸਕੂਲ ਵਿਚ, ਡਰਾਇੰਗ ਮਾਸਟਰ ਦੀ ਅਸਾਮੀ ਤੇ ਰੱਖ ਲਿਆ। ਹੁਣ ਮਾਸਟਰ ਜੀ ਆਪਣੇ ਪਰਵਾਰ ਸਮੇਤ ਲਾਹੌਰ ਹੀ ਰਹਿਣ ਲੱਗ ਪਏ ਸਨ। ਮਾਸਟਰ ਜੀ ਆਮ ਸਿੱਖਾਂ ਜਿਉਂ ਉਸ ਸਮੇਂ (ਵੀਹਵੀਂ ਸਦੀ ਦਾ ਪਹਿਲਾ ਦੂਜਾ ਦਹਾਕਾ) ਸਿੰਘ-ਸਭਾ ਦੇ ਪ੍ਰਭਾਵ ਹੇਠ ਸਨ ਅਤੇ ਨਾਮਧਾਰੀਆਂ ਬਾਰੇ ਚੰਗੀ ਰਾਇ ਨਹੀਂ ਸਨ ਰੱਖਦੇ। ਉਹਨਾਂ ਦੇ ਹਿਰਦੇ ਵਿਚ, ਸਤਿਗੁਰੂ ਰਾਮ ਸਿੰਘ ਜੀ ਦੀ ਨਾਮਧਾਰੀ ਸਿੱਖੀ ਦਾ ਬੀਜ, ਸੰਤ ਮੰਜੀ-ਤੋੜ ਜੀ ਨੇ ਕਿਵੇਂ ਆਰੋਪਿਤ ਕੀਤਾ, ਇਹ ਜਾਨਣ ਲਈ ਸਾਨੂੰ ਮਾਸਟਰ ਸੁਹਾਵਾ ਸਿੰਘ ਜੀ ਦੀ ਆਪਣੀ ਲਿਖਤ ਤੋਂ ਵੱਧ ਪਰਮਾਣੀਕ, ਅਗਵਾਹੀ ਹੋਰ ਕੀ ਹੋ ਸਕਦੀ ਹੈ।

"ਸ੍ਰੀਮਾਨ ਉਪਮਾ-ਜੋਗ, ਸੰਤ ਸੁੰਦਰ ਸਿੰਘ ਜੀ, ਪਿੰਡ "ਮੰਜੀ ਤੋੜ", ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਚ ਰਹਿੰਦੇ ਸਨ। ਬੜੇ ਮਸਤ ਲੋਕ ਸੀ। ਮੈਂ ਉਹਨਾਂ ਦਾ ਬਿਲਕੁਲ ਵਾਕਿਫ਼ ਨਹੀਂ ਸੀ। ਮੈਂ ਐਸਾ ਅੜਬ ਤੇ ਜਾਹਲ ਸਾਂ, ਜਿੱਥੇ ਕੂਕੇ-ਨਾਮਧਾਰੀ ਨੂੰ ਵੇਖ ਲੈਂਦਾ ਸਾਂ, ਅੱਗ-ਬਬੋਲਾ ਹੋ ਜਾਂਦਾ ਤੇ ਹਜਾਰ ਹਜਾਰ ਗਾਹਲ ਕੱਢਦਾ ਸਾਂ। ਕਹਿੰਦਾ ਸਾਂ (ਇਹ ਸਾਰੇ) ਸਮੁੰਦਰੋਂ ਪਾਰ ਕਿਉਂ ਨਾਂ ਕੀਤੇ ਜਾਣ। ਮੇਰੀ ਘਰ ਵਾਲੀ ਗੁਜ਼ਰ ਗਈ। ਚਿੱਤ ਉਦਾਸ ਰਹਿਣ ਲੱਗਾ। ਮੇਰੇ ਘਰ ਨਾਲ ਇਕ ਮਾਈ ਰਹਿੰਦੀ ਸੀ। ਮੈਨੂੰ ਸਦਾ ਕਹੇ-ਬੱਚਾ। ਗੁਰੂ ਧਾਰਨਾ ਚਾਹੀਦਾ ਏ। ਮੈਂ ਕਿਹਾ-ਸਾਡਾ ਗੁਰੂ... ਹੈ। ਹੋਰ ਅਸੀਂ ਗੁਰੂ ਕਿਹੜਾ ਧਾਰਨਾ ਹੈ। ਕਹਿੰਦੀ-'ਸੱਚੇ ਗੁਰੂ ਬਿਨਾਂ ਗੱਤ ਨਹੀਂ, ਸ਼ਾਹ ਬਿਨਾਂ ਪੱਤ ਨਹੀਂ।' (ਮੇਰੀ) ਸੂਰ ਖਾ ਖਾ ਕੇ ਮੱਤ ਮਾਰੀ ਹੋਈ ਸੀ। ਕੁਛ ਅਸਰ ਨਾਂ ਹੋਇਆ। ਪਰ ਜਦ ਬੰਦੇ ਦੇ ਦਿਨ ਚੰਗੇ ਹੁੰਦੇ ਹਨ। ਕੋਈ ਸਬੱਬ ਬਣ ਜਾਂਦਾ ਹੈ। ਮੇਰੇ ਦਿਲ ਵਿਚ ਉਸ (ਮਾਈ) ਦੀ ਗੱਲ ਯਾਦ ਆਉਣ ਲੱਗ ਪਈ ਤੇ ਭਜਨ ਪੁੱਛਣ ਦਾ ਖ਼ਿਆਲ ਆਉਣ ਲੱਗ ਪਿਆ। ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ-ਜਿਹੜਾ ਕਹੇਗਾ ਮੈਂ ਕੂਕਿਆਂ ਦਾ ਰੌਲਾ ਸੁਣ ਕੇ ਆਇਆ ਹਾਂ, ਮੈਂ ਉਸ ਨੂੰ ਵੀ ਬਖਸ਼ ਦਿਆਂਗਾ। ਉਹ ਗੱਲ ਬਣਨ ਲੱਗੀ। ਇਕ ਰਾਤ ਇਕ ਵਜੇ ਸੁੱਤਿਆਂ ਡਰ ਲੱਗਾ ਤੇ ਕਮਰੇ ਵਿਚ ਐਸਾ ਚਾਨਣ ਹੋਇਆ ਜਿਵੇਂ ਬਿਜਲੀ ਦਾ ਚਾਨਣ ਹੁੰਦਾ ਏ। ਮੈਂ ਡਰਿਆ ਕਿ ਸ਼ਾਇਦ ਭੂਤਨਿਆਂ ਨੇ ਚਾਨਣ ਕੀਤਾ ਹੈ। ਪਰ ਅੱਖਾਂ ਉਘੇੜੀਆਂ ਤਾਂ ਦੇਖਿਆ-ਗੁਰੂ ਨਾਨਕ ਜੀ, ਬਾਲਾ, ਮਰਦਾਨਾ ਬੈਠੇ ਹਨ, ਉੱਠ ਕੇ ਮੱਥਾ ਟੇਕਿਆ। ਮੱਥਾ ਟੇਕ ਕੇ ਉੱਠਿਆ ਤਾਂ ਨਾਂ ਗੁਰੂ ਜੀ ਨਾਂ ਚਾਨਣ। ਦਿਨ ਚੜ੍ਹਿਆ ਮੈਂ ਬੜਾ ਪਰੇਸ਼ਾਨ ਪਰ ਦੱਸਾਂ ਨਾਂ। ਦਸ ਦਿਨ ਬਾਅਦ ਫਿਰ ਡਰ ਆਇਆ ਤੇ ਸੁਪਨੇ ਵਿਚ ਭੱਜਦਾ ਹਾਂ। ਫਿਰ ਡਿੱਗਦਾ ਹਾਂ। ਫਿਰ ਭੱਜਦਾ ਹਾਂ। ਅੱਗੇ ਦੇਖਦਾ ਹਾਂ-ਸੰਤ ਮੰਜੀ ਤੋੜ ਗਲੋਂ ਤੇ ਸਿਰੋਂ ਨੰਗੇ, ਤੇੜ ਕੱਛਿਹਰਾ, ਹੇਠਾਂ ਕਾਲਾ ਆਸਣ ਵਿਛਾ ਕੇ, ਸਰ੍ਹੋਂ ਦੇ ਖੇਤ ਵਿਚ ਬੈਠੇ ਭਜਨ ਕਰਦੇ, ਮੈਨੂੰ ਸੈਨਤ ਨਾਲ ਕਹਿੰਦੇ ਉਰੇ ਆ। ਮੈਂ ਡਿੱਗਦਾ ਡਿੱਗਦਾ ਗਿਆ। ਮੈਨੂੰ ਕਹਿੰਦੇ-, 'ਕੰਨ ਕਰ ਤੇਰਾ ਡਰ ਲਾਹ ਦੇਵਾਂ।' ਕੰਨਾਂ ਵਿਚ ਭਜਨ ਦੱਸ ਕੇ ਕਹਿੰਦੇ- 'ਜਾਹ ਡਰ ਲਹਿ ਗਿਆ।' ਮੇਰੀ ਉੱਚੀ-ਉੱਚੀ ਭਜਨ ਕਰਦੇ ਦੀ ਜਾਗ ਖੁੱਲ੍ਹ ਗਈ।

"ਜਿਸ ਤਰ੍ਹਾਂ ਕਬੀਰ ਸੁਪਨੈ ਹੂ ਬਰੜਾਇਕੈ ਜਿਹਿ ਮੁਖ ਨਿਕਸੈ ਰਾਮੁ"-ਵਾਲੀ ਗੱਲ ਬਣੀ-ਮੈਂ ਉੱਠ ਕੇ ਭਜਨ ਕਰਨ ਲੱਗ ਪਿਆ। ਬੜਾ ਸੁਆਦ ਆਇਆ। ਮੈਂ ਰੋਜ਼ ਹੀ ਸਵੇਰੇ ਨਹਾ ਕੇ ਭਜਨ ਕਰਨ ਲੱਗਾ। ਦਸ ਦਿਨ ਬਾਅਦ ਸੱਚ ਮੁੱਚ ਉਹਨਾਂ ਸੁਪਨੇ ਵਾਲੇ ਸੰਤਾਂ, ਸਕੂਲ ਦੇ ਫਾਟਕ ਵਿਚ ਆ ਕੇ ਚੌਕੀਦਾਰ ਨੂੰ ਮੇਰਾ ਨਾਮ ਪੁੱਛਿਆ। ਮੈਂ ਬਰਾਂਡੇ ਵਿਚ ਖੜ੍ਹਾ ਸਾਂ। ਚੌਕੀਦਾਰ ਇਸ਼ਾਰਾ ਕਰਕੇ ਕਹਿੰਦਾ-ਔਹ ਖੜ੍ਹਾ ਈ। ਸੰਤਾਂ ਮੈਨੂੰ ਸਿਆਣ ਲਿਆ। ਮੈਨੂੰ ਕਹਿੰਦੇ-ਮਾਸਟਰ ਸੁਹਾਵਾ ਸਿੰਘ ਨੂੰ ਮਿਲਣਾ ਹੈ। ਮੈਂ ਕਿਹਾ-'ਕੀ ਕੰਮ ਹੈ? ਮਿਲਾਉਂਦੇ ਹਾਂ।' ਜਦ ਛੁੱਟੀ ਦੀ ਘੰਟੀ ਵੱਜ ਗਈ ਤੇ ਉਹਨਾਂ ਦਾ ਇੱਥਣ ਦਾ ਇਕ ਮਾਸਟਰ ਵਾਕਿਫ਼ ਨਿਕਲ ਪਿਆ। ਉਹਨਾਂ ਨਾਲ ਹੋ ਤੁਰੇ। ਸੜਕ ਤੇ ਆ ਕੇ ਬੜੇ ਮਸਤ ਹੋ ਗਏ। ਪੱਗ ਡਿੱਗ ਪਈ। ਕਹਿੰਦੇ ਤੇਰੀ ਚਿੱਠੀ ਸਾਨੂੰ ਤੇਰਾ ਨਾਮ ਦੱਸ ਕੇ ਦਿੱਤੀ ਹੈ, ਪਰ ਅਜੇ ਨਹੀਂ ਦੇਣੀ। ਮੈਂ ਕਿਹਾ-ਚਿੱਠੀ ਦਾ ਮਜ਼ਮੂਨ ਕੀ ਹੈ? ਮਰਨ ਦੀ ਹੈ? ਜਾਂ ਹੋਰ ਕੋਈ। ਕਹਿੰਦੇ-ਦੱਸ ਦੇਵਾਂਗਾ। ਮੈਂ ਬੜਾ ਹੈਰਾਨ ਕਿ ਇਹਨਾਂ ਨੂੰ ਮੇਰੇ ਨਾਮ ਦਾ ਕਿਵੇਂ ਪਤਾ ਲੱਗਾ ਹੈ। ਮੇਰੇ ਵਾਕਿਫ਼ ਨਹੀਂ। ਜਾਣੂ ਨਹੀਂ। ਖ਼ੈਰ ਇਕ ਮਹੀਨੇ ਪਿੱਛੋਂ ਫਿਰ ਦਿਨ ਦੇ ਦੋ ਵਜੇ, ਸਕੂਲ ਉਸ ਮਾਸਟਰ ਦੇ ਕਮਰੇ ਵਿਚ ਆ ਗਏ ਤੇ ਜਿਸ

ਤਰ੍ਹਾਂ ਰਾਤ (ਸੁਪਨੇ ਵਿਚ) ਗਲੋਂ ਸਿਰੋਂ ਨੰਗੇ, ਉਸੇ ਤਰ੍ਹਾਂ ਮਸਤ ਹੋਏ ਕਮਰੇ ਵਿਚ ਭੱਜੇ ਫਿਰਦੇ। ਮੈਂ ਕੁਦਰਤੀ ਆਪਣੇ ਕਮਰੇ ਵਿਚੋਂ ਨਿਕਲ ਕੇ, ਉਧਰ ਗਿਆ ਤੇ ਮੈਨੂੰ ਕੰਨਾਂ ਤੋਂ ਫੜ ਕੇ ਭਜਨ ਦੱਸ ਦਿੱਤਾ। ਮੈਂ ਠੰਢਾ ਹੋ ਕੇ ਗਿਰ ਪਿਆ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰ ਪਰਿਆ ਪਰਾ ਕਰੇਜੇ ਛੇਕੁ ॥੧੯੪॥

ਵਾਕੁਰ ਮੈਂ ਛੇਤੀ ਉੱਠਣ ਦੀ ਕੀਤੀ, ਪਰ ਫਿਰ ਡਿੱਗ ਪਿਆ। ਮੇਰੇ ਦਿਲ ਵਿਚ ਆਈ ਮੁੰਡੇ ਕਹਿਣਗੇ ਕਿ ਇਸ ਨੂੰ ਕੀ ਹੋ ਗਿਆ। ਮੈਂ ਉਠਿਆ, ਸੰਤ ਵੀ ਕੱਪੜੇ ਪਾ ਕੇ ਬੈਠ ਗਏ। ਇੱਥਣ ਵਾਲੇ ਮਾਸਟਰ ਕਹਿੰਦੇ ਨੇ–ਸੰਤ ਜੀ! ਆਹ ਕਿਲ੍ਹਾ ਫ਼ਤਹਿ ਕੀਤਾ ਜੇ! ਇਹ ਬੜਾ ਅਜ਼ਬ ਸੀ ਕੂਕਿਆਂ ਨੂੰ ਗਾਹਲਾਂ ਦਿੰਦਾ ਸੀ।

"ਸੰਤ ਕਹਿੰਦੇ ਇਹ ਨੂੰ ਅੱਗੇ ਹੀ ਭਜਨ ਦੱਸਿਆ ਹੈ। ਮਾਸਟਰ ਕਹਿੰਦਾ ਕਿ ਅੱਗੇ ਤੁਹਾਡਾ ਵਾਕਿਫ਼ ਕਦੋਂ ਸੀ? ਸੰਤ ਕਹਿੰਦੇ ਇਸ ਨੂੰ ਫਲਾਣੀ ਰਾਤ ਸੁਪਨੇ ਵਿਚ ਭਜਨ ਦੱਸਿਆ ਸੀ। ਅਸੀਂ ਇਸ ਦੇ ਵਾਕਿਫ਼ ਨਹੀਂ। ਇਹ ਸਾਡਾ ਨਹੀਂ। ਸਾਨੂੰ ਅਕਾਲ ਪੁਰਖ ਇਸ ਦਾ ਨਾਮ ਦੱਸ ਕੇ ਲਿਆਇਆ ਹੈ। ਇਸ ਨੂੰ ਧੁਰੋਂ ਹੁਕਮ ਹੈ।

"ਮੈਂ ਜਾਣਿਆ ਕਿ ਕੋਈ ਬੜਾ ਹੀ ਭਜਨ ਵਾਲਾ ਸਾਧ ਹੈ, ਜਿਹਨੂੰ ਰੱਬ ਨੇ ਨਾਮ ਦੱਸ ਕੇ ਘੱਲਿਆ ਹੈ। ਮੈਨੂੰ ਨਿਸ਼ਚਾ ਹੋ ਗਿਆ ਤੇ ਮੈਂ ਅਰਜ਼ ਕੀਤੀ–'ਭਜਨ ਤੁਹਾਡਾ ਪੁੱਛ ਲਿਆ ਹੈ। ਪਰ ਕੂਕਿਆਂ ਵਾਲੀ ਛੂੰ ਛਾਂ (ਰਹਿਤ ਮਰਿਆਦਾ) ਨਹੀਂ ਕਰਨੀ। ਜਿੱਥੋਂ ਮਰਜ਼ੀ ਹੋਵੇਗੀ, ਖਾ ਪੀ ਲਵਾਂਗਾ। ਸੰਤ ਕਹਿੰਦੇ–ਅਸਾਂ ਨਹੀਂ ਦੱਸਿਆ, ਅਕਾਲ ਪੁਰਖ ਨੇ ਘੱਲਿਆ ਹੈ, ਜੋ ਮਰਜ਼ੀ ਖਾ ਪੀ, ਪਰ ਕੇਸੀਂ ਇਸ਼ਨਾਨ ਕਰਕੇ ਪੰਜ ਮਿੰਟ ਇਸ ਨੂੰ (ਭਜਨ) ਕਰਿਆ ਕਰ, ਜਿਹੜਾ ਤਕੜਾ ਹੋਊ ਉਹ ਹਟਾ ਲਵੇਗਾ। ਮੈਂ ਉਂਜ ਹੀ ਕਰਨ ਲੱਗ ਪਿਆ। ਸੱਚ ਮੁੱਚ ਦੋ ਮਹੀਨੇ ਹੋਏ ਤਾਂ ਮੈਨੂੰ ਰਾਤ ਸ਼ਹੀਦ ਆ ਕੇ ਮਾਰਨ ਲੱਗ ਪਏ। ਮਾਸ ਖਾਣੋਂ ਕਿਉਂ ਨਹੀਂ ਹਟਦਾ? ਸੋਧ ਕਿਉਂ ਨਹੀਂ ਰੱਖਦਾ? ਸੌ ਸਾਖੀ ਵਿਚ, ਰਹਿਤਨਾਮੇ ਵਿਚ, ਗੁਰਿੰਡ ਨਾਮੇ ਵਿਚ ਵੇਖ ਕੀ ਹੁਕਮ ਹੈ? ਮੈਂ ਦਿਨੇ ਕੁਤਬ ਫ਼ਰੋਸ਼ਾਂ (ਕਿਤਾਬਾਂ ਵੇਚਣ ਵਾਲਿਆਂ) ਪਾਸੋਂ ਲੱਭਦੇ ਫਿਰਨਾਂ। ਲੱਭ ਕੇ ਪੜ੍ਹ ਕੇ ਫਿਰ ਹਟਨਾਂ, ਮਾਰ ਖਾ ਕੇ। ਭਜਨ ਪੁੱਛੇ ਤੋਂ ਦੋ ਮਹੀਨੇ ਬਾਅਦ ਸੰਤ ਆਏ। ਕਹਿੰਦੇ–ਸੁਣਾ ਖਾਂਦਾ ਹੁੰਦਾ ਏਂ ਕਿ ਮਾਰ ਪੈਂਦੀ ਏ? ਮੈਂ ਸੰਤਾਂ ਦਾ ਇਸ਼ਨਾਨ ਕਰਾਇਆ। ਪੰਜ ਮਿੰਟ ਬੈਠ ਕੇ ਕਹਿੰਦੇ–ਤੂੰ ਮਾਸ, ਖਾਧਾ, ਸ਼ਰਾਬ ਪੀਤੀ, ਔਹ ਕੀਤਾ, ਆਹ ਕੀਤਾ। ਮੈਂ ਜੋ ਨਹੀਂ ਸੀ ਕੀਤਾ ਕਿਹਾ–'ਜੀ ਸਭ ਕੁਝ ਕੀਤਾ।' ਸੰਤ ਮਸਤਾਨੇ ਹੋ ਗਏ। ਮੇਰਾ ਮੱਥਾ ਮਲ ਘੱਤਿਆ, ਕਹਿੰਦੇ ਜਾਹ ਰੇਖ ਵਿਚ ਮੇਖ ਮਾਰੀ। ਬਾਕੀ ਜਿਹੜੇ ਰਹਿੰਦੇ ਸੀ ਸਭ ਮਿਟਾ ਦਿੱਤੇ, ਤੈਨੂੰ ਬਖਸ਼ਿਆ।"[5]

"ਮਾਸਟਰ ਜੀ ਦੀ ਹਾਲਤ ਉਸ ਸਮੇਂ ਬਿਲਕੁਲ ਬਦਲ ਗਈ, ਰੰਗ ਲਾਲ ਹੋ ਗਿਆ। ਨੇਤਰਾਂ ਵਿਚ ਖ਼ੁਮਾਰੀ ਛਾ ਗਈ। ਜਮਾਤ ਵਿਚ ਵੀ ਚੁੱਪ ਹੀ ਰਹੇ। ਜਦ ਮਾਸਟਰ ਜੀ ਅਗਲੇ ਦਿਨ ਸਕੂਲੇ ਗਏ ਤਾਂ ਪਹਿਲਾਂ ਵਾਲੇ ਸੁਹਾਵਾ ਸਿੰਘ ਨਹੀਂ ਸਨ। ਨਵਾਂ ਰੂਪ, ਨਵਾਂ ਲਿਬਾਸ। ਨਾ ਰੋਜ਼ ਵਾਲੀ ਨੋਕਦਾਰ ਫਿਫਟੀ ਵਾਲੀ ਪੱਗ ਨਾਂ ਪਤਲੂਣ। ਸਗੋਂ ਸਿੱਧੀ ਦਸਤਾਰ, ਘੁੱਟਵਾਂ ਪਜਾਮਾ (ਵੇਖ ਕੇ) ਸਾਰੇ ਮਾਸਟਰ ਹੈਰਾਨ ਹੋ ਗਏ। ਪਰ ਇਹ ਆਪਣੀ ਚਾਲ ਵਿਚ ਪੱਕੇ। ਹੁਣ ਇਹਨਾਂ ਨੂੰ ਨਾਮਧਾਰੀਆਂ ਦੇ ਦੀਵਾਨਾਂ ਵਿਚ ਜਾਣ ਦਾ ਸ਼ੌਕ ਲੱਗ ਗਿਆ। ਉੱਥੇ ਜਾ ਕੇ ਕੀਰਤਨ ਵੀ ਸੁਣਦੇ ਅਤੇ ਸੇਵਾ ਵੀ ਕਰਦੇ। ਪਹਿਲੇ ਜਿਹਨਾਂ ਕੂਕਿਆਂ ਨੂੰ ਭੁੱਲੜ ਕਹਿ ਕਹਿ ਕੇ ਨਿੰਦਿਆ ਕਰਦੇ ਸਨ, ਹੁਣ ਉਹਨਾਂ ਦੀ ਚਰਨ ਧੂੜੀ ਵਾਸਤੇ ਤਰਸਦੇ। ਹੁਣ ਸਾਧਾਂ ਸੰਤਾਂ ਦੇ ਆਸਣ ਵੀ ਇਹਨਾਂ ਦੇ ਘਰ ਖੁੱਲ੍ਹਣ ਲੱਗੇ। ਢੋਲਕ ਛੈਣੇ ਖੜਕਣ ਤੇ ਕੀਰਤਨ ਦੀਆਂ ਧੁੰਨਾਂ ਉੱਠਣ। ਜਦ ਕਦੇ ਸਤਿਗੁਰੂ ਪਰਤਾਪ ਸਿੰਘ ਜੀ ਸੰਤ (ਬਾਬਾ) ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਘਰ ਲਾਹੌਰ ਦਰਸ਼ਨ ਦਿੰਦੇ ਤਾਂ ਇਹ ਉਚੇਚੇ ਸੌ ਕੰਮ ਛੱਡ ਕੇ, ਪੁੱਜਦੇ, ਸੇਵਾ ਕਰਦੇ ਤੇ ਖੁਸ਼ੀਆਂ ਲੈਂਦੇ। ਬਿਰਤੀ ਇਤਨੀ ਉੱਚੀ ਹੋ ਗਈ ਕਿ ਜਿਹੜੀ ਤਨਖ਼ਾਹ ਸਕੂਲੋਂ ਮਿਲਦੀ, ਉਸ ਦਾ ਦਸਵੰਧ ਜ਼ਰੂਰ ਕੱਢਦੇ ਤੇ ਸ੍ਰੀ ਭੈਣੀ ਸਾਹਿਬ ਲੰਗਰ ਵਿਚ ਪਾਉਂਦੇ।"

"ਕੂਕੇ ਸਦਾ ਦੇਸ਼ ਭਗਤ ਰਹੇ ਹਨ। ਰਾਜ ਭਗਤਾਂ ਨਾਲ ਇਹਨਾਂ ਦਾ ਸਦਾ ਇੱਟ-ਖੜਕਾ ਰਿਹਾ ਹੈ। ਲਾਹੌਰ ਤੋਂ "ਸਤਿਜੁਗ" ਹਫ਼ਤਾਵਾਰੀ ਅਖ਼ਬਾਰ ਸ਼ੁਰੂ ਹੋਇਆ। ਸੰਤ ਮੰਗਲ ਸਿੰਘ (ਫਤੂਹੀ ਚੱਕੀਆ) ਤੇ ਨਿਰੰਕਾਰ ਸਿੰਘ "ਚੇਤਨ" ਨੇ ਇਸ ਨੂੰ ਚੰਗਾ ਚਮਕਾਇਆ। ਮਾਸਟਰ ਜੀ ਲੱਕ ਬੰਨ੍ਹ ਉਸ ਦਾ ਪਰਚਾਰ ਸ਼ੁਰੂ ਕੀਤਾ। ਇਕ ਦਿਨ ਮਾਸਟਰ ਜੀ ਬਾਜ਼ਾਰ ਵਿਚ ਅਖ਼ਬਾਰ ਵੇਚ ਰਹੇ ਸਨ ਕਿ ਇਕ ਰਾਜ ਭਗਤ ਸਿੱਖ ਨੇ ਡੰਡਾ ਮਾਰ ਕੇ ਸਿਰ ਪਾੜ ਦਿੱਤਾ। ਮਾਸਟਰ ਜੀ ਧਰਤੀ ਤੇ ਡਿੱਗ ਬੇਹੋਸ਼ ਹੋ ਗਏ। ਉਸੇ ਵੇਲੇ ਮਰਹਮ ਪੱਟੀ ਕਰਵਾਈ ਗਈ। ਮਾਸਟਰ ਜੀ ਥੋਹੜੇ ਸਮੇਂ ਵਿਚ ਤਿਆਰ ਬਰ ਤਿਆਰ ਹੋ ਗਏ ਤੇ ਪਹਿਲੇ ਨਾਲੋਂ ਵੱਧ ਗਰਮ-ਜੋਸ਼ੀ ਨਾਲ ਪਰਚਾਰ ਅਰੰਭਿਆ। ਸੱਚੇ ਪਾਤਸ਼ਾਹ (ਸਤਿਗੁਰੂ ਪਰਤਾਪ ਸਿੰਘ) ਜੀ ਇਹਨਾਂ ਨੂੰ ਲਾਹੌਰ ਦਾ ਸੂਬਾ ਥਾਪ ਦਿੱਤਾ। ਲਾਹੌਰ ਰਹਿੰਦਿਆਂ ਇਹਨਾਂ "ਸਤਿਜੁਗ" ਦੀ ਅਤੇ ਸਾਧ ਸੰਗਤ ਦੀ ਚੰਗੀ ਸੇਵਾ ਕੀਤੀ। ਕੁਝ ਸਮੇਂ ਉਪਰੰਤ ਮਾਸਟਰ ਜੀ ਨੇ ਸਰਕਾਰੀ ਨੌਕਰੀ

Sri Satguru Jagjit Singh Ji Elibrary NamdhariElibrary@gmail.com

ਛੱਡ ਦਿੱਤੀ ਅਤੇ ਸ੍ਰੀ ਭੈਣੀ ਸਾਹਿਬ ਜਾ ਕੇ ਸੇਵਾ ਕਰਨ ਲੱਗੇ।

"ਜਿਹਨਾਂ ਨੂੰ ਲੱਗੇ ਪ੍ਰੇਮ ਤਮਾਚੇ,
ਘਰ ਦੇ ਕੰਮੋਂ ਗਈਆਂ।
ਲੈਣਾ ਦੇਣਾ ਭੁੱਲ ਗਿਆ ਸਭੋ,
ਖੂਹ ਵਿਚ ਪਈਆਂ ਵਹੀਆਂ।"

"ਸ੍ਰੀ ਭੈਣੀ ਸਾਹਿਬ ਆ ਕੇ ਮਾਸਟਰ ਜੀ ਲਗਨ ਨਾਲ ਸੇਵਾ ਕਰਨ ਲੱਗੇ। ਬੱਚਿਆਂ ਨੂੰ ਪੜ੍ਹਾਉਣਾ ਤੇ ਡੇਰੇ ਦੀ ਪਰਬੰਧਕੀ ਤੇ ਅੰਦਰ ਬਾਹਰ ਦੀ ਸੇਵਾ ਵਿੱਚ ਤਤਪਰ ਰਹਿੰਦੇ। ਇਹਨਾਂ ਪਰ ਸੱਚੇ ਪਾਤਸ਼ਾਹ ਦੀਆਂ ਪੂਰੀਆਂ ਖੁਸ਼ੀਆਂ ਸਨ। ਹਰ ਨਾਮਧਾਰੀ ਵਾਸਤੇ ਅੰਮ੍ਰਿਤ ਵੇਲੇ ਦਾ ਜਾਗਣਾ, ਭਜਨ ਬਾਣੀ, ਸੁੱਚ ਸੋਧ ਦਾ ਧਾਰਨੀ ਹੋਣਾ ਜ਼ਰੂਰੀ ਹੈ। ਮਾਸਟਰ ਜੀ ਪੂਰਨ ਸਿੱਖ ਬਣ ਸੇਵਾ ਕਰਨ ਲੱਗੇ।"[6]

ਸੰਤ ਸੁੰਦਰ ਸਿੰਘ "ਮੰਜੀ ਤੋੜ" ਉਸ ਸਮੇਂ ਦੇ ਨਾਮਧਾਰੀ ਸੰਤਾਂ ਜਿਉਂ ਜਿਸ ਨੂੰ ਵੀ ਕੰਨ ਵਿਚ ਭਜਨ ਦੱਸਦੇ ਸਨ, ਮਸਤ ਕਰ ਦਿੰਦੇ ਸਨ ਤੇ ਉਹ ਉਮਰ ਭਰ ਉਸੇ ਮਸਤੀ ਦੇ ਸਾਗਰ ਵਿਚ ਤਾਰੀਆਂ ਲਾਉਂਦਾ ਰਹਿੰਦਾ ਸੀ। ਇਸੇ ਲਈ ਮਾ. ਸੁਹਾਵਾ ਸਿੰਘ ਨੂੰ ਆਪਣਾ ਬਦਲਿਆ ਜੀਵਨ ਕੱਚ ਤੋਂ ਕੰਚਨ ਮਾਲੂਮ ਹੁੰਦਾ ਸੀ। ਸੰਤ ਮੰਜੀ ਤੋੜ ਜੀ ਨੇ ਨਾਮ ਦੀ ਇਤਨੀ ਕਮਾਈ ਕੀਤੀ ਅਤੇ ਆਪਣੇ ਜੀਵਨ ਨੂੰ ਇਤਨਾ ਸਾਧਿਆ ਆਪਣੀ ਜ਼ਰੂਰਤ ਤੋਂ ਜ਼ਿਆਦਾ ਪੈਸਾ ਇਕੱਠਾ ਕਰਨ ਲਈ ਕਦੇ ਕੰਮ ਨਹੀਂ ਕੀਤਾ ਸੀ, ਉਹਨਾਂ ਦੇ ਭਜਨ ਵਿਚ ਇਤਨੀ ਤਾਸੀਰ ਸੀ ਕਿ 40-40 ਜਾਂ 50-50 ਨਾਮ ਅਭਿਲਾਖੀਆਂ ਨੂੰ ਇਕੱਠਾ ਗੁਰ ਮੰਤਰ ਇਸ ਤਰ੍ਹਾਂ ਦੇਣਾ ਕਿ ਇੱਕ ਦੇ ਕੰਨ ਵਿਚ ਨਾਮ ਦੱਸਣਾ ਤਾਂ ਸਾਰੀ ਕਤਾਰ ਨੇ ਹੀ ਮਸਤ ਹੋ ਉੱਠਣਾ।[7]

7 ਅੱਸੂ 1971 ਬਿ. ਮੁਤਾਬਿਕ ਸੰਨ 1914 ਈ. ਨੂੰ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ, ਲਾਹੌਰ ਸ਼ਹਿਰ ਵਿਖੇ, ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲਿਆਂ ਦੀ ਸਪੁੱਤਰੀ, ਬੀਬੀ ਸਤਵੰਤ ਕੌਰ ਨਾਲ ਹੋਇਆ ਸੀ। ਸੰਤ ਮੰਜੀ ਤੋੜ ਜੀ ਵੀ ਇਸ ਅਨੰਦ ਕਾਰਜ ਵਿਚ ਸ਼ਾਮਲ ਹੋਏ। ਜਦੋਂ ਅਨੰਦ ਕਾਰਜ ਹੋ ਗਿਆ ਤਾਂ ਸੰਤ ਲਾਲ ਸਿੰਘ ਜੀ ਭੂਰੇ ਗਿੱਲੀਏ, ਮਸਤਾਨੀ ਬਿਰਤੀ ਵਿਚ ਸ਼ਬਦ ਪੜ੍ਹਦੇ ਹੋਏ ਕਹਿ ਰਹੇ ਸਨ-'ਇਹ ਅਸਲ ਕਾਰ ਏ, ਅਜਬ ਨਜ਼ਾਰਾ ਏ।'

"ਉਧਰੋਂ ਸੰਤ ਸੁੰਦਰ ਸਿੰਘ ਜੀ ਮੰਜੀ ਤੋੜ ਵਾਲੇ ਮਸਤ ਹੋ ਬੋਲੇ ਕਰਨ ਲੱਗ ਪਏ, ਨਾਲੇ ਦੀਵਾਨ ਵਿਚ ਦੌੜਣ ਤੇ ਨਾਲੇ ਕਹਿਣ, 'ਅਸਲ ਨਹੀਂ ਨਕਲ ਏ। ਨਜ਼ਾਰਾ ਨਹੀਂ ਗੁਜ਼ਾਰਾ ਏ।' ਸੰਤ ਲਾਲ ਸਿੰਘ ਜੀ ਆਪਣੇ ਸੁਆਦ ਵਿਚ ਪੈ, ਪੜ੍ਹੀ ਜਾਣ, 'ਅਨੰਦ ਭਇਆ ਮੇਰੀ ਮਾਏ' ਤੇ ਕਹੀ ਜਾਣ, ਇਹ ਅਸਲ ਕਾਰ ਏ ਤੇ ਅਜਬ ਨਜ਼ਾਰਾ ਏ। ਸੰਤ ਮੰਜੀ ਤੋੜ ਜੀ ਉੱਦੋਂ ਵੱਧ ਵਾਰੀ ਦੌੜਦੇ ਤੇ ਕਹਿੰਦੇ, ਅਸਲ ਨਹੀਂ ਨਕਲ ਏ। ਨਜ਼ਾਰਾ ਨਹੀਂ ਗੁਜ਼ਾਰਾ ਏ। ਕੜਾਹ ਪ੍ਰਸਾਦ ਅਰਦਾਸੇ ਬਾਦ ਵਰਤਿਆ ਤੇ ਸਾਧ ਸੰਗਤ, ਦੋਹਾਂ ਸਾਧਾਂ ਤੋਂ, ਆਪੋ ਆਪਣੇ ਮਸਤੀ ਵਿਚ ਬੋਲਣ ਦਾ ਵੇਰਵਾ ਪੁੱਛਿਆ।

"ਸੰਤ ਲਾਲ ਸਿੰਘ ਜੀ ਦੱਸਿਆ, ਮੈਂ ਤੇ ਬੀਬੀ ਸਤਵੰਤ ਕੌਰ ਜੀ ਦੇ ਬਸਤਰ ਤੇ ਨੰਗੇ ਮੁੱਖ ਫੇਰੇ ਲੈਣੇ ਦੇਖ, ਉਹੋ ਖੋਟਿਆਂ ਵਾਲਾ ਨਜ਼ਾਰਾ, ਸਤਿਗੁਰੂ ਰਾਮ ਸਿੰਘ ਜੀ ਵਾਲਾ, ਅੱਖਾਂ ਸਾਹਵੇਂ ਆਇਆ ਜਾਣ, ਅਗਦੀ ਹੀ ਬੇਬਸ ਹੋ ਪੜ੍ਹਨ ਲੱਗ ਪਿਆ ਸਾਂ, ਕਿ ਜੋ ਸਾਧ ਸੰਗਤ ਇਸ ਬੀਤੇ ਹੋਲੇ ਤੇ ਸਲਾਹ ਕੀਤੀ ਹੈ ਕਿ ਮੁੜ ਮਧਮ ਪਈ ਮਰਿਆਦਾ ਉਸੇ ਤਰ੍ਹਾਂ ਕੂਕਿਆਂ 'ਚ ਤੋਰਨੀ ਹੈ, ਉਸ ਦਾ ਮੁੱਢ ਬੱਝ ਗਿਆ ਹੈ ਤੇ ਅਜਬ ਨਜ਼ਾਰਾ ਵੇਖਣ ਵਿਚ ਆ ਰਿਹਾ ਹੈ।

"ਸੰਤ ਸੁੰਦਰ ਸਿੰਘ ਜੀ ਨੇ ਦੱਸਿਆ, ਬੀਬੀ ਸਤਵੰਤ ਕੌਰ ਨੇ ਅੰਮ੍ਰਿਤ ਅੰਦਰ ਹੀ ਛਕਿਆ ਹੈ ਤੇ ਮਹਾਰਾਜ ਨਿਹਾਲ ਸਿੰਘ ਜੀ ਦਸਤਾਰ ਸਿੱਧੀ ਨਹੀਂ ਸਜਾਈ, ਇਸ ਲਈ ਅਜੇ ਏਡੀ ਕਾਹਲ ਨਾਲ ਅਸਲ ਕਹਿਣ ਦੀ ਤੇ ਅਜਬ ਨਜ਼ਾਰਾ ਕਹਿਣ ਦੀ ਕੀ ਲੋੜ ਹੈ? ਜਦ ਅਜੇ ਨਕਲ ਤੇ ਗੁਜ਼ਾਰਾ ਹੀ ਹੋਇਆ ਏ। ਮੈਨੂੰ ਜੋ ਦਿਸਿਆ ਸੋ ਮੈਂ ਆਖ ਦਿੱਤਾ ਹੈ। ਅਜੇ ਸਾਧ ਸੰਗਤ ਨੂੰ ਗੁਰੂ ਰੂਪ ਨਹੀਂ ਜਾਣਿਆ ਗਿਆ।

"ਸਤਿਗੁਰੂ ਪਰਤਾਪ ਸਿੰਘ ਜੀ ਇਹ ਵਾਰਤਾ ਦੋਹਾਂ ਸਾਧਾਂ ਦੀ ਸੁਣ, ਬਚਨ ਕੀਤਾ, ਆਪੋ ਆਪਣੀ ਥਾਂ ਦੋਵੇਂ ਠੀਕ ਬੋਲਦੇ ਰਹੇ ਹਨ। ਜਿਵੇਂ ਬਾਬਾ ਜੀ (ਧਿਆਨ ਸਿੰਘ) ਤੇ ਸਾਧਾਂ ਦੇ ਜਤਨ ਨੇ ਇਤਨਾ ਹੰਭਲਾ ਮਾਰ ਕੁਝ ਸਵਾਰ ਵਿਖਾਇਆ ਹੈ, ਗੁਰੂ ਕਿਰਪਾ ਕੀਤੀ ਤਾਂ ਰਹਿੰਦੀ ਕਸਰ ਭੀ ਹੁਣ ਨਿਕਲ ਜਾਣ ਦੀ ਉਮੀਦ ਹੋ ਗਈ ਹੈ।"[8]

ਸੰਤ ਮੰਜੀ ਤੋੜ ਜੀ ਦੀ ਇਹ ਮਸਤਾਨੀ ਕੂਕਾ-ਕਾਰ ਹੀ ਤਾਂ ਸੀ, ਜਿਸ ਨੇ ਉਹਨਾਂ ਪਾਸੋਂ ਮਰਿਆਦਾ ਵਿਚ ਆਈ ਤਰੁੱਟੀ ਬਾਰੇ, ਸੰਗਤ ਨੂੰ ਅਗਾਹ ਕਰਨ ਦਾ ਕਰਤਬ ਨਿਭਾਇਆ ਸੀ। ਇਸ ਤੋਂ ਕੁਝ ਮਹੀਨੇ ਬਾਅਦ ਹੀ ਗੁਰੂ ਸਰ (ਫੀਰੋਜ਼ਪੁਰ) ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਮਾਤਾ ਭੁਪਿੰਦਰ ਕੌਰ ਜੀ ਨਾਲ ਅਨੰਦ ਕਾਰਜ, ਪੂਰਨ ਗੁਰ-ਮਰਿਆਦਾ ਅਨੁਸਾਰ ਹੀ ਹੋਇਆ ਸੀ।

Sri Satguru Jagjit Singh Ji Elibrary NamdhariElibrary@gmail.com

ਸੰਤ ਜੀ ਅੱਠੇ ਪਹਿਰ ਨਾਮ ਦੇ ਰੰਗ ਵਿਚ ਮਸਤ ਰਹਿੰਦੇ ਸਨ। ਇਕ ਦਿਨ ਮਸਤਾਨੀ ਬਿਰਤੀ ਵਿਚ ਭਾਟੀ ਦਰਵਾਜ਼ੇ, ਲਾਹੌਰ ਵਿਖੇ ਬੈਠੇ ਹੋਏ ਸਨ। ਉੱਥੇ ਇਕ ਈਸ਼ਰ ਸਿੰਘ ਨਾਮੇ ਤਾਰ ਬਾਬੂ, ਸੰਤਾਂ ਪਾਸ ਆ ਕੇ ਉਲਟ ਸੁਲਟ ਬੋਲਣ ਲੱਗ ਪਿਆ। ਅਖੇ ਕੂਕੇ ਚੰਗਾ ਚੋਖਾ ਖਾਣ ਦੇ ਮਾਰੇ, ਘਰੋਂ ਘਰੀ ਤੁਰੇ ਫਿਰਦੇ ਹਨ। ਅਜੀਬ ਭੌਂਦੂ ਟੋਲਾ ਏ। ਮਸਤੀ ਦਾ ਝੂਠਾ ਸੁਆਂਗ ਰਚ ਕੇ, ਐਵੇਂ ਸਿਰ ਮਾਰਦੇ ਫਿਰਦੇ ਹਨ। ਅਖੇ ਐਵੇਂ ਧੁੰਮਾਈ ਫਿਰਦੇ ਹਨ ਕਿ ਕੂਕਿਆਂ ਦਾ ਭਜਨ ਮਸਤਾਨੇ ਬਣਾ ਦਿੰਦਾ ਹੈ। ਸੁਆਦ ਤਾਂ ਤਾਂ ਹੈ ਜੇ ਮੈਨੂੰ ਵੀ ਮਸਤਾਨੇ ਕਰ ਦੇਣ। ਉਸ ਦੀਆਂ ਇਹ ਗੱਲਾਂ ਸੁਣਦਿਆਂ ਹੀ ਸੰਤ ਜੀ ਉੱਠੇ, ਉਸ ਦੀ ਗਰਦਨ ਆਪਣੀ ਬਾਂਹ ਵਿਚ ਵਲ ਲਈ ਅਤੇ ਕੰਨ ਵਿਚ ਚੌ ਅੱਖਰਾ, ਭਜਨ ਦਾ ਨਾਮ ਸੁਣਾ ਦਿੱਤਾ। ਬੱਸ ਫਿਰ ਕੀ ਸੀ? ਬਾਬੂ ਜੀ ਮਸਤਾਨੇ ਹੋ ਗਏ ਅਤੇ ਤਿੰਨ ਦਿਨ ਇਸੇ ਮਸਤੀ ਵਿਚ ਪਏ ਰਹੇ। ਜਦੋਂ ਹੋਸ਼ ਆਈ ਸੰਤ ਜੀ ਦੇ ਚਰਨਾਂ ਤੇ ਢਹਿ ਪਏ ਅਤੇ ਅਬਾ ਤਬਾ ਬੋਲਣ ਦੀ ਖਿਮਾ ਯਾਚਨਾ ਕੀਤੀ। ਬਾਬੂ ਜੀ ਦੀ ਰਹਿੰਦੀ ਉਮਰ ਵੀ ਇਸੇ ਮਸਤੀ ਦੇ ਰੰਗ ਵਿਚ ਬਤੀਤ ਹੋਈ।

ਮਸਤਾਨੀ ਬਿਰਤੀ ਵਿਚ ਹੀ ਸੰਤ ਸੁੰਦਰ ਸਿੰਘ ਜੀ ਮੰਜੀ-ਤੋੜ, ਬਿਨਾਂ ਪਾਸ ਪੋਰਟ ਤੋਂ ਹੀ ਸਮੁੰਦਰੀ ਜਹਾਜ਼ ਵਿਚ ਬੈਠ ਕੇ ਅਫਰੀਕਾ ਦੇ ਸਮੁੰਦਰੀ ਕੰਢੇ ਤੇ ਪੁੱਜ ਗਏ। ਆਪ ਨੇ 19 ਦਿਨ ਜਹਾਜ਼ ਵਿਚ, ਬਿਨਾਂ ਅੰਨ ਜਲ ਤੋਂ ਹੀ ਸਫ਼ਰ ਕਰ ਲਿਆ। ਇੰਮੀਗ੍ਰੇਸ਼ਨ ਮਹਿਕਮੇ ਦੇ ਅਧਿਕਾਰੀ, ਆਪ ਨੂੰ ਸਾਧੂ ਜਾਣ ਕੇ, ਚੰਗਾ ਸਲੂਕ ਕਰਦੇ ਸਨ ਅਤੇ ਇਸੇ ਲਈ ਉਹਨਾਂ ਨੇ ਬਿਨਾਂ ਲੋੜੀਂਦੇ ਕਾਗਜ਼ ਪੱਤਰਾਂ ਦੇ ਆਪ ਨੂੰ ਅਫਰੀਕਾ ਦੀ ਧਰਤੀ ਤੇ ਉਤਰਨ ਦੀ ਆਗਿਆ ਦੇ ਦਿੱਤੀ। ਅਫਰੀਕਾ ਵਿਚ ਜ਼ਿਆਦਾਤਰ ਉਹਨਾਂ ਦਿਨਾਂ ਵਿਚ ਲੱਕੜੀ ਦਾ ਕੰਮ ਕਰਨ ਵਾਲੇ, ਰਾਮਗੜ੍ਹੀਏ ਸਿੱਖ ਪਰਵਾਰ ਪੰਜਾਬ ਵਿਚੋਂ ਜਾਂਦੇ ਸਨ। ਸੰਤ ਮੰਜੀ-ਤੋੜ ਜੀ ਨੂੰ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਤ ਸਾਰੀ ਬਾਣੀ ਲਗਾਤਾਰ ਪਾਠ ਕਰਦਿਆਂ ਰਹਿਣ ਕਾਰਨ, ਕੰਠ ਹੋ ਚੁੱਕੀ ਸੀ, ਇਸ ਲਈ ਆਪ ਜਿੱਥੇ ਵੀ ਦੀਵਾਨ ਲਾਉਂਦੇ, ਰੰਗ ਬਣ ਜਾਂਦਾ ਸੀ। ਅਫਰੀਕਾ ਵਿਚ ਜਿਹੜੇ ਸੱਜਣ, ਪਹਿਲਾਂ ਆਪ ਦਾ ਕੂਕੇ ਹੋਣ ਕਾਰਨ ਵਿਰੋਧ ਵੀ ਕਰਦੇ ਸਨ ਆਪ ਦੀ ਮਸਤੀ ਭਰੀ ਤੱਕਣੀ, ਵਿਦੱਵਤਾ ਅਤੇ ਸਿੱਧੇ ਸਾਦੇ ਬਚਨਾਂ ਦੇ ਕਾਇਲ ਹੋ ਕੇ ਉਹ ਸਭ ਵੀ ਆਪ ਤੋਂ ਭਜਨ ਪੁੱਛ ਕੇ ਨਾਮਧਾਰੀ ਸਿੰਘ ਸਜ ਜਾਂਦੇ ਸਨ। ਅਫਰੀਕਾ ਮਹਾਂਦੀਪ ਵਿਚ ਬਹੁਤ ਸਾਰੇ ਸਰੀਰਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਅਮਨ, ਏਕਤਾ, ਆਜ਼ਾਦੀ ਅਤੇ ਸਾਂਝੀਵਾਲਤਾ ਦੇ ਝੰਡੇ ਹੇਠ ਲਿਆ ਕੇ, ਇੱਥੇ ਨਾਮਧਾਰੀ ਸਿੱਖੀ ਅਤੇ ਸੰਗਤ ਕਾਇਮ ਕਰਨ ਦਾ ਸ਼ਰਫ, ਮੰਜੀ ਤੋੜ ਜੀ ਨੂੰ ਹਾਸਿਲ ਹੋਇਆ। ਆਪ ਜੀ ਦੀ ਅਫਰੀਕਾ ਫੇਰੀ ਤੋਂ ਕੋਈ ਦੋ ਢਾਈ ਦਹਾਕੇ ਬਾਅਦ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਪਹਿਲੀ ਵੇਰ 1953 ਵਿਚ, ਅਫਰੀਕਾ ਦੀਆਂ ਸੰਗਤਾਂ ਦੀ ਬੇਨਤੀ ਤੇ ਉੱਥੇ ਪਰਚਾਰ ਦੌਰਾ ਕੀਤਾ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਦੇਸ਼ ਵਿਦੇਸ਼ ਵਿਚ ਫੈਲਾਉਣ ਵਾਲੇ ਸੰਤ ਮੰਜੀ-ਤੋੜ ਹੋਰਾਂ ਵਰਗੇ ਅਨੇਕ ਕੂਕੇ ਸਾਧੂ ਸੰਤ ਅਤੇ ਮਸਤਾਨੇ, ਗੁਰੂ ਪਿਆਰੇ ਹੋਏ ਹਨ।[9]

ਇਕ ਵੇਰ ਅੰਮ੍ਰਿਤਸਰ ਸ਼ਹਿਰ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਦੀਵਾਨ ਲੱਗਾ ਹੋਇਆ ਸੀ। ਸੰਤ ਮੰਜੀ-ਤੋੜ ਜੀ ਆਤਮਿਕ ਅਨੰਦ ਦੀ ਸਿਖਰ ਵਾਲੀ ਮਸਤ ਬਿਰਤੀ ਵਿਚ, ਤਾੜੀਆਂ ਲਾਉਂਦੇ ਹੋਏ, ਸੰਗਤ ਨੂੰ ਸੰਬੋਧਿਤ ਹੋ ਰਹੇ ਸਨ। ਉਹ ਤਾਂ ਰਸ ਵਿਚ ਗੜੂੰਦ ਸ਼ਬਦ ਆਪਣੇ ਹਿਰਦੇ ਵਿਚੋਂ ਕੱਢ ਰਹੇ ਸਨ, ਜਿਹੋ ਜਿਹੇ ਅਸੀਂ ਕਿਸੇ ਆਪਣੇ ਡਾਢੇ ਪਿਆਰੇ ਨਾਲ ਵਰਤਦੇ ਹਾਂ ਜਾਂ ਲਾਡ ਵਿਚ ਕਈ ਵੇਰ ਪਿਤਾ ਪੁੱਤਰਾਂ ਦੀ ਵਾਰਤਾਲਾਪ ਹੋ ਜਾਂਦੀ ਹੈ। ਦੁਨਿਆਵੀ ਬਿਰਤੀ ਵਾਲੇ ਨੂੰ ਇਹ ਸ਼ਬਦ ਰੁੱਖੇ ਅਤੇ ਸ਼ਰਧਾ ਤੋਂ ਹੀਣ ਜਾਪ ਕੇ, ਗੁਰੂ ਸਾਹਿਬਾਨ ਦੇ ਸਤਿਕਾਰ ਤੋਂ ਵੱਖਰੇ ਮਾਲੂਮ ਹੁੰਦੇ ਸਨ। ਉਹਨਾਂ ਮਹਿਸੂਸ ਕੀਤਾ ਕਿ ਸੰਤ ਜੀ ਤਾਂ ਗੁਰੂ-ਨਿੰਦਾ ਕਰ ਰਹੇ ਹਨ। ਇਸ ਲਈ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਘੋੜਿਆਂ ਦੇ ਦਰੋਗਾ ਰਹੇ, ਬਾਬਾ ਸੁਹੇਲ ਸਿੰਘ ਜੀ ਬਿਲਗਾ (ਜਲੰਧਰ) ਨੇ ਆਪਣਾ ਖੂੰਡਾ ਚੁੱਕ ਕੇ ਸੰਤਾਂ ਨੂੰ ਮਾਰਨਾ ਚਾਹਿਆ। ਸੰਤਾਂ ਨੇ ਆਪਣੀ ਮਸਤਾਨੀ ਬਿਰਤੀ ਵਿਚ ਹੀ ਸੁਹੇਲ ਸਿੰਘ ਹੋਰਾਂ ਨੂੰ ਲਲਕਾਰਿਆ-"ਉਇ ਤੂੰ ਮੈਨੂੰ ਮਾਰ ਨਹੀਂ ਸਕਦਾ!" ਘਟਨਾ ਦੇ ਪ੍ਰਤੱਖ ਦਰਸ਼ੀ ਸੰਤ ਇੰਦਰ ਸਿੰਘ ਚੱਕਰਵਰਤੀ ਅਨੁਸਾਰ, "ਸੱਚ ਮੁੱਚ, ਸੁਹੇਲ ਸਿੰਘ ਜੀ ਦਾ ਖੂੰਡਾ ਉੱਥੇ ਦਾ ਉੱਥੇ ਹੀ ਟਿਕਿਆ ਰਿਹਾ, ਇਹ ਨਜ਼ਾਰਾ ਮੈਂ ਆਪਣੀ ਅੱਖੀਂ ਡਿੱਠਾ ਹੈ।

"ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸੁਹੇਲ ਸਿੰਘ ਜੀ ਨੂੰ ਸੱਦ ਕੇ ਆਖਣ ਲੱਗੇ-"ਸੁਹੇਲ ਸਿੰਘ ਜੀ ਇਹਨਾਂ ਦੀ ਕੀ ਤਾਕਤ ਹੈ ਇਹ ਮੈਨੂੰ ਜਾਂ ਸਤਿਗੁਰਾਂ ਨੂੰ ਕੁਛ ਆਖਣ। ਇਹ ਤੇ ਕੋਈ ਨਿਰਾਲੀ ਖੇਡ ਹੈ, ਇਹ ਬਾਹਰੋਂ ਹੀ ਭੁੱਲ ਚੁੱਕ ਬੋਲਦੇ ਹਨ, ਪਰ ਅੰਦਰੋਂ ਇਹਨਾਂ ਜਿਨ੍ਹਾਂ ਅਦਬ ਕੋਈ ਵੀ ਹੋਰ ਨਹੀਂ ਕਰਦਾ।"[10]

ਸੰਤ ਯਾਤਰਾਵਾਂ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਇਕ ਵੇਰ ਆਪ ਹਜ਼ੂਰ ਸਾਹਿਬ ਦੀ ਯਾਤਰਾ ਤੇ ਚਲੇ ਗਏ। ਕਿਉਂਕਿ ਦਸਮ ਗ੍ਰੰਥ ਸਾਹਿਬ ਦੀ ਬਾਣੀ ਬਹੁਤ ਕੰਠਾਗਰ ਸੀ ਜਦੋਂ ਵੀ ਤਖਤ ਸ੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ, ਦੇ ਦਰਸ਼ਨ ਕਰਨ

Sri Satguru Jagjit Singh Ji Elibrary NamdhariElibrary@gmail.com

ਜਾਣ ਦਸਮ ਬਾਣੀ ਦਾ ਪਾਠ ਕਰਦੇ ਹੋਏ, ਮਸਤਾਨੇ ਹੋ ਜਾਣ। ਇਸ ਕਾਰਨ ਪੁਜਾਰੀ ਸਿੰਘ ਤੇ ਹੋਰ ਪਰਬੰਧਕ ਆਪ ਨੂੰ ਮਾਰਨ ਪੈਂਦੇ ਰਹੇ। ਪਰ ਗੁਰੂ ਕੀ ਬਾਣੀ ਦੇ ਪਾਠ ਦਾ ਰਸ ਅਤੇ ਆਪ ਦੇ ਚਿਹਰੇ ਦਾ ਤੇਜ ਅਜਿਹਾ ਸੀ ਕਿ ਕੋਈ ਆਪ ਤੇ ਹੱਥ ਨਾਂ ਚੁੱਕ ਸਕਦਾ। ਸੰਤ ਜੀ ਕਈ ਦਿਨ ਉੱਥੇ ਰਹੇ। ਸਤਿਗੁਰੂ ਜੀ ਦੇ ਮਿਸ਼ਨ ਦਾ ਪਰਚਾਰ ਕਰਕੇ, ਪੰਜਾਬ ਵਾਪਿਸ ਮੁੜ ਆਏ।[11]

ਆਪ ਜੀ ਤੋਂ ਵਰੋਸਾਏ, ਮਾ. ਸੁਹੇਵਾ ਸਿੰਘ ਜੀ ਵੰਡ ਤੋਂ ਪਹਿਲਾਂ ਭੈਣੀ ਸਾਹਿਬ, ਸੁਕੇਤ (ਹਿਮਾਚਲ) ਆਦਿ ਵਿਖੇ ਤੇ ਬਾਅਦ ਵਿਚ ਸ੍ਰੀ ਜੀਵਨ ਨਗਰ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵੀ ਨਾਮਧਾਰੀ ਪੰਥ ਦੀਆਂ ਵੱਡ ਮੁੱਲੀਆਂ ਸੇਵਾਵਾਂ ਨਿਭਾਹੁੰਦੇ ਰਹੇ। ਉਹਨਾਂ ਦੀਆਂ ਦੋ ਪੁੱਤਰੀਆਂ ਹੀ ਸਨ। ਛੋਟੀ ਪੁੱਤਰੀ ਬੀਬੀ ਦੁਰਗੀ ਬਾਈ ਦਾ ਅਤੇ ਉਸ ਦੇ ਪਤੀ ਗੁਰਦਿਤ ਸਿੰਘ ਦਾ ਪਰਵਾਰ ਜੀਵਨ ਨਗਰ ਰਹਿੰਦਾ ਹੈ। ਮਾਸਟਰ ਜੀ ਦੇ ਦੋਹਤੇ ਸ੍ਰ. ਅਮਰ ਸਿੰਘ ਲੰਬੜਦਾਰ, ਸੰਤਾ ਸਿੰਘ, ਜਸਵੰਤ ਸਿੰਘ ਤਾਂ ਗੁਜ਼ਰ ਚੁੱਕੇ ਹਨ, ਮਹਿੰਦਰ ਸਿੰਘ ਹਰੀ ਕਾਇਮ ਹਨ। ਸੰਤ ਮੰਜੀ-ਤੋੜ ਜੀ ਦੇ ਪਰਵਾਰਿਕ ਜੀਵਨ ਬਾਰੇ ਸਾਡਾ ਇਤਿਹਾਸ ਖ਼ਾਮੋਸ਼ ਹੈ। ਜੇਕਰ ਕਿਸੇ ਹੋਰ ਸੱਜਣ ਪਾਸ ਸੰਤ ਜੀ ਜਾਂ ਉਹਨਾਂ ਦੇ ਭਰਾਵਾਂ ਭੈਣਾਂ ਦੇ ਪਰਵਾਰਾਂ ਬਾਰੇ, ਕੋਈ ਜਾਣਕਾਰੀ ਹੋਵੇ ਤਾਂ ਉਹ 'ਵਰਿਆਮ' ਦੇ ਪਾਠਕਾਂ ਨਾਲ ਜ਼ਰੂਰ ਸਾਂਝੀ ਕਰੇ। ਇਹ ਅਧੂਰੀਆਂ ਜਾਣਕਾਰੀਆਂ ਛੱਡ ਕੇ ਜਾਣ ਵਾਲੇ ਸੰਤ ਜੀ, ਕਰਨੀ ਦੇ ਪੂਰੇ ਸਨ। ਇਹਨਾਂ ਦੀ ਅਮਰ ਗਾਥਾ ਸਦਾ ਚੱਲਦੀ ਰਹੇਗੀ।

ਹਵਾਲੇ ਅਤੇ ਟਿੱਪਣੀਆਂ

(1) ਸੰਤ ਬਿਸ਼ਨ ਸਿੰਘ ਜੀ ਨੰਗਲ ਕਲਾਂ, ਸਤਿਜੁਗ, ਸ੍ਰੀ ਭੈਣੀ ਸਾਹਿਬ, 27 ਜੇਠ 2001 ਬਿ., ਸ਼ਾਂਤ ਮੂਰਤੀ ਮਹੰਤ ਜੀਉਣ ਸਿੰਘ ਜੀ, ਲੇਖ, ਸਫ਼ਾ 4

(2) ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ (ਸੰ. ਜਸਵਿੰਦਰ ਸਿੰਘ), ਸਫ਼ਾ 176

(3) ਸੰਤ ਇੰਦਰ ਸਿੰਘ ਚੱਕਰਵਰਤੀ, ਸਤਿਜੁਗ, ਸ੍ਰੀ ਭੈਣੀ ਸਾਹਿਬ ਦਾ ਸੰਤ ਅੰਕ, (ਭਾਗ ਦੂਜਾ), 20 ਭਾਦਰੋਂ ਸੰਮਤ 1998 ਬਿ. (ਮੁਤਾਬਿਕ 1941 ਈ.), ਲੇਖ-ਸੰਤ ਸੁੰਦਰ ਸਿੰਘ ਮੰਜੀ ਤੋੜ ਜੀ, ਸਫ਼ਾ 47

(4) ਮਾਸਟਰ ਨਿਹਾਲ ਸਿੰਘ ਜੀ, ਸਤਿਜੁਗ, ਸ੍ਰੀ ਜੀਵਨ ਨਗਰ ਦਾ ਬਸੰਤ ਅੰਕ, 21 ਮਾਘ, ਸੰਬਤ 2043 (ਮੁਤਾਬਿਕ 12 ਫਰਵਰੀ 1987), ਲੇਖ, ਮਾ. ਸੁਹਾਵਾ ਸਿੰਘ ਜੀ, ਸਫ਼ਾ 85

(5) ਮਾਸਟਰ ਸੁਹਾਵਾ ਸਿੰਘ ਜੀ ਪ੍ਰਦੇਸੀ, ਸ੍ਰੀ ਜੀਵਨ ਨਗਰ, "ਸਤਿਜੁਗ", ਸ੍ਰੀ ਜੀਵਨ ਨਗਰ ਦਾ "ਬਸੰਤ-ਅੰਕ", 29 ਮਾਘ 2007 ਬਿਕ੍ਰਮੀ (ਫਰਵਰੀ, 1951), ਲੇਖ, ਕੱਚ ਤੋਂ ਕੰਚਨ, ਸਫ਼ਾ 71-72

(6) ਮਾਸਟਰ ਨਿਹਾਲ ਸਿੰਘ ਜੀ, ਉਪਰੋਕਤ ਬਸੰਤ ਅੰਕ ਦਾ, ਮਾਸਟਰ ਸੁਹਾਵਾ ਸਿੰਘ ਬਾਰੇ ਲੇਖ, ਸਫ਼ਾ 86

(7) ਮਾਸਟਰ ਨਿਹਾਲ ਸਿੰਘ ਜੀ, ਸੀਤਲਤਾ ਦਾ ਸਰੋਤ (ਗੁਰੂ ਹਰੀ ਸਿੰਘ ਬਾਰੇ ਮਹਾਂਕਾਵਿ), 1969, ਸ੍ਰੀ ਜੀਵਨ ਨਗਰ, ਫੁੱਟ ਨੋਟ, ਸੁੰਦਰ ਸਿੰਘ ਮੰਜੀ ਤੋੜ, ਸਫ਼ਾ 165

(8) ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਜਿਲਦ ਪਹਿਲੀ, ਛਾਪ ਪਹਿਲੀ, ਸਫ਼ਾ 129-30

(9) ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਅੰਕ ਦਾ ਉਪਰੋਕਤ ਲੇਖ, ਸਫ਼ਾ 49

(10)-(11), ਉਪਰੋਕਤ, ਸਫ਼ਾ 50

ਪਿੰਡ ਤੇ ਡਾਕਘਰ- ਕਰੀਵਾਲਾ
ਜ਼ਿਲ੍ਹਾ- ਸਿਰਸਾ (ਹਰਿਆਣਾ)
ਸੰਪਰਕ : 99963-71716

ਵਰਿਆਮ

'ਵਰਿਆਮ' ਨੇ ਆਪਣਾ ਤਾਜ਼ਾ ਅੰਕ (ਨਵੰਬਰ 19) ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਕੇਂਦਰਤ ਕੀਤਾ ਹੈ। ਇਸ ਵਿੱਚ ਵਰਿਆਮ ਸਿੰਘ ਸੰਧੂ, ਤਾਰਾ ਸਿੰਘ ਅਨਜਾਣ, ਡਾ. ਹਰਿਭਜਨ ਸਿੰਘ, ਗੁਰਬਚਨ ਸਿੰਘ ਭੁੱਲਰ, ਸਤਨਾਮ ਸਿੰਘ ਮਾਣਕ, ਡਾ: ਜਸਪਾਲ ਸਿੰਘ, ਗੁਰਭਜਨ ਗਿੱਲ, ਡਾ: ਸੁਖਦੇਵ ਸਿੰਘ ਸਿਰਸਾ, ਸੁਵਰਨ ਸਿੰਘ ਵਿਰਕ, ਸ੍ਰੀ ਤ੍ਰਿਲੋਚਨ ਸਿੰਘ, ਹਰਪਾਲ ਸਿੰਘ ਪਨੂੰ, ਡਾ: ਹਰਵਿੰਦਰ ਸਿੰਘ ਭੱਟੀ, ਕੁਲਦੀਪ ਸਿੰਘ ਦੀਪ, ਮਨੋਦੀਪ ਜਲੋਟਾ, ਗੁਰਬਚਨ ਸਿੰਘ ਨਾਮਧਾਰੀ, ਐਨ. ਆਰ. ਕੌਸ਼ਿਕ, ਉਸਤਾਦ ਹਰਭਜਨ ਸਿੰਘ, ਹਰਜਿੰਦਰ ਸਿੰਘ ਢਾਗੀ, ਗੁਰਬਖਸ਼ ਸਿੰਘ ਮਠਾੜੂ, ਬਲਬੀਰ ਸਿੰਘ ਮਠਾੜੂ ਦੀਆਂ ਗੁਰੂ ਨਾਨਕ, ਨਾਨਕ-ਬਾਣੀ ਦੇ ਸਰੋਕਾਰਾਂ ਬਾਰੇ ਮਹੱਤਵਪੂਰਨ ਲਿਖਤਾਂ ਦੇ ਨਾਲ ਕੁਝ ਪੇਟਿਕਚ ਵੀ ਛਪੀਆਂ ਹਨ। 186 ਸਫਿਆਂ ਦਾ ਇਹ ਵੱਡ-ਆਕਾਰੀ ਅੰਕ ਸੋਹਣੀ ਦਿੱਖ ਨਾਲ ਛਪਿਆ ਹੈ। ਇਸ ਦੀ ਕੀਮਤ ਹੈ 40 ਰੁਪਏ ਤੇ ਸੰਪਰਕ ਪਤਾ : ਲਾਡੋਵਾਲੀ ਰੋਡ, ਸਾਹਮਣੇ ਸੈਂਟਰਲ ਟਾਊਨ, ਜਲੰਧਰ-144001

ਪਰਚੇ ਦੀ ਸੰਪਾਦਕ - ਡਾ. ਰਜਵੰਤ ਕੌਰ
ਸੰਪਰਕ- 98786-16886

ਨਵਾਂ ਜ਼ਮਾਨਾ- 24 ਨਵੰਬਰ 2019

Sri Satguru Jagjit Singh Ji Elibrary NamdhariElibrary@gmail.com

ਕਹਾਣੀ

ਸਵਾ ਸੇਰ ਕਣਕ ਦਾ ਮੁੱਲ

- ਮੁਨਸ਼ੀ ਪ੍ਰੇਮ ਚੰਦ

ਕਿਸੇ ਪਿੰਡ ਵਿਚ ਸ਼ੰਕਰ ਨਾਮ ਦਾ ਗ਼ਰੀਬ ਕਿਸਾਨ ਰਹਿੰਦਾ ਸੀ। ਉਹ ਬਹੁਤ ਹੀ ਸਿੱਧਾ ਸਾਦਾ ਆਦਮੀ ਸੀ। ਉਹ ਆਪਣੇ ਕੰਮ ਵਿਚ ਹੀ ਰੁੱਝਿਆ ਰਹਿੰਦਾ। ਨਾ ਕੋਈ ਲੈਣਾ, ਨਾ ਕੋਈ ਦੇਣਾ। ਕਿਸੇ ਛਲ ਕਪਟ ਜਾਂ ਹੇਰਾਫੇਰੀ ਦੀ ਲਾਗ ਵੀ ਉਸ ਨੂੰ ਨਹੀਂ ਸੀ ਲੱਗੀ। ਕੋਈ ਉਸ ਕੋਲੋਂ ਕੁਝ ਠੱਗ ਲਵੇਗਾ ਅਜੇਹੀ ਚਿੰਤਾ ਵੀ ਉਸਨੂੰ ਨਹੀਂ ਸੀ। ਕਿਉਂਕਿ ਅਜੇਹਾ ਕੁਝ ਉਸ ਕੋਲ ਹੈ ਹੀ ਨਹੀਂ ਸੀ, ਜੋ ਉਸ ਕੋਲੋਂ ਕੋਈ ਠੱਗ ਲਵੇ। ਦਿਹਾੜੀ ਲਾ ਕੇ ਜੋ ਕੁਝ ਉਸਨੂੰ ਮਿਲਦਾ, ਉਹ ਉਸ ਨਾਲ ਹੀ ਟੱਬਰ ਦਾ ਗੁਜ਼ਾਰਾ ਕਰ ਲੈਂਦਾ। ਜੇ ਕਦੇ ਨਾ ਵੀ ਮਿਲਦਾ ਤਾਂ ਸਾਰਾ ਟੱਬਰ ਪਾਣੀ ਪੀ ਕੇ ਹੀ ਰਾਮ ਦਾ ਨਾਮ ਲੈ ਕੇ ਸੌਂ ਜਾਂਦਾ। ਪਰ ਜੇ ਕੋਈ ਲੋੜਵੰਦ ਦਰ 'ਤੇ ਆ ਜਾਂਦਾ ਤਾਂ ਸਭ ਕੁਝ ਭੁੱਲ ਕੇ, ਤਨੋ ਮਨੋ ਦੁਨੀਆਂਦਾਰ ਬਣਕੇ ਉਸਦੀ ਸੇਵਾ ਕਰਦਾ। ਖਾਸ ਕਰਕੇ ਸਾਧੂ ਸੰਤਾਂ ਲਈ ਤਾਂ ਆਪ ਭੁੱਖਾ ਰਹਿਕੇ ਵੀ ਰੋਟੀ ਪਾਣੀ ਦਾ ਪ੍ਰਬੰਧ ਕਰਦਾ।

ਇਕ ਸ਼ਾਮ ਇਕ ਸਾਧੂ ਨੇ ਸ਼ੰਕਰ ਦਾ ਬੂਹਾ ਆ ਖੜਕਾਇਆ। ਤੇਜੱਸਵੀ ਚਿਹਰਾ, ਗਲ ਵਿਚ ਪੀਲਾ ਕੁੜਤਾ ਤੇ ਪਰਨਾ, ਸਿਰ ਉੱਤੇ ਜਟਾਂ, ਪੈਰਾਂ ਵਿਚ ਖੜਾਵਾਂ। ਹੱਥ ਵਿਚ ਪਿੱਤਲ ਦਾ ਕਰਮੰਡਲ। ਅੱਖਾਂ ਉੱਤੇ ਨਜ਼ਰ ਦੀ ਐਨਕ, ਪੂਰਾ ਵੇਸ ਮਹਾਤਮਾ ਵਾਲਾ ਸੀ। ਜੋ ਅਮੀਰਾਂ ਦੇ ਵੱਡੇ ਮਹਿਲਾਂ ਵਿਚ ਤਪੱਸਿਆ ਕਰਦੇ ਅਤੇ ਵੱਡੀਆਂ ਗੱਡੀਆਂ ਵਿਚ ਤੀਰਥ ਅਸਥਾਨਾਂ ਦੀ ਯਾਤਰਾ ਨਾਲ ਯੋਗ ਸਿੱਧੀ ਪ੍ਰਾਪਤ ਕਰਨ ਲਈ ਸਵਾਦੀ ਭੋਜਨ ਕਰਦੇ ਹਨ।

ਸ਼ੰਕਰ ਦੇ ਘਰ ਉਸ ਵੇਲੇ ਸਿਰਫ ਜੌਂ ਦਾ ਆਟਾ ਹੀ ਸੀ। ਉਹ ਉਸ ਤਪੱਸਵੀ ਨੂੰ ਭਲਾ ਕਿਵੇਂ ਖਲਾ ਦਿੰਦਾ? ਪੁਰਾਣੇ ਸਮੇਂ ਵਿਚ ਤਾਂ ਜੌਂ ਦੀ ਕੁਝ ਪੁੱਛ ਸੀ। ਪਰ ਅੱਜ ਦੇ ਜੁੱਗ ਵਿਚ ਜੌਂ ਦੇ ਆਟੇ ਦੀ ਕੀ ਪੁੱਛ ਹੈ? ਇਹ ਸਿੱਧ ਪੁਰਸ਼ ਕਿਉਂ ਖਾਣਗੇ ਜੌਂ ਦਾ ਆਟਾ? ਇਹ ਤਾਂ ਇਨ੍ਹਾਂ ਨੂੰ ਪਚਣਾ ਹੀ ਨਹੀਂ। ਸ਼ੰਕਰ ਚਿੰਤਾ ਵਿਚ ਘਿਰ ਗਿਆ ਕਿ ਮਹਾਤਮਾ ਨੂੰ ਕੀ ਖਲਾਵਾਂ? ਆਖਰ ਉਸਨੇ ਸੋਚਿਆ ਕਿ ਪਿੰਡ ਵਿਚ ਜਾ ਕੇ ਕਿਸੇ ਕੋਲੋਂ ਕਣਕ ਦਾ ਆਟਾ ਉਧਾਰ ਲੈ ਆਉਂਦਾ ਹਾਂ, ਤੇ ਉਸਦੀ ਰੋਟੀ ਬਣਾ ਕੇ ਖਵਾ ਦਿਆਂ। ਇਹ ਸੋਚ ਕੇ ਉਹ ਪਿੰਡ ਵੱਲ ਨੂੰ ਤੁਰ ਪਿਆ। ਪਰ ਸਾਰੇ ਪਿੰਡ ਵਿਚੋਂ ਉਸਨੂੰ ਕਣਕ ਦਾ ਆਟਾ ਨਾ ਮਿਲਿਆ। ਕਿਉਂਕਿ ਪਿੰਡ ਵਿਚ ਇਨਸਾਨ ਤਾਂ ਬਹੁਤ ਸਨ ਪਰ ਦੇਵਤਾ ਕੋਈ ਨਹੀਂ ਸੀ। ਫਿਰ ਦੇਵਤਿਆਂ ਦਾ ਖਾਣਾ ਕਿੱਥੋਂ ਮਿਲਦਾ? ਸ਼ੰਕਰ ਦੀ ਕਿਸਮਤ ਕਿ ਉਸਨੂੰ ਇਕ ਵਿਪਰ ਮਹਾਜਨ ਨਾਮ ਦੇ ਘਰੋਂ ਸਵਾ ਸੇਰ ਕਣਕ ਉਧਾਰ ਮਿਲ ਗਈ। ਘਰ ਆ ਕੇ ਉਸਨੇ ਪਤਨੀ ਨੂੰ ਕਿਹਾ, "ਇਸ ਨੂੰ ਚੱਕੀ ਵਿਚ ਪੀਸ ਕੇ ਆਟਾ ਬਣਾ ਲੈ ਤੇ ਰੋਟੀ ਪਕਾ ਦੇ।"

ਮਹਾਤਮਾ ਨੇ ਰੋਟੀ ਖਾਧੀ ਤੇ ਲੰਮੀ ਤਾਣ ਕੇ ਸੌਂ ਗਏ। ਫਿਰ ਤੜਕੇ ਉੱਠ ਕੇ ਉਨ੍ਹਾਂ ਸ਼ੰਕਰ ਨੂੰ ਅਸੀਸ ਦਿੱਤੀ ਤੇ ਆਪਣੀ ਮੰਜ਼ਿਲ ਵੱਲ ਨੂੰ ਤੁਰ ਗਏ।

ਵਿਪਰ ਮਹਾਜਨ ਸਾਲ ਵਿਚ ਦੋ ਵਾਰ ਫ਼ਸਲ ਵਿਚੋਂ ਦਾਨ ਲੈਣ ਆਉਂਦਾ ਸੀ। ਸ਼ੰਕਰ ਨੇ ਸੋਚਿਆ ਕਿ ਬ੍ਰਾਹਮਣ ਨੂੰ ਸਵਾ ਸੇਰ ਕਣਕ ਤੋਲ ਕੇ ਕੀ ਦੇਣੀ ਹੈ, ਦਾਨ ਦੇ ਦਾਣਿਆਂ ਨਾਲ ਹੀ ਪਸੇਰੀ ਦਾਣੇ ਹੋਰ ਦੇ ਦਿਆਂਗਾ, ਵਿਪਰ ਆਪੇ ਸਮਝ ਜਾਏਗਾ। ਚੇਤ ਦੇ ਮਹੀਨੇ ਵਿਪਰ ਮਹਾਜਨ ਉਗਰਾਹੀ ਕਰਨ ਆਇਆ ਤਾਂ ਸ਼ੰਕਰ ਨੇ ਬਿਨਾ ਉਸਨੂੰ ਦੱਸੇ ਹੀ ਪਸੇਰੀ ਕਣਕ ਵਾਧੂ ਪਾ ਦਿਤੀ ਤੇ ਆਪਣੇ ਆਪ ਨੂੰ ਉਧਾਰ ਮੁਕਤ ਸਮਝ ਕੇ ਨਿਸਚਿੰਤ ਹੋ ਗਿਆ। ਵਿਪਰ ਨੇ ਵੀ ਉਸ ਤੋਂ ਬਾਅਦ ਦਿਤੀ ਕਣਕ ਬਾਰੇ ਸ਼ੰਕਰ ਨਾਲ ਕੋਈ ਗੱਲ ਨਾ ਕੀਤੀ। ਸਿੱਧੇ ਜਿਹੇ ਸ਼ੰਕਰ ਨੂੰ ਇਹ ਨਹੀਂ ਸੀ ਪਤਾ ਕਿ ਉਸ ਸਵਾ ਸੇਰ ਕਣਕ ਦਾ ਉਧਾਰ ਲਾਹੁਣ ਲਈ ਉਸਨੂੰ ਦੂਜਾ ਜਨਮ ਲੈਣਾ ਪਏਗਾ।

ਹੌਲੀ ਹੌਲੀ ਸੱਤ ਸਾਲ ਲੰਘ ਗਏ। ਵਿਪਰ ਵੱਡਾ ਮਹਾਜਨ ਹੋ ਗਿਆ। ਸ਼ੰਕਰ ਨੂੰ ਸਮੇਂ ਨੇ ਕਿਸਾਨ ਤੋਂ ਗ਼ਰੀਬ ਮਜ਼ਦੂਰ ਬਣਾ ਦਿਤਾ। ਛੋਟਾ ਭਰਾ ਮੰਗਲ ਅਲੱਗ ਹੋ ਗਿਆ ਸੀ। ਜਿਸ ਕਰਕੇ ਜ਼ਮੀਨ ਅਤੇ ਦੋ ਬੈਲ ਵੰਡੇ ਗਏ ਸਨ। ਦੋਹਾਂ ਦਾ ਹੀ ਗੁਜ਼ਾਰਾ ਭਾਵੇਂ ਔਖਾ ਹੋ ਗਿਆ ਸੀ, ਸ਼ੰਕਰ ਨੇ ਮਿੰਨਤਾਂ ਤਰਲੇ ਵੀ ਕੀਤੇ ਤੇ ਪਿਆਰ, ਖੂਨ, ਬੰਧਨ ਤੇ ਮਾਂ

ਦੇ ਦੁੱਧ ਦਾ ਵਾਸਤਾ ਵੀ ਮੰਗਲ ਨੂੰ ਇਕੱਠੇ ਹੋਣ ਲਈ ਮਨਾ ਨਾ ਸਕੇ। ਸ਼ੰਕਰ ਨੇ ਬੜੀ ਮਿਹਨਤ ਨਾਲ ਕੁੱਲ-ਮਰਿਯਾਦਾ ਦਾ ਦਰਖਤ ਲਾਇਆ ਸੀ ਤੇ ਉਸਨੂੰ ਆਪਣੇ ਲਹੂ ਨਾਲ ਸਿੰਜਿਆ ਸੀ। ਹੁਣ ਉਹ ਜੜ੍ਹੋਂ ਉੱਖੜਦਾ ਦਿਸਣ ਲੱਗਾ ਸੀ। ਜਿਸ ਕਰਕੇ ਉਸਦੇ ਦਿਲ ਵਿਚ ਹੌਲ ਪੈ ਰਹੇ ਸਨ। ਦਿਲ ਦੇ ਟੋਟੇ ਹੋਈ ਜਾ ਰਹੇ ਸਨ। ਏਸੇ ਗ਼ਮ ਵਿਚ ਉਸਨੇ ਹਫ਼ਤਾ ਭਰ ਅੰਨ ਨੂੰ ਮੂੰਹ ਨਹੀਂ ਲਾਇਆ। ਸਾਰਾ ਦਿਨ ਹਾੜ੍ਹ ਦੀ ਧੁੱਪ ਵਿਚ ਉਹ ਇਕੱਲਾ ਕੰਮ ਕਰਦਾ ਰਹਿੰਦਾ ਤੇ ਰਾਤ ਨੂੰ ਭੁੱਖਾ ਹੀ ਚਾਦਰ ਲੈ ਕੇ ਸੌਂ ਜਾਂਦਾ। ਉਸਦਾ ਲਹੂ ਸੜ ਗਿਆ ਤੇ ਮਾਸ ਸੁੱਕ ਗਿਆ। ਕਈ ਮਹੀਨੇ ਉਹ ਮੰਜੇ ਤੋਂ ਨਾ ਉੱਠ ਸਕਿਆ। ਹੁਣ ਗੁਜ਼ਰ ਬਸਰ ਕਿਵੇਂ ਹੋਵੇ? ਪੰਜ ਵਿਘੇ ਜ਼ਮੀਨ ਵਿਚੋਂ ਢਾਈ ਵਿਘੇ ਜ਼ਮੀਨ ਤੇ ਇਕ ਹੀ ਬਲਦ ਰਹਿ ਗਿਆ ਸੀ। ਇਕ ਬੈਲ ਨਾਲ ਤਾਂ ਖੇਤੀ ਨਹੀਂ ਸੀ ਹੋ ਸਕਦੀ। ਬੱਚੇ ਛੋਟੇ ਸਨ। ਘਰਵਾਲੀ ਅਤੇ ਸ਼ੰਕਰ ਤੋਂ ਜਿੰਨਾ ਹੁੰਦਾ ਕਰਦੇ ਪਰ ਦੋ ਵੇਲੇ ਦੀ ਰੋਟੀ ਨਾ ਮਿਲਦੀ। ਹਾਰ ਕੇ ਉਹ ਦਿਹਾੜੀ ਕਰਨ ਲਗ ਪਿਆ।

ਸੱਤ ਸਾਲ ਲੰਘ ਗਏ, ਇਕ ਦਿਨ ਸ਼ੰਕਰ ਦਿਹਾੜੀ ਲਾ ਕੇ ਘਰ ਨੂੰ ਆ ਰਿਹਾ ਸੀ ਕਿ ਵਿਪਰ ਮਹਾਜਨ ਰਸਤਾ ਰੋਕੀ ਖੜ੍ਹਾ ਸੀ। "ਸ਼ੰਕਰ ਕੱਲ ਆ ਕੇ ਆਪਣੇ ਉਧਾਰ ਖਾਤੇ ਦਾ ਹਿਸਾਬ ਕਰ ਜਾਣਾ। ਤੇਰੇ ਵੱਲ ਸਾਢੇ ਪੰਜ ਮਣ ਕਣਕ ਬਹੁਤ ਦੇਰ ਦੀ ਬਾਕੀ ਹੈ। ਪਰ ਤੂੰ ਦੇਣ ਦਾ ਨਾਮ ਹੀ ਨਹੀਂ ਲੈ ਰਿਹਾ। ਮੈਂ ਸੋਚਿਆ ਤੈਨੂੰ ਚੇਤਾ ਕਰਾ ਦਿਆਂ। ਤੇਰਾ ਕਿਤੇ ਸਭ ਕੁਝ ਹਜ਼ਮ ਕਰਨ ਦਾ ਇਰਾਦਾ ਤਾਂ ਨਹੀਂ?"

ਸ਼ੰਕਰ ਹੈਰਾਨ ਹੋਇਆ ਉਸ ਵੱਲ ਦੇਖਦਾ ਹੋਇਆ ਬੋਲਿਆ, "ਮੈਂ ਤੇਰੇ ਕੋਲੋਂ ਕਦੋਂ ਲਈ ਸੀ ਕਣਕ, ਜੋ ਸਾਢੇ ਪੰਜ ਮਣ ਹੋ ਗਈ? ਮੇਰੇ ਵੱਲ ਕਿਸੇ ਦਾ ਛਟਾਂਗ ਭਰ ਅਨਾਜ ਨਹੀਂ ਹੈ ਤੇ ਨਾ ਹੀ ਮੈਂ ਕਿਸੇ ਦਾ ਕੋਈ ਪੈਸਾ ਉਧਾਰ ਦੇਣਾ ਹੈ।"

"ਇਸੇ ਮਾੜੀ ਨੀਤ ਦਾ ਤਾਂ ਤੂੰ ਫਲ ਭੋਗ ਰਿਹਾ ਹੈਂ ਕਿ ਖਾਣ ਦੇ ਵੀ ਲਾਲੇ ਪਏ ਹੋਏ ਹਨ।" ਇਹ ਕਹਿੰਦਿਆਂ ਵਿਪਰ ਨੇ ਸੱਤ ਸਾਲ ਪਹਿਲਾਂ ਲਈ ਹੋਈ ਉਸ ਸਵਾ ਸੇਰ ਕਣਕ ਦੀ ਯਾਦ ਦੁਆਈ। ਸ਼ੰਕਰ ਉਸਦੀ ਗੱਲ ਸੁਣ ਕੇ ਅਵਾਕ ਰਹਿ ਗਿਆ। "ਹੇ ਰੱਬਾ ਮੈਂ ਕਿੰਨੀ ਵਾਰ ਇਨ੍ਹਾਂ ਨੂੰ ਫ਼ਸਲ ਦਿਤੀ, ਇਹ ਜਦੋਂ ਵੀ ਮੇਰੇ ਘਰ ਪੋਥੀ ਪੱਤਰੀ ਦੇਖਣ ਆਏ, ਮੈਂ ਕੁਝ ਨਾ ਕੁਝ ਦੱਖਣਾ ਦੇ ਕੇ ਹੀ ਤੋਰਿਆ। ਇਨ੍ਹਾਂ ਨੇ ਮੇਰਾ ਹੋਰ ਕਿਹੜਾ ਕੰਮ ਕੀਤਾ। ਏਨੇ ਸਵਾਰਥੀ ਕਿ ਸਵਾ ਸੇਰ ਕਣਕ ਨੂੰ ਰਬੜ ਵਾਂਗੂੰ ਵਧਾ ਕੇ ਸਾਢੇ ਪੰਜ ਮਣ ਦਾ ਦਿਓ ਮੇਰੇ ਅੱਗੇ ਖੜ੍ਹਾ ਕਰ ਦਿਤਾ। ਇਹ ਤਾਂ ਹੁਣ ਮੈਨੂੰ ਨਿਗਲ ਹੀ ਜਾਏਗਾ, ਤੁਸੀਂ ਪਹਿਲਾਂ ਮੈਨੂੰ ਕਹਿ ਦਿੰਦੇ ਤਾਂ ਮੈਂ ਪਸੇਰੀ ਦੀ ਥਾਂ ਤੋਲ ਕੇ ਸਵਾ ਸੇਰ ਕਣਕ ਤੁਹਾਨੂੰ ਦੇ ਦਿੰਦਾ। ਕੀ ਏਸੇ ਖੋਟੀ ਨੀਤ ਨੂੰ ਚੁੱਪ ਰਹੇ?" ਸਾਹ ਲੈ ਕੇ ਸ਼ੰਕਰ ਫਿਰ ਬੋਲਿਆ।

"ਮਹਾਰਾਜ! ਨਾਮ ਲੈ ਕੇ ਤਾਂ ਮੈਂ ਉੱਨਾ ਅਨਾਜ ਨਹੀਂ ਦਿਤਾ, ਪਰ ਕਈ ਵਾਰ ਖੇਤਾਂ ਵਿਚੋਂ ਸੇਰ ਸੇਰ, ਦੋ ਦੋ ਸੇਰ ਅਨਾਜ ਮੈਂ ਸ਼ਰਧਾ ਵਸ ਦਿੰਦਾ ਰਿਹਾ ਹਾਂ, ਉਹ ਕਿਸ ਖਾਤੇ ਵਿਚ ਗਿਆ? ਅੱਜ ਤੁਸੀਂ ਸਾਢੇ ਪੰਜ ਮਣ ਮੰਗਦੇ ਹੋ, ਹੁਣ ਤਾਂ ਮੇਰੇ ਕੋਲ ਉਨੀ ਜ਼ਮੀਨ ਵੀ ਨਹੀਂ, ਹੁਣ ਮੈਂ ਕਿਵੇਂ ਦਿਆਂਗਾ?"

ਵਿਪਰ-"ਦੇਖ ਸ਼ੰਕਰ, ਲੇਖਾ ਜੌਂ ਜੌਂ ਦਾ, ਤੇ ਬਖਸ਼ੀਸ਼ ਸੌ ਸੌ ਦੀ। ਤੂੰ ਜੋ ਵੀ ਸ਼ਰਧਾ ਵਸ ਦਿਤਾ ਉਸਦਾ ਹਿਸਾਬ ਰੱਖਣ ਦੀ ਲੋੜ ਮੈਨੂੰ ਨਹੀਂ ਸੀ। ਤੂੰ ਚਾਹੇ ਇਕ ਦੀ ਥਾਂ ਚਾਰ ਪਸੇਰੀਆਂ ਦਿਤੀਆਂ ਹੋਣ। ਤੇਰੇ ਨਾਮ ਤਾਂ ਮੈਂ ਉਹੀ ਲਿਖਿਆ ਜੋ ਮੈਂ ਤੇਰੀ ਮੰਗ ਕਰਨ 'ਤੇ ਤੋਲ ਕੇ ਦਿਤਾ। ਜੋ ਹੁਣ ਸਾਢੇ ਪੰਜ ਮਣ ਹੋ ਗਿਆ। ਇਸ ਵਿਚ ਮੇਰਾ ਕੋਈ ਕਸੂਰ ਨਹੀਂ ਕਿ ਤੂੰ ਭੁੱਲ ਗਿਆ। ਜਿਸ ਕੋਲੋਂ ਮਰਜੀ ਹਿਸਾਬ ਕਰਾ ਲੈ, ਮੈਂ ਵਾਧੂ ਇਕ ਦਾਣਾ ਨਹੀਂ ਲਿਖਿਆ। ਅੱਜ ਦੇ ਦੇਵੇਂਗਾ ਤਾਂ ਤੇਰਾ ਨਾਮ ਵਹੀ ਵਿਚੋਂ ਕੱਟ ਦਿਆਂਗਾ। ਨਾ ਦੇਵੇਂਗਾ ਤਾਂ ਹੋਰ ਵੀ ਵੱਧ ਜਾਣਾ।"

ਸ਼ੰਕਰ-"ਪੰਡਤ ਜੀ ਕਿਉਂ ਮੈਨੂੰ ਗ਼ਰੀਬ ਨੂੰ ਸਤਾਉਂਦੇ ਹੋ। ਮੇਰੇ ਤਾਂ ਆਪਣੇ ਟੱਬਰ ਦੇ ਖਾਣ ਦਾ ਕੋਈ ਟਿਕਾਣਾ ਨਹੀਂ ਹੈ, ਤੁਹਾਨੂੰ ਮੈਂ ਏਨੀ ਕਣਕ ਕਿੱਥੋਂ ਲਿਆ ਕੇ ਦੇਵਾਂ?"

ਵਿਪਰ-"ਇਸ ਗੱਲ ਦਾ ਮੈਨੂੰ ਨਹੀਂ ਪਤਾ, ਜਿੱਥੋਂ ਮਰਜ਼ੀ ਲਿਆ, ਮੈਂ ਇਕ ਛਟਾਂਗ ਵੀ ਕਣਕ ਨਹੀਂ ਛੱਡਾਂਗਾ। ਏਥੇ ਨਾ ਦੇਵੇਂਗਾ ਤਾਂ ਰੱਬ ਦੇ ਘਰ ਜਾ ਕੇ ਦੇਣੀ ਪਊ।" ਰੱਬ ਦਾ ਨਾਂ ਸੁਣ ਕੇ ਸ਼ੰਕਰ ਕੰਬ ਉੱਠਿਆ। ਜੇ ਉਹ ਪੜ੍ਹਿਆ ਲਿਖਿਆ ਹੁੰਦਾ ਤਾਂ ਝੱਟ ਕਹਿ ਦਿੰਦਾ, "ਠੀਕ ਹੈ ਪੰਡਤ ਜੀ ਰੱਬ ਦੇ ਘਰ ਜਾ ਕੇ ਹੀ ਲੈ ਲੈਣੀ ਓਥੇ ਦੇ ਵੱਟੇ ਕਿਹੜਾ ਏਥੇ ਨਾਲੋਂ ਭਾਰੇ ਹੋਣਗੇ।" ਪਰ ਸ਼ੰਕਰ ਇਹ ਕਹਿ ਨਾ ਸਕਿਆ। ਘੱਟੋ ਘੱਟ ਜਿਸ ਗੱਲ ਦਾ ਸਾਡੇ ਕੋਲ ਕੋਈ ਸਬੂਤ ਨਹੀਂ, ਫਿਰ ਉਸਦੀ ਕੀ ਚਿੰਤਾ? ਪਰ ਸ਼ੰਕਰ ਏਨਾ ਹੁਸ਼ਿਆਰ ਅਤੇ ਤਰਕ ਦੇਣ ਵਾਲਾ ਨਹੀਂ ਸੀ। ਇਕ ਤਾਂ

Sri Satguru Jagjit Singh Ji Elibrary NamdhariElibrary@gmail.com

ਵਿਆਜ ਉਹ ਵੀ ਬ੍ਰਾਹਮਣ ਦਾ, ਜੇ ਵਹੀ ਵਿਚ ਨਾਮ ਰਹਿ ਗਿਆ ਤਾਂ ਸਿੱਧੇ ਨਰਕ ਨੂੰ ਜਾਣ ਦਾ ਡਰ। ਏਸੇ ਡਰ ਨਾਲ ਹੀ ਸ਼ੰਕਰ ਦੇ ਲੂੰ-ਕੰਢੇ ਖੜ੍ਹੇ ਹੋ ਗਏ। ਉਸਦੀ ਆਵਾਜ਼ ਮਸੀਂ ਨਿਕਲੀ, "ਮਹਾਰਾਜ ! ਤੁਹਾਡਾ ਜੋ ਵੀ ਦੇਣਾ ਹੋਏਗਾ ਮੈਂ ਸਭ ਏਥੇ ਹੀ ਦਿਆਂਗਾ। ਰੱਬ ਦੇ ਘਰ ਕਿਉਂ ਦੇਵਾਂ ? ਇਸ ਜਨਮ ਵਿਚ ਤਾਂ ਠੋਕਰਾਂ ਖਾ ਰਿਹਾ ਹਾਂ, ਉਸ ਜਨਮ ਲਈ ਕਿਉਂ ਕੰਢੇ ਬੀਜਾਂ ? ਪਰ ਇਹ ਕੋਈ ਨਿਆਂ ਨਹੀਂ ਹੈ। ਤੁਸੀਂ ਰਾਈ ਦਾ ਪਹਾੜ ਬਣਾ ਦਿੱਤਾ ਹੈ। ਬ੍ਰਾਹਮਣ ਹੋ ਕੇ ਤੁਹਾਨੂੰ ਅਜੇਹਾ ਹਨੇਰ ਨਹੀਂ ਸੀ ਕਰਨਾ ਚਾਹੀਦਾ। ਉਦੋਂ ਹੀ ਮੰਗ ਲੈਂਦੇ ਤਾਂ ਅੱਜ ਮੇਰੇ ਸਿਰ ਉਤੇ ਏਨਾ ਬੋਝ ਨਾ ਹੁੰਦਾ। ਔਖਾ ਸੌਖਾ ਹੋ ਕੇ ਮੈਂ ਇਹ ਕਰਜ਼ ਲਾਹੁਣ ਦੀ ਕੋਸ਼ਿਸ਼ ਕਰਾਂਗਾ, ਪਰ ਤੁਹਾਨੂੰ ਰੱਬ ਦੇ ਘਰ ਇਸ ਅਨਿਆਏ ਲਈ ਜੁਆਬ ਦੇਣਾ ਪਏਗਾ, ਜੋ ਤੁਸੀਂ ਮੈਨੂੰ ਗ਼ਰੀਬ ਨੂੰ ਏਨਾ ਦੁਖੀ ਕਰ ਰਹੇ ਹੋ।"

"ਓਥੇ ਦਾ ਡਰ ਤਾਂ ਤੈਨੂੰ ਹੋਏਗਾ, ਮੈਨੂੰ ਕੋਈ ਡਰ ਨਹੀਂ। ਓਥੇ ਤਾਂ ਸਾਰੇ ਮੇਰੇ ਹੀ ਭਰਾ ਅਤੇ ਰਿਸ਼ਤੇਦਾਰ ਹਨ। ਰਿਸ਼ੀ ਮੁਨੀ ਅਤੇ ਦੇਵਤਾ ਵੀ ਬ੍ਰਾਹਮਣ ਹੀ ਹਨ। ਮੈਨੂੰ ਕਿਸੇ ਨੇ ਦੋਸ਼ੀ ਨਹੀਂ ਮੰਨਣਾ। ਫਿਰ ਮੈਨੂੰ ਕਿਸ ਗੱਲ ਦਾ ਡਰ ? ਹੁਣ ਗੱਲ ਕਰ ਅਨਾਜ ਕਦੋਂ ਦੇ ਰਿਹੈਂ ?" ਵਿਪਰ ਚੌੜਾ ਹੋ ਕੇ ਬੋਲ ਰਿਹਾ ਸੀ।

"ਮੇਰੇ ਕੋਲ ਏਨਾ ਅਨਾਜ਼ ਰੱਖਿਆ ਤਾਂ ਹੈ ਨਹੀਂ, ਜੋ ਚੱਕ ਕੇ ਦੇ ਦਿਆਂ। ਕਿਸੇ ਕੋਲੋਂ ਮੰਗ-ਤੰਗ ਕੇ ਲਿਆਵਾਂਗਾ ਤਾਂ ਦੇ ਦਿਆਂਗਾ।" ਸ਼ੰਕਰ ਦੁਖੀ ਹੋਇਆ ਬੋਲਿਆ।

"ਹੁਣ ਮੈਂ ਇਸ ਤਰ੍ਹਾਂ ਨਾ ਮੰਨਾਂਗਾ। ਪਹਿਲਾਂ ਹੀ ਸੱਤ ਸਾਲ ਹੋ ਗਏ ਹਨ, ਹੁਣ ਤਾਂ ਮੈਂ ਇਕ ਦਿਨ ਦਾ ਵੀ ਲਿਹਾਜ ਨਹੀਂ ਕਰ ਸਕਦਾ। ਜੇ ਅੱਜ ਕਣਕ ਨਹੀਂ ਦੇ ਸਕਦਾ ਤਾਂ ਪ੍ਰਨੋਟ ਲਿਖ ਦੇ, ਬੜੀ ਮੁਸ਼ਕਲ ਨਾਲ ਅੜਿੱਕੇ ਆਇਆਂ।" ਸ਼ੰਕਰ ਨੂੰ ਪੂਰੀ ਤਰ੍ਹਾਂ ਬੇ-ਵੱਸ ਕਰਦਾ ਪੰਡਤ ਬੋਲਿਆ।

ਸ਼ੰਕਰ ਪੂਰੀ ਤਰ੍ਹਾਂ ਉਸਦੀ ਪੰਡਤਾਈ ਕਰਾਮਾਤ 'ਚ ਫਸ ਗਿਆ ਸੀ। ਉਹ ਆਜਿਜ਼ ਹੋਇਆ ਬੋਲਿਆ, "ਪੰਡਤ ਜੀ ਮੈਂ ਤਾਂ ਦੇਣਾ ਹੀ ਹੈ। ਚਾਹੇ ਕਣਕ ਲੈ ਲੈਣੀ, ਚਾਹੇ ਕਾਗਜ਼ ਲਖਾ ਲੈ। ਕਿਸ ਕਿਸਾਬ ਨਾਲ ਮੁੱਲ ਰੱਖੇਂਗਾ ?"

ਪੰਡਤ ਅੱਖਾਂ 'ਚ ਹੱਸਦਾ ਹੋਇਆ ਬੋਲਿਆ, "ਬਜ਼ਾਰ ਦਾ ਭਾਅ ਪੰਜ ਸੇਰ ਹੈ, ਮੈਂ ਤੈਨੂੰ ਸਵਾ ਪੰਜ ਦੇ ਦਿਆਂਗਾ।"

"ਤੂੰ ਪੰਜ ਸੇਰ ਹੀ ਲੈ, ਪਾ ਭਰ ਛੁਡਾ ਕੇ ਮੈਂ ਕਲੰਕੀ ਹੋਣਾ ? ਕਹਿੰਦਾ ਫਿਰੇਂਗਾ ਮੈਂ ਦਯਾ ਕੀਤੀ। ਮੈਨੂੰ ਤੇਰੀ ਦਯਾ ਨਹੀਂ ਚਾਹੀਦੀ।" ਸ਼ੰਕਰ ਨੇ ਦੋ ਟੁਕ ਗੱਲ ਕਰ ਦਿਤੀ।

ਹਿਸਾਬ ਲਾਇਆ ਗਿਆ ਤਾਂ ਕਣਕ ਦੇ 60 ਰੁ. ਬਣੇ। ਸ਼ੰਕਰ ਨੇ 60 ਰੁ. ਦਾ ਕਾਗਜ਼ ਲਿਖ ਦਿਤਾ। ਤਿੰਨ ਰੁ. ਸੈਂਕੜਾ ਸੂਦ। ਜੇ ਇਕ ਸਾਲ ਵਿਚ ਸ਼ੰਕਰ ਨੇ ਪੈਸੇ ਨਾ ਮੋੜੇ ਤਾਂ ਢਾਈ ਰੁ. ਸੈਂਕੜਾ ਸੂਦ ਅਤੇ ਡੇਢ ਰੁ. ਦਾ ਅਸ਼ਟਾਮ, ਇਕ ਰੁ. ਕਾਗਜ਼ ਦੀ ਲਿਖਾਈ ਸ਼ੰਕਰ ਨੂੰ ਦੇਣੀ ਪਏਗੀ।

ਸਾਰੇ ਪਿੰਡ ਵਿਚ ਪੰਡਤ ਦੀ ਥੂ ਥੂ ਹੋਈ। ਪਰ ਪੰਡਤ ਦੀ ਪਿੱਠ ਪਿੱਛੇ। ਕਿਉਂਕਿ ਸਾਹਮਣੇ ਤਾਂ ਸਾਰਾ ਪਿੰਡ ਉਸ ਕੋਲੋਂ ਡਰਦਾ ਸੀ। ਕਿਉਂਕਿ ਉਹ ਪਿੰਡ ਦਾ ਮਹਾਜਨ ਵੀ ਸੀ।

ਸ਼ੰਕਰ ਨੇ ਪੂਰਾ ਸਾਲ ਬਹੁਤ ਔਖੀ ਤਪੱਸਿਆ ਕੀਤੀ। ਮਿਆਦ ਤੋਂ ਪਹਿਲਾਂ ਰੁਪੱਈਏ ਦੇ ਦੇਣ ਦੀ ਜਿਵੇਂ ਉਸਨੇ ਸੌਂਹ ਹੀ ਖਾ ਲਈ ਸੀ। ਦੁਪਹਿਰ ਤੋਂ ਪਹਿਲਾਂ ਉਸਦੇ ਘਰ ਚੁੱਲਾ ਨ ਬਲਦਾ। ਪਹਿਲਾਂ ਹੀ ਹੋਲਾਂ (ਸਣੇ ਬੂਟੇ ਭੁੱਜੇ ਹੋਏ ਛੋਲੇ) ਖਾ ਕੇ ਸਾਰਾ ਟੱਬਰ ਗੁਜ਼ਾਰਾ ਕਰਦਾ ਸੀ। ਫਿਰ ਤਾਂ ਉਨ੍ਹਾਂ ਨੇ ਹੋਲਾਂ ਖਾਣੀਆਂ ਵੀ ਛੱਡ ਦਿਤੀਆਂ। ਸ਼ਾਮ ਨੂੰ ਹੀ ਰੋਟੀ ਪੱਕਦੀ। ਉਸ ਵਿਚੋਂ ਹੀ ਸਵੇਰ ਲਈ ਮੁੰਡੇ ਵਾਸਤੇ ਇਕ ਰੋਟੀ ਰਖ ਲਈ ਜਾਂਦੀ। ਪਹਿਲਾਂ ਤਾਂ ਸ਼ੰਕਰ ਰੋਜ਼ ਇਕ ਪੈਸੇ ਦਾ ਤੰਬਾਖੂ ਪੀ ਜਾਂਦਾ ਸੀ, ਇਹੋ ਇਕ ਸ਼ੌਕ ਸੀ ਜਿਸਨੂੰ ਉਹ ਹੁਣ ਤਕ ਨਹੀਂ ਸੀ ਛੱਡ ਸਕਿਆ, ਪਰ ਹੁਣ ਤਪੱਸਿਆ ਭਰੇ ਦਿਨਾਂ ਵਿਚ ਉਸਨੇ ਉਹ ਵੀ ਛੱਡ ਦਿਤਾ ਸੀ ਤਾਂ ਕਿ ਇਕ ਪੈਸਾ ਹੋਰ ਜੁੜ ਜਾਏ। ਉਸਨੇ ਚਿਲਮ ਭੰਨ ਦਿਤੀ, ਤੰਬਾਖੂ ਦੀ ਤੌੜੀ ਚੂਰ ਚੂਰ ਕਰ ਦਿਤੀ ਤੇ ਹੁੱਕਾ ਵੀ ਸੁੱਟ ਦਿਤਾ। ਗਲ ਦੇ ਕਪੜੇ ਤਾਂ ਪਹਿਲਾਂ ਹੀ ਨਾ ਹੋਣ ਵਾਲੀ ਚਰਮ ਸੀਮਾ 'ਤੇ ਪਹੁੰਚ ਗਏ ਸਨ। ਹੁਣ ਤਾਂ ਉਹ ਵੀ ਨੰਗ ਢੱਕਣ ਜੋਗੀ ਇਕ ਲੀਰ ਜਿੰਨੇ ਰਹਿ ਗਏ ਸਨ। ਰੁੱਤ ਦੀ ਅਸਹਿ ਠੰਢ ਨੂੰ ਟੱਬਰ ਨੇ ਅੱਗ ਦੇ ਸੇਕ ਨਾਲ ਗੁਜ਼ਾਰਾ ਕਰਕੇ ਕੱਟ ਲਿਆ। ਇਸ ਸੰਕਲਪ ਨੇ ਉਸਦੀ ਆਸ਼ਾ ਤੋਂ ਕਿਤੇ ਵੱਧ ਫ਼ਲ ਦਿਤਾ। ਸਾਲ ਦੇ ਅੰਤ ਤੱਕ ਉਸਨੇ 60 ਰੁਪਏ ਜੋੜ ਲਏ। ਉਸਨੇ ਸੋਚਿਆ ਕਿ ਪੰਡਤ ਜੀ ਨੂੰ 60 ਰੁ. ਦੇ ਦਿਆਂਗਾ, ਤੇ ਕਹਾਂਗਾ, "ਮਹਾਂਰਾਜ ਇਹ 60 ਰੁ. ਰੱਖੋ ਬਾਕੀ ਦੇ 15 ਰੁ. ਵੀ ਛੇਤੀਂ ਹੀ ਤੁਹਾਡੇ ਕਦਮਾਂ ਵਿਚ ਰਖ ਦਿਆਂਗਾ, 15 ਰੁ. ਦੀ ਤਾਂ ਗੱਲ ਹੈ, ਕੀ ਪੰਡਤ ਜੀ ਏਨਾ ਵੀ ਨਾ ਮੰਨਣਗੇ ?" ਇਹ ਸੋਚਦਿਆਂ ਉਸਨੇ 60 ਰੁ. ਲੈ ਜਾ ਕੇ ਪੰਡਤ ਜੀ ਦੇ ਕਦਮਾਂ ਵਿਚ ਢੇਰੀ ਕਰ ਦਿਤੇ।

"ਕੀ ਕਿਸੇ ਤੋਂ ਉਧਾਰ ਲੈ ਕੇ ਆਇਆਂ ?" ਮਹਾਜਨ ਹੁਰੀ ਰੁਪੱਈਆਂ ਵੱਲ ਦੇਖਦੇ ਹੋਏ ਬੋਲੇ।

Sri Satguru Jagjit Singh Ji Elibrary NamdhariElibrary@gmail.com

"ਨਹੀਂ ਮਹਾਰਾਜ! ਤੁਹਾਡੀ ਅਸੀਸ ਨਾਲ ਐਤਕੀਂ ਮਜ਼ਦੂਰੀ ਚੰਗੀ ਮਿਲ ਗਈ।" ਸ਼ੰਕਰ ਨੇ ਹੱਥ ਜੋੜਦਿਆਂ ਕਿਹਾ।

"ਪਰ ਇਹ ਤਾਂ ਸਿਰਫ 60 ਰੁ. ਹਨ।" ਮਹਾਜਨ ਨੇ ਰੁ. ਗਿਣ ਕੇ ਇਕ ਪਾਸੇ ਕਰਦਿਆਂ ਕਿਹਾ।

"ਹਾਂ ਪੰਡਤ ਜੀ ਇਹ 60 ਹੀ ਹਨ, ਅਜੇ ਇਹ ਰਖੋ ਬਾਕੀ ਵੀ ਮੈਂ ਛੇਤੀਂ ਹੀ ਤੁਹਾਡੇ ਕਦਮਾਂ ਵਿਚ ਲਿਆ ਰੱਖਾਂਗਾ। ਤੁਸੀਂ ਵੇਹੀ ਵਿਚੋਂ ਮੇਰਾ ਨਾਮ ਕੱਟ ਦਿਓ।" ਸ਼ੰਕਰ ਨੇ ਹੱਥ ਜੋੜਦਿਆਂ ਕਿਹਾ। ਪੰਡਤ ਸੋਚਾਂ ਵਿਚ ਪੈ ਗਿਆ ਕਿ ਜੇ ਮੈਂ ਇਸਦਾ ਨਾਮ ਕੱਟ ਦਿੱਤਾ, ਫਿਰ ਇਹ ਤਾਂ ਮੇਰੀ ਗੁਲਾਮੀ ਦੇ ਜੂਲੇ ਹੇਠੋਂ ਨਿਕਲ ਜਾਏਗਾ। ਉਹ ਸ਼ੰਕਰ ਨੂੰ ਮੁਖਾਤਿਬ ਹੋਇਆ, "ਵਹੀ ਵਿਚੋਂ ਤਾਂ ਤੇਰਾ ਨਾਮ ਉਦੋਂ ਹੀ ਕੱਟ ਹੋਊ ਜਦੋਂ ਤੂੰ ਮੇਰੀ ਕੌਡੀ ਕੌਡੀ ਚੁੱਕਾ ਦੇਵੇਂਗਾ। ਜਾ, ਜਾ ਕੇ 15 ਰੁ. ਲੈ ਕੇ ਆ।"

"ਮਹਾਰਾਜ ਏਨੀ ਤਾਂ ਦਯਾ ਕਰੋ, ਹੁਣ ਤਾਂ ਰਾਤ ਦੀ ਰੋਟੀ ਦਾ ਵੀ ਟਿਕਾਣਾ ਨਹੀਂ ਰਿਹਾ। ਮੈਂ ਪਿੰਡ ਛੱਡ ਕੇ ਦੌੜ ਨਹੀਂ ਜਾਣਾ, ਤੁਹਾਡੇ 15 ਰੁ. ਮੈਂ ਜਲਦ ਹੀ ਦੇ ਦਿਆਂਗਾ।" ਸ਼ੰਕਰ ਨੇ ਤਰਲਾ ਕੀਤਾ।

"ਮੈਂ ਇਹ ਨਵੀਂ ਬਿਮਾਰੀ ਨਹੀਂ ਸਹੇੜਨੀ, ਨਾ ਬਹੁਤੀਆਂ ਗੱਲਾਂ ਕਰਨੀਆਂ ਜਾਣਦਾ ਹਾਂ, ਜਾ ਅੱਜ ਪੂਰੀ ਰਕਮ ਨਾ ਮਿਲੀ ਤਾਂ ਅੱਜ ਤੋਂ ਹੀ ਵਿਆਜ਼ ਸਾਢੇ ਤਿੰਨ ਰੁ. ਹੋ ਜਾਣਾ। ਤੂੰ ਇਹ ੬੦ ਰੁ. ਚਾਹੇ ਲੈ ਜਾ ਚਾਹੇ ਰੱਖ ਜਾ।" ਮਹਾਜਨ ਬਿਲਕੁਲ ਕੋਰਾ ਹੋ ਕੇ ਬੋਲ ਰਿਹਾ ਸੀ।

"ਅੱਛਾ ਜੋ ਲਿਆਂਦੇ ਹਨ ਉਹ ਤਾਂ ਰੱਖ ਲਓ, ਮੈਂ ਪਿੰਡ ਜਾ ਕੇ ਕਿਸੇ ਦੀ ਮਿੰਨਤ ਕਰਕੇ 15 ਰੁ. ਲਿਔਂਦਾ ਹਾਂ।" ਸ਼ੰਕਰ ਨਿਰਾਸ਼ਾ 'ਚ ਭਰਿਆ ਪਿੰਡ ਨੂੰ ਮੁੜ ਪਿਆ। ਉਸਨੇ ਸਾਰਾ ਪਿੰਡ ਛਾਣ ਮਾਰਿਆ ਪਰ ਕਿਸੇ ਨੇ ਉਸਨੂੰ ੧੫ ਰੁ. ਨਾ ਦਿਤੇ। ਇਹ ਗੱਲ ਨਹੀਂ ਸੀ ਕਿ ਲੋਕਾਂ ਨੂੰ ਸ਼ੰਕਰ ਉੱਤੇ ਵਿਸ਼ਵਾਸ ਨਹੀਂ ਸੀ, ਜਾਂ ਉਨ੍ਹਾਂ ਕੋਲ ਰੁ. ਨਹੀਂ ਸਨ। ਬਲਕਿ ਇਸ ਲਈ ਸ਼ੰਕਰ ਨੂੰ ਪੈਸੇ ਨਾ ਮਿਲੇ ਕਿ ਉਹ ਬ੍ਰਾਹਮਣ ਮਹਾਜਨ ਦਾ ਸ਼ਿਕਾਰ ਸੀ। ਇਸ ਲਈ ਡਰਦਿਆਂ ਕਿਸੇ ਨੇ ਸ਼ੰਕਰ ਦੀ ਮਦਦ ਨਾ ਕੀਤੀ।

ਕਿਰਿਆ ਪਿੱਛੋਂ ਪ੍ਰਤੀਕਿਰਿਆ ਹੋਣੀ ਕੁਦਰਤ ਦਾ ਨੇਮ ਹੈ। ਸ਼ੰਕਰ ਸਾਲ ਭਰ ਕਰੜੀ ਮਿਹਨਤ ਦੀ ਤਪੱਸਿਆ ਕਰਨ ਤੋਂ ਬਾਅਦ ਵੀ ਕਰਜੇ ਦੇ ਬੋਝ ਹੇਠੋਂ ਨਿਕਲ ਨਾ ਸਕਿਆ ਤਾਂ ਉਸਦਾ ਹੌਸਲਾ ਟੁੱਟ ਗਿਆ। ਉਹ ਨਿਰਾਸ਼ਾ ਨਾਲ ਭਰ ਗਿਆ। ਉਸਨੇ ਸਮਝ ਲਿਆ ਕਿ ਏਨੀ ਕਰੜੀ ਮਿਹਨਤ ਕਰਕੇ ਅਤੇ ਭੁੱਖੇ ਰਹਿਣ ਦੀ ਤਕਲੀਫ ਸਹਿ ਕੇ ਵੀ ਉਹ ਇਕ ਸਾਲ ਵਿਚ 60 ਰੁ. ਹੀ ਜੋੜ ਸਕਿਆ ਹੈ ਤਾਂ ਹੁਣ ਇਸ ਤੋਂ ਵੱਧ ਨਹੀਂ ਹੋ ਸਕਦਾ। ਕੀ ਉਪਾਅ ਕਰੇ ਕਿ ਉਸ ਕੋਲ ਦੁੱਗਣੇ ਪੈਸੇ ਜਮ੍ਹਾਂ ਹੋ ਜਾਣ। ਜੇ ਸਿਰ ਉਤੇ ਕਰਜ਼ੇ ਦਾ ਬੋਝ ਹੀ ਲੱਦਣਾ ਹੈ ਤਾਂ, "ਮਣ ਕੀ, ਤੇ ਸਵਾ ਮਣ ਕੀ ?" ਉਸਨੂੰ ਸਭ ਕਾਸੇ ਤੋਂ ਨਫ਼ਰਤ ਹੋ ਗਈ। ਉਸਨੇ ਮਿਹਨਤ ਕਰਨੀ ਛੱਡ ਦਿਤੀ।

ਉਮੀਦ ਉਤਸ਼ਾਹ ਦੀ ਜਨਨੀ ਹੈ। ਉਮੀਦ ਵਿਚ ਤਾਕਤ ਹੈ, ਹੌਂਸਲਾ ਹੈ, ਜੀਵਨ ਹੈ। ਉਮੀਦ ਹੀ ਸੰਸਾਰ ਨੂੰ ਚਲਾਉਣ ਵਾਲੀ ਸ਼ਕਤੀ ਹੈ। ਸ਼ੰਕਰ ਬੇਉਮੀਦ ਹੋ ਕੇ ਢੇਰੀ ਢਾਹ ਬੈਠਾ। ਉਹ ਜਰੂਰਤਾਂ ਜਿਨ੍ਹਾਂ ਨੂੰ ਉਸਨੇ ਸਾਲ ਭਰ ਟਾਲ ਰੱਖਿਆ ਸੀ, ਉਨ੍ਹਾਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿਤਾ। ਉਹ ਮੰਗਤੀਆਂ ਨਹੀਂ ਸਨ ਸਗੋਂ ਛਾਤੀ 'ਤੇ ਸਵਾਰ ਹੋ ਕੇ ਆਪਣੀ ਲੋੜ ਪੂਰੀ ਕਰਨ ਵਾਲੀਆਂ ਚੁੜੇਲਾਂ ਸਨ। ਜੋ ਆਪਣੀ ਭੁੱਖ ਲਈ ਜਾਨ ਤੱਕ ਲੈ ਲੈਂਦੀਆਂ ਹਨ। ਕੱਪੜਿਆਂ ਨੂੰ ਟਾਕੀਆਂ ਲੱਗਣ ਦੀ ਵੀ ਇਕ ਹੱਦ ਹੁੰਦੀ ਹੈ। ਹੁਣ ਸ਼ੰਕਰ ਨੂੰ ਜੇ ਕੋਈ ਨੋਟਿਸ ਮਿਲਦਾ ਤਾਂ ਉਹ ਉਸਦਾ ਵੀ ਭੁਗਤਾਨ ਨਾ ਕਰਦਾ। ਕਦੀ ਕਪੜੇ ਤੇ ਕਦੀ ਘਰ ਲਈ ਖਾਣ ਦਾ ਸਾਮਾਨ। ਉਹ ਪਹਿਲਾਂ ਤਾਂ ਸਿਰਫ਼ ਤੰਬਾਖੂ ਪੀਂਦਾ ਸੀ, ਹੁਣ ਉਸਨੇ ਚਰਸ ਅਤੇ ਗਾਂਜਾ ਪੀਣ ਦਾ ਸ਼ੌਕ ਵੀ ਪਾਲ ਲਿਆ ਸੀ। ਉਸਨੂੰ ਹੁਣ ਕਰਜ਼ ਦੇਣ ਦੀ ਕੋਈ ਚਿੰਤਾ ਨਹੀਂ ਸੀ। ਉਸਨੇ ਮਨ ਵਿਚ ਧਾਰ ਲਿਆ ਸੀ ਕਿ ਉਸਨੇ ਕਿਸੇ ਦਾ ਕੁਝ ਨਹੀਂ ਦੇਣਾ। ਜਦੋਂ ਕਿ ਉਹ ਪਹਿਲਾਂ ਬਹੁਤ ਫ਼ਿਕਰਮੰਦ ਰਹਿੰਦਾ ਸੀ ਤੇ ਹਰ ਵੇਲੇ ਕੰਮ ਵਿਚ ਰੁੱਝਾ ਰਹਿੰਦਾ ਸੀ। ਪਰ ਹੁਣ ਉਹ ਕੰਮ ਵਲੋਂ ਵੀ ਬੇ-ਫ਼ਿਕਰਾ ਹੋ ਗਿਆ ਸੀ।

ਇਸ ਤਰ੍ਹਾਂ ਤਿੰਨ ਸਾਲ ਨਿਕਲ ਗਏ। ਵਿਪਰ ਨੇ ਇਕ ਵਾਰ ਵੀ ਪੈਸੇ ਨਾ ਮੰਗੇ, ਉਹ ਹੁਸ਼ਿਆਰ ਸ਼ਿਕਾਰੀ ਵਾਂਗੂੰ ਅਚੂਕ ਨਿਸ਼ਾਨਾ ਲਾਉਣਾ ਚਾਹੁੰਦਾ ਸੀ। ਸ਼ਿਕਾਰ ਨੂੰ ਪਹਿਲਾਂ ਹੀ ਚੁਕੰਨਾ ਕਰਨਾ ਉਸਦੀ ਸੋਚ ਦੇ ਵਿਰੁੱਧ ਸੀ।

ਇਕ ਦਿਨ ਪੰਡਤ ਜੀ ਨੇ ਸ਼ੰਕਰ ਨੂੰ ਬੁਲਾ ਕੇ ਹਿਸਾਬ ਦਿਖਾਇਆ। ਜੋ 60 ਰੁ. ਸ਼ੰਕਰ ਦੇ ਮਹਾਜਨ ਕੋਲ ਸਨ ਉਹ ਕੱਢ ਕੇ ਸ਼ੰਕਰ ਵੱਲ 120 ਰੁ. ਹੋ ਗਏ ਸਨ। "ਏਨੇ ਰੁ. ਤਾਂ ਹੁਣ ਮੈਂ ਅਗਲੇ ਜਨਮ ਵਿਚ ਹੀ ਦੇ ਸਕਾਂਗਾ। ਇਸ ਜਨਮ ਵਿਚ ਤਾਂ ਨਹੀਂ ਦੇ ਹੋਣੇ।" ਸ਼ੰਕਰ ਨੇ ਸਹਿਜ ਭਾਵ ਨਾਲ

Sri Satguru Jagjit Singh Ji Elibrary NamdhariElibrary@gmail.com

ਕਿਹਾ।

"ਮੈਂ ਤਾਂ ਏਸੇ ਜਨਮ ਵਿਚ ਹੀ ਲਵਾਂਗਾ, ਮੂਲ ਨਾ ਸਹੀ ਵਿਆਜ ਤਾਂ ਦੇਣਾ ਹੀ ਪਊ।" ਮਹਾਜਨ ਨੇ ਹੁਕਮ ਸੁਣਾ ਦਿਤਾ।

"ਮੇਰੇ ਕੋਲ ਤਾਂ ਹੁਣ ਇਕੋ ਬੌਲਦ ਹੈ, ਉਹ ਲੈ ਲਓ, ਹੋਰ ਮੇਰੇ ਕੋਲ ਕੁਝ ਨਹੀਂ ਦੇਣ ਨੂੰ।" ਸ਼ੰਕਰ ਨੇ ਵੀ ਜਿਵੇਂ ਆਪਣਾ ਆਪ ਦੱਸ ਦਿਤਾ।

"ਮੈਂ ਬੌਲਦ ਕੀ ਕਰਨਾ? ਮੈਨੂੰ ਦੇਣ ਲਈ ਤੇਰੇ ਕੋਲ ਬਹੁਤ ਕੁਝ ਹੈ।"

"ਹੋਰ ਕੀ ਹੈ ਮਹਾਰਾਜ?" ਸ਼ੰਕਰ ਨੇ ਹੈਰਾਨ ਹੁੰਦਿਆਂ ਪੁੱਛਿਆ।

"ਜੇ ਹੋਰ ਕੁਝ ਨਹੀਂ ਫਿਰ ਤੂੰ ਤਾਂ ਹੈਂ। ਤੂੰ ਆਖਰ ਕਿਤੇ ਮਜਦੂਰੀ ਕਰਦਾ ਹੋਏਂਗਾ, ਮੈਨੂੰ ਖੇਤੀ ਵਾਸਤੇ ਮਜਦੂਰ ਚਾਹੀਦਾ ਹੈ, ਸੂਦ ਦੇਣ ਬਦਲੇ ਮੇਰੇ ਕੋਲ ਕੰਮ ਕਰ। ਸੱਚ ਇਹ ਹੈ ਕਿ ਹੁਣ ਤੂੰ ਕਿਤੇ ਬਾਹਰ ਕੰਮ ਕਰਨ ਨਹੀਂ ਜਾ ਸਕਦਾ, ਜਦੋਂ ਤੱਕ ਮੇਰਾ ਕਰਜ਼ਾ ਨਹੀਂ ਚੁਕਾ ਦਿੰਦਾ। ਤੇਰੇ ਕੋਲ ਜਾਇਦਾਦ ਤਾਂ ਹੈ ਕੋਈ ਨਹੀਂ, ਮੈਂ ਆਪਣੀ ਏਡੀ ਵੱਡੀ ਗੰਠ ਕਿਸਦੇ ਇਤਵਾਰ ਸਹਾਰੇ ਛੱਡ ਦਿਆਂ? ਕੌਣ ਤੇਰਾ ਜ਼ੁੰਮਾ ਲਏਗਾ? ਕਿ ਤੂੰ ਸੂਦ ਹੀ ਮਹੀਨੇ ਪਿੱਛੋਂ ਦੇ ਦਿਆ ਕਰੇਂਗਾ। ਹੋਰ ਕਿਤੇ ਕੰਮ ਕਰਕੇ ਤਾਂ ਤੂੰ ਸੂਦ ਵੀ ਨਹੀਂ ਦੇ ਸਕਦਾ, ਮੂਲ ਵਾਰੇ ਤਾਂ ਸੋਚ ਹੀ ਨਾ।"

"ਮਹਾਰਾਜ ! ਜੇ ਮੈਂ ਸੂਦ ਬਦਲੇ ਤੁਹਾਡੇ ਕੋਲ ਕੰਮ ਕਰਾਂਗਾ ਤਾਂ ਖਾਵਾਂਗਾ ਕੀ?"

"ਤੇਰੀ ਘਰਵਾਲੀ ਹੈ, ਮੁੰਡਾ ਹੈ, ਕੀ ਉਨ੍ਹਾਂ ਦੇ ਹੱਥ ਪੈਰ ਨਹੀਂ ਹਨ, ਜੋ ਤੈਨੂੰ ਖਾਣ ਨੂੰ ਨਾ ਦੇਣਗੇ। ਚਲ ਨਾ ਸਹੀ, ਮੈਂ ਤੈਨੂੰ ਅੱਧ ਸੇਰ ਜੌਂ ਰੋਜ਼ ਖਾਣ ਲਈ ਅਤੇ ਉਪਰ ਲੈਣ ਲਈ ਇਕ ਕੰਬਲ ਵੀ ਦੇ ਦਿਆਂਗਾ। ਹੋਰ ਤੈਨੂੰ ਕੀ ਚਾਹੀਦਾ? ਇਹ ਸੱਚ ਹੈ ਕਿ ਲੋਕ ਤੈਨੂੰ 6 ਆਨੇ ਦਿਹਾੜੀ ਦਿੰਦੇ ਹਨ। ਪਰ ਮੈਨੂੰ ਏਨੀ ਗਰਜ਼ ਨਹੀਂ ਹੈ, ਮੈਂ ਤਾਂ ਤੈਨੂੰ ਆਪਣਾ ਕਰਜ਼ ਲੈਣ ਲਈ ਰੱਖਣਾ।"

ਮਹਾਜਨ ਦੀ ਗੱਲ ਸੁਣ ਕੇ ਸ਼ੰਕਰ ਕਈ ਚਿਰ ਚਿੰਤਾ ਵਿਚ ਡੁੱਬਾ ਰਿਹਾ। ਫਿਰ ਲੰਮਾ ਸਾਹ ਛੱਡਦਾ ਹੋਇਆ ਬੋਲਿਆ, "ਮਹਾਰਾਜ ਇਹ ਤਾਂ ਜਨਮ ਭਰ ਦੀ ਗੁਲਾਮੀ ਹੋ ਗਈ।"

"ਗੁਲਾਮੀ ਸਮਝ ਚਾਹੇ ਮਜ਼ਦੂਰੀ, ਮੈਂ ਆਪਣੇ ਰੁਪਏ ਲਏ ਬਿਨਾ ਤੈਨੂੰ ਨਾ ਛੱਡਾਂਗਾ। ਜੇ ਤੂੰ ਦੌੜ ਜਾਏਂਗਾ ਤਾਂ ਤੇਰਾ ਮੁੰਡਾ ਮੇਰਾ ਕਰਜ਼ ਉਤਾਰੇਗਾ। ਹਾਂ ਜੇ ਤੁਹਾਡੇ ਦੋਹਾਂ ਵਿਚੋਂ ਕੋਈ ਨਾ ਹੋਊ ਤਾਂ ਗੱਲ ਦੂਜੀ ਹੈ।" ਮਹਾਜਨ ਨੇ ਸਾਰੀ ਗੱਲ ਸਮਝਾ ਦਿਤੀ।

ਮਹਾਜਨ ਦੇ ਇਸ ਹੁਕਮ ਦੀ ਕਿਤੇ ਅਪੀਲ ਨਹੀਂ ਸੀ। ਮਜ਼ਦੂਰ ਦੀ ਜਮਾਨਤ ਕੌਣ ਦਿੰਦਾ, ਕੋਈ ਠਾਹਰ ਨਹੀਂ ਸੀ ਦਿਸਦੀ। ਦੌੜ ਕੇ ਕਿੱਥੇ ਜਾਂਦਾ? ਦੂਜੇ ਦਿਨ ਤੋਂ ਉਹ ਮਹਾਜਨ ਦੇ ਖੇਤਾਂ ਵਿਚ ਕੰਮ ਕਰਨ ਲਗ ਪਿਆ। ਸਵਾ ਸੇਰ ਕਣਕ ਦੇ ਕਰਜ਼ ਲਈ ਸਾਰੀ ਉਮਰ ਦੀ ਗੁਲਾਮੀ ਦੀ ਬੇੜੀ ਉਸਦੇ ਪੈਰਾਂ ਵਿਚ ਪੈ ਗਈ। ਅਭਾਗੇ ਨੂੰ ਕਿਸੇ ਵਿਚਾਰ ਤੋਂ ਸੰਤੋਸ਼ ਸੀ ਤਾਂ ਇਹ ਕਿ, "ਇਹ ਤਾਂ ਮੇਰੇ ਪੂਰਵਲੇ ਕਰਮਾਂ ਦਾ ਫ਼ਲ ਹੈ।"

ਸ਼ੰਕਰ ਦੀ ਘਰਵਾਲੀ ਨੂੰ ਉਹ ਕੰਮ ਕਰਨੇ ਪੈਂਦੇ ਜੋ ਉਸਨੇ ਕਦੀ ਨਹੀਂ ਸੀ ਕੀਤੇ। ਬੱਚੇ ਦਾਣਿਆਂ ਨੂੰ ਤਰਸਣ ਲਗੇ। ਸ਼ੰਕਰ ਚੁੱਪਚਾਪ ਸਭ ਕੁਝ ਦੇਖਣ ਤੋਂ ਬਿਨਾ ਕੁਝ ਨਾ ਕਰ ਸਕਦਾ। ਉਹ ਸਵਾ ਸੇਰ ਕਣਕ ਕਿਸੇ ਦੇਵਤਾ ਦੇ ਸਰਾਪ ਵਾਂਗੂੰ ਉਸਦੇ ਸਿਰ ਤੋਂ ਨਾ ਉਤਰ ਸਕੀ।

ਸ਼ੰਕਰ ਨੇ ਵੀਹ ਸਾਲ ਮਹਾਜਨ ਕੋਲ ਗੁਲਾਮੀ ਕਰਨ ਪਿੱਛੋਂ ਜਦੋਂ ਇਸ ਫਾਨੀ ਦੁਨੀਆਂ ਤੋਂ ਆਪਣਾ ਡੇਰਾ ਚੁੱਕਿਆ, ਤਾਂ ਵੀ ੧੨੦ ਰੁ. ਉਸਦੇ ਸਿਰ ਉਤੇ ਸਵਾਰ ਸਨ। ਪੰਡਤ ਜੀ ਨੇ ਉਸ ਗ਼ਰੀਬ ਨੂੰ ਰੱਬ ਦੇ ਦਰਬਾਰ ਵਿਚ ਕਸ਼ਟ ਦੇਣਾ ਉਚਿੱਤ ਨਾ ਸਮਝਿਆ। ਉਹ ਏਨੇ ਨਿਰਦੇਈ ਤੇ ਅਨਿਆਂ ਕਰਨ ਵਾਲੇ ਨਹੀਂ ਸਨ। ਇਸ ਲਈ ਉਨ੍ਹਾਂ ਨੇ ਝੱਟ ਦੇਈ ਉਸਦੇ ਮੁੰਡੇ ਦੀ ਧੌਣ ਫੜ ਕੇ ਆਪਣੀ ਪੰਜਾਲੀ ਹੇਠ ਜੋਤ ਲਿਆ। ਉਹ ਵਿਚਾਰਾ ਵੀ ਸਵਾ ਸੇਰ ਕਣਕ ਦਾ ਕਰਜ਼ ਲਾਹੁਣ ਲਈ ਅੱਜ ਤਕ ਮਹਾਜਨ ਦੀ ਗੁਲਾਮੀ ਕਰਦਾ ਹੋਏਗਾ। ਇਹ ਵੀ ਪਤਾ ਨਹੀਂ ਕਿ ਉਹ ਵੀ ਹੈ ਕਿ ਨਹੀਂ? ਇਹ ਤਾਂ ਰੱਬ ਹੀ ਜਾਣਦਾ ਹੈ।

ਪਾਠਕੋ ! ਇਸ ਕਹਾਣੀ ਨੂੰ ਕਲਪਿਤ ਹੀ ਨਾ ਸਮਝ ਲੈਣਾ। ਇਹ ਇਕ ਸੱਚੀ ਘਟਨਾ ਹੈ। ਅਜੇਹੇ ਸ਼ੰਕਰਾਂ ਅਤੇ ਵਿਪਰ ਵਰਗੇ ਮਹਾਜਨਾਂ ਨਾਲ ਅਜੇ ਵੀ ਦੁਨੀਆਂ ਭਰੀ ਪਈ ਹੈ।

ਅਨੁਵਾਦਕ: ਭੁਪਿੰਦਰ ਉਸਤਾਦ
ਸੰਪਰਕ: 9876208542

Sri Satguru Jagjit Singh Ji Elibrary NamdhariElibrary@gmail.com

ਮੇਰਾ ਬਾਬਲ

– ਗੁਰਭਜਨ ਗਿੱਲ

ਹੱਕ ਸੱਚ ਦੀ ਰਖਵਾਲੀ ਵਾਲਾ
ਪਰਚਮ ਹੱਥੀਂ ਆਪ ਪਕੜ ਕੇ
ਆਨੰਦਪੁਰ ਤੋਂ ਡਾਂਡੇ ਮੀਂਡੇ
ਵਾਹੋਦਾਹੀ ਤੁਰਿਆ ਸੂਰਾ।
ਕਹਿਣੀ ਤੇ ਕਥਨੀ ਦਾ ਪੂਰਾ।
ਸਿਰਫ਼ ਜਨੇਊ ਜਾਂ ਕਸ਼ਮੀਰੀ
ਤੁਰਿਆ ਨਾ ਉਹ ਪੰਡਿਤਾਂ ਖਾਤਰ।
ਮੇਰਾ ਬਾਬਲ ਤੇਗ ਬਹਾਦਰ।
ਉਹ ਤਾਂ ਭੈ ਵਣਜਾਰਿਆਂ ਨੂੰ
ਇਹ ਕਹਿਣ ਗਿਆ ਸੀ।
ਨਾ ਭੈ ਦੇਣਾ ਨਾ ਭੈ ਮੰਨਣਾ।
ਕੂੜ ਦਾ ਭਾਂਡਾ ਹੱਥੀ ਭੰਨਣਾ।
ਆਪ ਤੁਰ ਪਿਆ ਦਿੱਲੀ ਦੇ ਵੱਲ।
ਆਪ ਕਹਾਂਗਾ ਮੈਂ ਆਪਣੀ ਗੱਲ।
ਤਖ਼ਤ ਨਸ਼ੀਨਾਂ ਦੇ ਘਰ ਜਾ ਕੇ
ਲਾਲ ਕਿਲ੍ਹੇ ਦੇ ਦਰ ਦੀਵਾਰਾਂ
ਸ਼ਬਦ ਬਾਣ ਦੇ ਨਾਲ ਠਕੋਰੂੰ।
ਪੱਥਰ ਚਿੱਤ ਨੂੰ ਵੇਖਿਓ ਭੋਰੂੰ।
ਦੀਨ ਬਹਾਨੇ
ਈਨ ਮਨਾਉਣੀ ਨਾ ਹੈ ਮੰਨਣੀ।
ਕੂੜੀ ਕੰਧ ਹੈ ਏਦਾਂ ਭੰਨਣੀ।
ਤਿਲਕ ਜਨੇਊ ਤਸਬੀ ਮਣਕੇ।
ਖ਼ੁਦ ਆਪਣੀ ਰਖਵਾਲੀ ਦੇ ਲਈ
ਜੇ ਅੱਜ ਖੜ੍ਹੇ ਨਾ ਹੋਏ ਤਣ ਕੇ।
ਰੀਂਘਣਹਾਰੇ ਬਣ ਜਾਣੇ
ਇਹ ਨਾਗ ਖੜੱਪੇ।
ਜ਼ੋਰ ਜਬਰ ਦਾ
ਆਲਮ ਪਸਰੂ ਚੱਪੇ ਚੱਪੇ।
ਮੇਰੇ ਧਰਮੀ ਬਾਬਲ ਨੇ
ਇਹ ਠੀਕ ਕਿਹਾ ਸੀ।
ਔਰੰਗਜ਼ੇਬ ਤੂੰ ਬਾਤ ਸਮਝ ਲੈ
ਜੇਕਰ ਜਬਰ ਜਨੇਊ ਕਰਦਾ
ਸੁੰਨਤਧਾਰੀ ਹੁੰਦਾ
ਜ਼ੋਰ ਜ਼ੁਲਮ ਤੋਂ ਡਰਦਾ
ਮੈਂ ਤਾਂ ਏਸੇ ਮਾਰਗ ਤੁਰ ਕੇ
ਆ ਜਾਣਾ ਸੀ।
ਤਿਲਕਧਾਰੀਆਂ ਨੂੰ ਵੀ ਇਹ
ਸਮਝਾ ਜਾਣਾ ਸੀ।
ਧਰਮ ਕਰਮ
ਤਲਵਾਰ ਸਹਾਰੇ
ਪਲਦਾ ਨਹੀਂ ਹੈ।
ਜਿਸ ਬੂਟੇ ਦੀ ਜੜ੍ਹ ਦੇ ਥੱਲੇ
ਕੂੜ ਕੁਫ਼ਰ ਦੀ ਢੇਰੀ ਹੋਵੇ
ਸਦੀਆਂ ਤੀਕਰ
ਫ਼ਲਦਾ ਨਹੀਂ ਹੈ।
ਮੇਰੇ ਬਾਬਲ ਸੀਸ ਕਟਾਇਆ
ਤਖ਼ਤਾ ਚੁਣਿਆ
ਤਖ਼ਤ ਨਿਵਾਇਆ।
ਨਾਲੇ ਇਹ ਵੀ ਸਬਕ ਪੜ੍ਹਾਇਆ
ਸਦਾ ਨਹੀ ਥਿਰ ਰਹਿੰਦੀ
ਤਾਕਤ ਭਰਮ ਜਾਲ ਹੈ
ਨਿਰੀ ਪੁਰੀ ਬੱਦਲਾਂ ਦੀ ਛਾਇਆ।
ਮਨ ਪੁੱਛਦਾ ਹੈ
ਕਿਹੜਾ ਫੇਰ
ਆਨੰਦਪੁਰੀ ਤੋਂ ਮੁੜ ਕੇ ਧਾਵੇ।
ਤਖ਼ਤ ਤਾਜ ਨੂੰ ਇਹ ਸਮਝਾਵੇ।
ਜਬਰ ਜ਼ੁਲਮ ਜੇ ਹੱਦ ਟੱਪ ਜਾਵੇ
ਖਿਸਕ ਜਾਣ ਏਦਾਂ ਹੀ ਪਾਵੇ।
ਕੁੱਲ ਧਰਤੀ ਦੇ ਵੰਨ ਸੁਵੰਨੇ
ਜੇ ਨਾ ਰਹੇ ਖਿੜੇ ਫੁੱਲ ਪੱਤੀਆਂ।
ਕਿੰਜ ਆਵੇਗੀ ਰੁੱਤ ਬਸੰਤੀ
ਵਗਣਗੀਆਂ ਪੌਣਾਂ ਫਿਰ ਤੱਤੀਆਂ।
ਕੂੜ ਅਮਾਵਸ ਕਾਲ਼ਾ ਅੰਬਰ
ਕਿਉਂ ਤਣਦੇ ਹੋ ਏਹ ਆਡੰਬਰ।
ਮੇਰਾ ਬਾਬਲ ਦਿੱਲੀ ਅੰਦਰ
ਅੱਜ ਵੀ ਸਾਨੂੰ ਵੇਖ ਰਿਹਾ ਹੈ।
ਜ਼ੋਰ ਨਾਲ ਹਾਂ ਜਬਰ ਨਾਲ ਹਾਂ।
ਸ਼ਬਦ ਨਾਲ ਹਾਂ ਕਬਰ ਨਾਲ ਹਾਂ।
ਸਿਰ ਤੇ ਸੂਰਜ ਸੱਚ ਦਾ ਚੜ੍ਹਿਆ।
ਸ਼ਬਦ ਸੰਵਾਰਨਹਾਰ ਨਾ ਪੜ੍ਹਿਆ।
ਸਾਡੀ ਹੀ ਅਲਗਰਜ਼ੀ
ਜੇਕਰ ਅਕਲੀਂ ਕੁੰਡੇ ਜੰਦਰੇ ਮਾਰੇ।
ਹਰ ਵਾਰੀ ਕਿਉਂ ਆ ਕੇ
ਬਾਬਲ ਕਾਜ ਸੰਵਾਰੇ।
ਦੀਨ ਧਰਮ ਦੇ ਰਾਖਿਓ
ਅੰਦਰ ਝਾਤੀ ਮਾਰੋ।
ਜੋ ਗੁਰ ਦੱਸੀ ਵਾਟ ਓਸ ਦੇ
ਰਾਹਾਂ ਵਿੱਚ ਬੁਹਾਰੀ ਮਾਰੋ।
ਆਪੇ ਪੜ੍ਹ ਕੇ ਆਪ ਵਿਚਾਰੋ।
ਬਰਖ਼ੁਰਦਾਰੋ।

ਸੰਪਰਕ: 9872631199

Sri Satguru Jagjit Singh Ji Elibrary NamdhariElibrary@gmail.com

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਿਚ ਗੰਗੂ ਬ੍ਰਾਹਮਣ ਦਾ ਰੋਲ-ਨਵੀਂ ਖੋਜ

-ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਸਾਹਿਬਜ਼ਾਦਿਆਂ ਦੀ ਅੱਦੁਤੀ ਸ਼ਹਾਦਤ ਨੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਤੇ ਫਿਰ "ਸਿਰ ਦੀਜੈ ਕਾਨਿ ਨਾ ਕੀਜੈ" ਦੇ ਮਹਾਂਵਾਕ ਨੂੰ ਸੱਚ ਕਰ ਵਿਖਾਇਆ, ਪਰੰਤੂ ਉਹਨਾਂ ਦੀ ਸ਼ਹਾਦਤ ਕਿਵੇਂ ਹੋਈ? ਇਸ ਬਾਰੇ ਸਾਡੇ ਅਜੋਕੇ ਵਿਦਵਾਨਾਂ ਨੇ ਘੱਟ ਹੀ ਧਿਆਨ ਦਿੱਤਾ ਹੈ। ਸਾਡੇ ਅਜੋਕੇ ਲਿਖਾਰੀਆਂ ਅਨੁਸਾਰ ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਨਗਰੀ ਨੂੰ ਛੱਡਿਆ ਤਾਂ ਰਾਤ ਸਮੇਂ ਸਰਸਾ ਨਦੀ ਦੇ ਕੰਢੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਦਸਮ ਗੁਰੂ ਜੀ ਤੋਂ ਅਲੱਗ ਹੋ ਕੇ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਜੋ ਸਿੱਖ ਰਵਾਇਤ ਅਨੁਸਾਰ ਗੁਰੂ ਘਰ ਦਾ ਬਾਰਾਂ ਸਾਲ ਰਸੋਈਆ ਰਿਹਾ ਸੀ, ਨਾਲ ਉਸ ਦੇ ਪਿੰਡ ਚਲੇ ਗਏ ਸਨ। ਉਸ ਦਾ ਮਨ, ਮਾਤਾ ਗੁਜਰੀ ਜੀ ਵਾਲੀ ਮੋਹਰਾਂ ਵਾਲ ਖੁਰਜੀ ਵੇਖ ਕੇ ਬੇਈਮਾਨ ਹੋ ਗਿਆ ਸੀ ਤੇ ਲਾਲਚ ਵਸ ਉਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਸੂਬੇਦਾਰ ਕੋਲ ਪਕੜਾ ਦਿੱਤਾ। ਜਿਸ ਨੇ ਉਹਨਾਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਵਾ ਦਿੱਤਾ।

ਉਪਰੋਕਤ ਕਹਾਣੀ ਨੂੰ ਸਾਡੇ ਇਤਿਹਾਸਕਾਰ ਅਤੇ ਪ੍ਰਚਾਰਕ ਬੜੇ ਕਰੁਣਾਮਈ ਰਸ ਨਾਲ ਲਿਖਦੇ ਤੇ ਗਾਉਂਦੇ ਆਏ ਹਨ ਪਰੰਤੂ ਮੇਰੇ ਅਧਿਐਨ ਅਨੁਸਾਰ ਇਹ ਕਹਾਣੀ ਸਰਾਸਰ ਗਲਤ ਹੈ। ਇਤਿਹਾਸਕ ਗਰੰਥਾਂ ਦੀ ਪੜਤਾਲ ਕਰਨ ਤੋਂ ਪਤਾ ਲੱਗਦਾ ਹੈ ਕਿ ਮਾਤਾ ਜੀ ਤੇ ਸਾਹਿਬਜ਼ਾਦੇ ਸਰਸਾ ਨਦੀ ਦੇ ਕੰਢੇ ਤੇ ਨਹੀਂ ਬਲਕਿ ਚਮਕੌਰ ਸਾਹਿਬ ਜਾ ਕੇ ਗੁਰੂ ਜੀ ਤੋਂ ਅਲੱਗ ਹੋਏ ਸਨ। ਫਿਰ ਉਸ ਸਮੇਂ ਗੰਗੂ ਨਾਮ ਦਾ ਗੁਰੂ ਘਰ ਦਾ ਰਸੋਈਆ, ਉਥੇ ਮੌਜੂਦ ਨਹੀਂ ਸੀ। ਮੈਂ ਇਸ ਲੇਖ ਵਿਚ ਗੰਗੂ ਬ੍ਰਾਹਮਣ ਦੀ ਹਾਜ਼ਰੀ ਬਾਰੇ ਇਤਿਹਾਸਕ ਗਰੰਥਾਂ ਦੇ ਪ੍ਰਮਾਣਾਂ ਨਾਲ ਵਿਚਾਰ ਕਰ ਰਿਹਾ ਹਾਂ।

ਸਾਹਿਬਜ਼ਾਦਿਆਂ ਦੀ ਗ੍ਰਿਫ਼ਤਾਰੀ ਤੇ ਗੰਗੂ ਰਸੋਈਆ:-

17 ਮੱਘਰ 1762 ਬਿਕਰਮੀ (1705 ਈਸਵੀ) ਦੀ ਚਾਨਣੀ ਰਾਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਛੱਡਿਆ।[1] ਜੋ ਲਿਖਾਰੀ 8 ਪੋਹ ਦੀ ਰਾਤ ਨੂੰ ਇਸ ਘਟਨਾ ਨਾਲ ਜੋੜਦੇ ਹਨ, ਉਹ ਗਲਤ ਹੈ। ਗੁਰੂ ਜੀ ਆਪਣੀ ਰਚਨਾ "ਜ਼ਫਰਨਾਮਾ" ਵਿਚ ਲਿਖਦੇ ਹਨ:-[2]

ਚਰਾਗਿ ਜਹਾਂ ਚੂੰ ਸ਼ੁਦ ਬੁਰਕਾ ਪੋਸ਼॥
ਸ਼ਹਿ ਸ਼ਬਦ ਬਰਾਮਦ; ਹਮਾ ਜਲਵਾ ਜੋਸ਼॥42॥

ਇਸ ਦਾ ਅਰਥ ਹੈ, "ਜਦੋਂ ਦੁਨੀਆਂ ਦੇ ਦੀਵੇ (ਸੂਰਜ) ਨੇ ਮੂੰਹ ਢੱਕ ਲਿਆ ਤਾਂ ਰਾਤ ਦਾ ਰਾਜਾ ਚੰਦਰਮਾ ਪੂਰੀ ਧਜ ਸਜ ਨਾਲ ਆਇਆ।" ਹੁਣ ਜੇਕਰ 8 ਪੋਹ ਦੀ ਰਾਤ ਮੰਨੀਏ ਤਾਂ ਉਦੋਂ ਹਨੇਰੀ ਰਾਤ ਹੁੰਦੀ ਹੈ ਅਤੇ ਚੰਦਰਮਾ ਦਾ ਚਾਨਣ ਨਹੀਂ ਹੁੰਦਾ। ਪਰੰਤੂ ਇਸ ਦੇ ਉਲਟ 17 ਮੱਘਰ ਨੂੰ ਚੰਦਰਮਾ ਪੂਰੀ ਜੁਆਨੀ ਤੇ ਹੁੰਦਾ ਹੈ। ਅਰਥਾਤ ਮਘਰ ਸੁਦੀ ਤ੍ਰੌਦਸੀ ਨੂੰ ਪ੍ਰਵਿਸਟਾ 17 ਮੱਘਰ ਹੀ ਨਿਸ਼ਚਿਤ ਹੁੰਦਾ ਹੈ। ਇਸ ਦੀ ਪ੍ਰੋੜਤਾ ਕੇਸਰ ਸਿੰਘ ਛਿੱਬਰ ਨੇ "ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦਾ" (ਰਚਨ ਕਾਲ 1769 ਈਸਵੀ) ਵਿਚ ਕੀਤੀ ਹੈ:-[3]

ਮੱਘਰ ਮਹੀਨੇ ਅਸੀ ਨਿਸਾ ਕੂਚ ਕੀਤਾ
ਲੋਕ ਅਪਨਾ ਸਭ ਇਕਠਾ ਕਰਿ ਲੀਤਾ॥
ਨਿਸਾ ਕਾਲੀ ਰਾਤ ਰਥ ਮਾਤਾ ਦਾ ਭੁਲ ਗਇਆ॥
ਸਹੇੜੀ ਗਿਰਾਉਂ ਰੰਗੜਾਂ ਦਾ ਤਿਤ ਮਾਰਗ ਪਇਆ॥56॥

ਅਨੰਦਪੁਰ ਸਾਹਿਬ ਛੱਡਣ ਸਮੇਂ ਮੁਗਲ ਫ਼ੌਜ ਨੇ ਸਿੱਖਾਂ ਉਪਰ ਹਮਲਾ ਕਰ ਦਿੱਤਾ, ਜਿਸ ਕਾਰਨ ਹਫੜਾ ਦਫੜੀ ਮਚ ਗਈ। ਉਸ ਸਮੇਂ ਅਨੇਕ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ ਪਰੰਤੂ ਸਿੱਖਾਂ ਨੇ ਦੁਸ਼ਮਣ ਨੂੰ ਕਾਫੀ ਸਮਾਂ ਰੋਕੀ ਰੱਖਿਆ। ਅੱਗੇ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ ਅਤੇ ਉਥੇ ਬੇਸ਼ੁਮਾਰ ਕੀਮਤੀ ਸਾਹਿਤ ਜੋ ਦਸਮ ਪਾਤਸ਼ਾਹ ਜੀ ਅਤੇ ਹਜ਼ੂਰੀ ਕਵੀਆਂ ਦੁਆਰਾ ਰਚਿਆ ਗਿਆ ਸੀ, ਉਹ ਸਰਸਾ ਨਦੀ ਦੇ ਵਹਿਣ ਵਿਚ ਵਹਿ ਗਿਆ। ਸਾਡੇ ਅਜੋਕੇ ਲਿਖਾਰੀਆਂ ਦਾ ਮੱਤ ਹੈ ਕਿ ਏਥੋਂ ਮਾਤਾ ਗੁਜਰੀ ਜੀ, ਦੋਵੇਂ ਛੋਟੇ ਸਾਹਿਬਜ਼ਾਦਿਆਂ ਸਮੇਤ ਗੰਗੂ ਰਸੋਈਏ ਨਾਲ ਉਸ ਦੇ ਪਿੰਡ ਚਲੇ ਗਏ ਸਨ ਪ੍ਰੰਤੂ ਇਹ ਠੀਕ ਨਹੀਂ ਹੈ। ਗੁਰੂ ਜੀ ਦੇ ਜੀਵਨ ਦੇ ਨੇੜੇ ਦੇ ਸਰੋਤਾਂ ਅਨੁਸਾਰ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਚਮਕੌਰ ਤਕ ਗੁਰੂ ਜੀ ਨਾਲ ਗਏ ਸਨ। ਛੋਟੇ ਸਾਹਿਬਜ਼ਾਦਿਆਂ ਬਾਰੇ ਸਭ ਤੋਂ ਪੁਰਾਤਨ ਲਿਖਤ "ਕਥਾ ਗੁਰੂ ਜੀ ਕੇ ਸੁਤਨ ਕੀ" ਕ੍ਰਿਤ ਦੁਨਾ ਸਿੰਘ ਹੰਡੂਰੀਆ ਦੀ ਹੈ, ਜਿਸ ਵਿਚੋਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਦੁਨਾ ਸਿੰਘ ਹੰਡੂਰੀਆਂ ਉਸ ਭਿਆਨਕ ਸਮੇਂ

Sri Satguru Jagjit Singh Ji Elibrary NamdhariElibrary@gmail.com

ਸਾਹਿਬਜ਼ਾਦਿਆਂ ਦੇ ਨਾਲ ਸੀ, ਜਿਵੇਂ ਕਿ:[4]

ਮੀਆ ਮਾਲਤੀ

ਸ੍ਰੀ ਫਤਹਿ ਸਿੰਘ ਜੋਰਾਵਰ ਸਿੰਘ ਬਹੁਰ ਮਾਤ ਜੀ ਭਨੰ
ਦੁਨਾ ਸਿੰਘ ਤਖਾਣ ਸਿੱਖ ਹੰਡੂਰ ਬਾਸੀ ਤਾਂ ਮਨੰ
ਸਭ ਏਕ ਦਾਸੀ-ਪੰਚ ਥੇ, ਚਮਕੌਰ ਤੇ ਯਹ ਦ੍ਵੈ ਹਦੇ
ਦੁਨਾ ਸਿੰਘ ਜੋ ਏਕ ਦਾਸੀ, ਤਿਸੀ ਭਾਜੜ ਮੈ ਸਟੈ ॥2॥

ਦਸਮ ਪਾਤਸ਼ਾਹ ਜੀ ਲੜਦੇ ਭਿੜਦੇ ਚਮਕੌਰ ਸਾਹਿਬ ਜਾ ਪਹੁੰਚੇ ਅਤੇ ਉਹਨਾਂ ਦੇ ਨਾਲ ਹੀ ਰਾਤ ਦੇ ਸਮੇਂ ਠੋਕਰਾਂ ਖਾਂਦੇ ਇਹ ਪੰਜੇ (ਦੋਵੇਂ ਛੋਟੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਦੁਨਾ ਸਿੰਘ ਹੰਡੂਰੀਆ ਅਤੇ ਇਕ ਦਾਸੀ) ਚਮਕੌਰ ਸਾਹਿਬ ਪਹੁੰਚੇ ਅਤੇ ਕੁੰਮੇ ਮਾਸ਼ਕੀ ਦੇ ਘਰ ਠਹਿਰੇ। ਉਥੇ ਲਛਮੀ ਨਾਮ ਦੀ ਬ੍ਰਾਹਮਣੀ ਉਹਨਾਂ ਨੂੰ ਭੋਜਨ ਛਕਾਉਂਦੀ ਰਹੀ ਜਿਸ ਨੂੰ ਮਾਤਾ ਗੁਜਰੀ ਜੀ ਨੇ ਖੁਸ਼ ਹੋ ਕੇ ਕਈ ਪ੍ਰਕਾਰ ਦੀ ਬਖਸ਼ਿਸ਼ ਕੀਤੀ ਸੀ, ਜਿਵੇਂ ਕਿ:-

॥ਚੌਪਈ॥

ਇਕ ਸੱਕਾ ਹਿਦੂ ਤਹਿ ਆਈ।
ਤੁਰਕ ਜੋਰ ਤਿਹ ਜਨਮ ਵਟਾਹੀ।
ਕੁੰਮੇ ਤੇ ਕੀਮਾ ਤਿਹ ਕੀਨਾ।
ਤਿਸ ਹੀ ਕੈ ਗ੍ਰਿਹ ਬਾਸਾ ਲੀਨਾ।
ਤਹਾਂ ਏਕ ਬ੍ਰਾਹਮਨੀ ਰਹੈ।
'ਲਛਮੀ' ਨਾਮ ਤਾਸ ਜਗ ਕਹੈ।
ਵਹੁ ਪ੍ਰਸਾਦਿ ਕਰਿ ਹਮੈ ਜਿਵਾਵੈ।
ਤਿਸ ਕੈ ਗ੍ਰਿਹ ਮੈ ਆਪ ਲਯਾਵੈ ॥5॥

॥ਦੋਹਰਾ॥

ਦੋਇ ਮੋਹਰ ਕੀ ਆਰਸੀ, ਪੰਚ ਚੂੜੀਆਂ ਸਾਥ।
ਤਿਸੀ ਬ੍ਰਾਹਮਨੀ ਕੋ ਦਈ, ਜੋ ਪ੍ਰਸਾਦ ਵਹ ਖ੍ਵਾਤ ॥6॥

ਮਾਤਾ ਜੀ ਨੇ ਖੁਸ਼ ਹੋ ਕੇ ਲਛਮੀ ਬ੍ਰਾਹਮਣੀ ਨੂੰ ਪੰਜ ਸੋਨੇ ਦੀਆਂ ਚੂੜੀਆਂ ਅਤੇ ਦੋ ਮੋਹਰ ਦੀ ਆਰਸੀ ਦਿੱਤੀਆਂ। ਚਮਕੌਰ ਸਾਹਿਬ ਸੂਹ ਮਿਲਣ ਤੇ ਪਿੰਡ ਸਹੇੜੀ ਦੇ ਦੋ ਮਸੰਦ ਦਰਬਾਰੀ ਅਤੇ ਧੁਮਾ ਮਾਤਾ ਜੀ ਨੂੰ ਮਿਲਣ ਆਏ ਅਤੇ ਬੇਨਤੀ ਕਰਕੇ ਉਹ ਦੋਵੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਆਪਣੇ ਪਿੰਡ ਸਹੇੜੀ ਲੈ ਗਏ। ਰਸਤੇ ਵਿਚ ਉਹਨਾਂ ਨੇ ਦੇਖਿਆ ਕਿ ਮਾਤਾ ਜੀ ਕੋਲ ਗੁਰੂ ਜੀ ਕਾ ਅਪਾਰ ਖਜ਼ਾਨਾ ਹੈ। ਉਹਨਾਂ ਦੇ ਮਨ ਬੇਈਮਾਨ ਹੋ ਗਏ। ਉਹਨਾਂ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਕੋਲ ਪਕੜਾ ਦਿੱਤਾ ਜਿਵੇਂ ਕਿ ਦੁਨਾ ਸਿੰਘ ਦੀ ਲਿਖਤ ਤੋਂ ਪਤਾ ਲੱਗ ਜਾਂਦਾ ਹੈ:-

॥ਚੌਪਈ॥

ਅਬੈ ਇਕ ਕਥਾ ਅਵਰ ਜਨਾਊ,
ਜੋ ਜੋ ਬੀਤੀ ਸਭੈ ਸੁਨਾਊਂ॥
ਦੋਇ ਮਸੰਦ ਸਹੇੜੀ ਰਹੈਂ,
ਇਕ ਦਰਬਾਰੀ, ਧੁਮਾ ਕਹੈਂ॥8॥

॥ਸੋਰਠਾ॥

ਤਿਨੈ ਸੁਨੀ ਯਹ ਬਾਇ, ਤਹਾਂ ਖੇਡ ਐਸੇ ਭਯੋ॥
ਆਹਿ ਤਿਤਹੀ ਧਾਇ, ਜੋ ਕਿਤ ਹੂੰ ਕੋਊ ਪਾਈਐ॥9॥

ਹੁਣ ਜਦੋਂ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਪਿੰਡ ਸਹੇੜੀ ਵਿਖੇ ਪਹੁੰਚ ਗਏ ਤਾਂ ਪਿਛੋਂ ਚਮਕੌਰ ਦੀ ਗੜ੍ਹੀ ਵਿਚੋਂ ਦਸਮ ਗੁਰੂ ਜੀ ਚਮਕੌਰ ਵਿਚ ਕੁੰਮੇ ਮਾਸ਼ਕੀ ਦੇ ਘਰ ਸੁਨੇਹਾ ਭੇਜਿਆ ਕਿ ਉਹ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਖ਼ਬਰ ਦੇਵੇ ਤਾਂ ਕੁੰਮੇ ਮਾਸ਼ਕੀ ਨੇ ਦੱਸਿਆ ਕਿ ਮਾਤਾ ਜੀ, ਸਾਹਿਬਜ਼ਾਦਿਆਂ ਸਮੇਤ ਚੌਂਤੇ ਪਿੰਡ ਦੀ ਤਰਫ਼ ਦੋ ਮਸੰਦਾਂ ਧੁਮਾ ਤੇ ਦਰਬਾਰੀ ਸਹੇੜੀ ਵਾਲਿਆਂ ਨਾਲ ਚਲੇ ਗਏ ਹਨ। ਇਸ ਦੀ ਪੁਸ਼ਟੀ "ਗੁਰੂ ਕੀਆਂ ਸਾਖੀਆਂ" (ਰਚਨ ਕਾਲ 1790 ਈਸਵੀ) ਕ੍ਰਿਤ ਸਰੂਪ ਸਿੰਘ ਕੌਸ਼ਿਕ ਭੱਟ ਤੋਂ ਵੀ ਭਲੀ ਭਾਂਤ ਹੋ ਜਾਂਦੀ ਹੈ:-[5]

"ਸਤਿਗੁਰਾਂ ਚੌਧਰੀ ਬੁਧੀ ਚੰਦ ਸੇ ਕਹਿ ਕੇ ਕੁਮੇ ਮਾਸ਼ਕੀ ਕੋ ਬੁਲਾਇ ਭੇਜਾ। ਪੂਛਾ, 'ਭਾਈ! ਤੇਰੇ ਗ੍ਰਹਿ ਮੇਂ ਮਾਤਾ ਗੁਜਰੀ ਜੀ ਤੇ ਉਨ ਕੇ ਮੇਲ ਦੋ ਸਾਹਿਬਜ਼ਾਦੇ ਛੋਟੇ ਆਏ ਥੇ, ਅਬ ਕਹਾਂ ਹੈਂ?" ਉਸ ਹਾਂਥ ਬਾਂਧ ਬੇਨਤੀ ਕੀ, 'ਜੀ ਗਰੀਬ ਨਿਵਾਜ! ਉਹ ਆਜ ਫ਼ਜ਼ਰੇ ਜਹਾਂ ਸੇ ਚੌਂਤੇ ਗਾਓ ਕੀ ਤਰਫ਼ ਚਲੇ ਗਏ ਹੈਂ। ਉਨ ਕੇ ਮੇਲ ਸਹੇੜੀ ਗਾਮ ਕੇ ਦੋ ਹਜ਼ੂਰੀ ਮਸੰਦ ਹੈਂ, ਜਿਨ੍ਹਾਂ ਆਪਣਾ ਨਾਮ ਧੂਮਾਂ ਤੇ ਦੁਰਬਾਰੀ ਬਤਾਇਆ ਸੀ।"

ਇਸ ਦੀ ਪੁਸ਼ਟੀ "ਮਹਿਮਾਂ ਪ੍ਰਕਾਸ"[6] '(ਰਚਨਕਾਲ 1784 ਈਸਵੀ) ਕ੍ਰਿਤ ਸਰੂਪ ਦਾਸ ਭੱਲਾ ਤੋਂ ਵੀ ਹੋ ਜਾਂਦੀ ਹੈ। ਚਾਹੇ ਇਸ ਦੇ ਵਰਨਣ ਅਤੇ ਸਾਹਿਬਜ਼ਾਦਿਆਂ ਦੇ ਨਾਮਾਂ ਵਿਚ ਕੁਝ ਅੰਤਰ ਹੈ ਪਰੰਤੂ ਗੰਗੂ ਰਸੋਈਏ ਦੀ ਸਾਹਿਬਜ਼ਾਦਿਆਂ ਨਾਲ ਸ਼ਮੂਲੀਅਤ ਤੋਂ ਉਹ ਵੀ ਇਨਕਾਰੀ ਹੈ, ਜਿਵੇਂ ਕਿ:-

"----ਦੋਨੋਂ ਸਾਹਿਬਾਂ ਕਾ ਨਾਮ ਸ੍ਰੀ ਬਾਬਾ ਜੁਝਾਰ ਸਿੰਘ ਜੀ ਵਾ ਬਾਬਾ ਜ਼ੋਰਾਵਰ ਸਿੰਘ ਜੀ ਜਿਨ ਕੀ ਕਥਾ ਸ੍ਰੀ ਬਚਿਤਰ ਨਾਟਕ ਜੀ ਮੇਂ ਸ੍ਰੀ ਮੁਖ ਬਰਨਨ ਕੀਆ ਹੈ। ਇਹ ਕਾਰਨ ਤੇ ਪਹਿਲੇ ਹੂਆ ਥਾ। ਦੋਨੋਂ ਸਾਹਿਬਜ਼ਾਦੇ ਜੋ ਪੀਛੇ ਰਹੇ ਥੇ ਉਨ ਕੋ ਆਗਿਆ ਭਈ ਜੋ ਚਲੋ। ਵ ਹਜ਼ਾਰਾ ਸਿੰਘ ਕੋ ਆਗਿਆ ਦੀਆਂ ਜੋ ਤੁਸੀਂ ਇਨ ਕੇ ਨਾਲ ਜਾਊ। ਅਨੰਦਪੁਰ ਜੀ ਸੇ ਕੂਚ ਕਰਕੇ ਜਦ ਤੀਨ ਚਾਰ ਕੋਸ ਗਏ ਤਦ ਰਾਜੇ ਵ ਫਉਜਾਂ ਪਾਤਸ਼ਾਹੀ ਜਿਨਾਂ ਨਰਗਾ ਕੀਆ ਥਾ

Sri Satguru Jagjit Singh Ji Elibrary NamdhariElibrary@gmail.com

ਉਹ ਸਭ ਆਇ ਪੜੇ ਮਾਲ ਅਸਬਾਬ ਸਭ ਲੀਆ। ਅਰ ਸਾਹਿਬਜ਼ਾਦਿਆਂ ਕੋ ਮਹਲਾਂ ਕੋ ਨਹੀਂ ਪਾਇਆ। ਤਦ ਤਲਾਇਸ ਲਗੇ ਕਰਨੇ ਸਾਹਿਬਜ਼ਾਦੇ ਵ ਮਹਲ ਸਭਿ ਜਾਇ ਕੇ ਉਸ ਗਉਂ ਕਾ ਨਾਉਂ ਆਗੇ, ਕੁਛ ਅਉਰ ਥਾ ਜਬ ਸੇ ਕਾਰਨ ਹੂਆ ਤਦ ਸੇ ਬੁਰਾ ਪਿੰਡੂ ਕਹਤੇ ਹੈ ਉਹਾਂ ਜਾਇਕੇ ਉਤਰੇ। ਉਹਾਂ ਜੋ ਜੋ ਰੰਗੜ ਰਹਤੇ ਉਨੋਂ ਨੇ ਜਾਇ ਪਾਤਿਸ਼ਾਹੀ ਲੋਕਾਂ ਕੋ ਖ਼ਬਰ ਕਰ ਦੀਆਂ।"

ਗੰਗੂ ਬ੍ਰਾਹਮਣ ਰਸੋਈਏ ਦੇ ਕਿਸੇ ਵੀ ਗਰੰਥ ਤੋਂ ਪੁਸ਼ਟੀ ਨਹੀਂ ਹੁੰਦੀ ਹੈ। 'ਗੁਰੂ ਬਿਲਾਸ ਪਾਤਸ਼ਾਹੀ 10 'ਕ੍ਰਿਤ ਭਾਈ ਸੁਖਾ ਸਿੰਘ (ਰਚਨ ਕਾਲ 1797 ਈਸਵੀ) ਵਿਚ ਇਕ ਮਸੰਦ ਜਿਸ ਦੀ ਜਾਤ ਬ੍ਰਾਹਮਣ ਹੈ, ਉਹ ਮਸੰਦ ਬਾਰੇ ਜ਼ਿਕਰ ਕਰਦਾ ਹੈ ਜੋ ਸਾਹਿਬਜ਼ਾਦਿਆਂ ਬਾਰੇ ਸਰਹੰਦ ਵਿਖੇ ਖ਼ਬਰ ਕਰਦਾ ਹੈ, ਜਿਵੇਂ ਕਿ:–

ਫਤੇ ਮਿਰਗਿੰਦ ਜੁਝਾਰ ਮ੍ਰਿਗੀਸਾ,
ਯੌ ਕੌਤਕ ਕੀਨੋ ਜਗਦੀਸਾ।
ਹੁਤੋ ਮਸੰਦ ਨੀਚ ਇਕ ਪਾਪੀ,
ਬਿਪ ਬੰਸ ਚੰਡਾਰ ਸੁਖਾਪੀ।239।
ਰੋਪਰ ਤੇ ਵਹੁ ਰਾਹ ਭੁਲਾਈ,
ਨਿਜਪੁਰ ਕੋ ਲੈ ਗਯੋ ਕਸਾਈ।
ਸਾਹਿਬਜਾਦੇ ਦੋਊ ਕੁਮਾਰ,
ਤੀਜੇ ਦਾਦੀ ਸਾਥ ਨਿਹਾਰ।240।
ਏਕ ਆਪੰ ਅਨ ਖਿਜ਼ਮਤਦਾਰ,
ਖਚਰ ਧਨ ਘੋਰੇ ਜੁਗ ਚਾਰ।
ਪਲਕ ਹਜੂਰ ਸੁ ਰਹੇ ਪਿਛਾਰੀ,
ਫਰਕ ਪਯੋ ਰਜਨੀ ਮਧਕਾਰੀ।241।
ਬਿਪ ਕਹੀ ਮਿਲਤੇ ਹੈਂ ਅਬੀ,
ਏ ਆਗੇ ਜਾਵਤ ਹੈ ਸਬੀ।
ਯੌ ਕਹ ਕਰ ਦੋਖੀ ਲੈ ਧਾਯੋ,
ਆਪਨ ਗ੍ਰਾਮ ਨੀਚ ਲੈ ਆਯੋ।242।
ਖਚਰ ਮਾਯਾ ਨਿਰਖ ਗਵਾਰ,
ਬੁਢੋ ਪਾਪੀ ਲੋਭ ਮਝਾਰ।
ਏਮ ਬਿਚਾਰ ਗਾਂਵ ਲੈ ਆਯੋ,
ਮਾਤਾ ਜੀ ਯਹ ਭੇਦਨ ਪਾਯੋ॥243॥

ਇਸ ਤੋਂ ਅੱਗੇ ਉਹ ਹੀ ਸਾਖੀ ਚਲਦੀ ਹੈ ਕਿ ਰਾਤ ਸਮੇਂ ਧੰਨ ਵਾਲੀ ਖੁਰਜੀ ਮਸੰਦ ਨੇ ਲੁਕਾ ਲਈ ਅਤੇ ਫਿਰ ਮੁਖਬਰੀ ਕਰਕੇ ਸਾਹਿਬਜ਼ਾਦਿਆਂ ਨੂੰ ਪਕੜਾ ਦਿੱਤਾ। ਇਸ ਪ੍ਰਥਾਇ ਮਹਾਂਕਵਿ ਸੰਤੋਖ ਸਿੰਘ ਜੀ ਦੇ ਵਿਚਾਰ "ਸੂਰਜ ਪ੍ਰਕਾਸ" ਗਰੰਥ ਵਿਚ ਵਾਚਣ ਯੋਗ ਹਨ:–

ਸਿਯੰਦਨ ਮਹਿ ਮਾਤਾ ਹੁਤੀ ਦਵੈ ਸਾਹਿਬਜ਼ਾਦੇ।
ਇਕ ਖਚਰਾਇ ਕਦਾ ਸਤਹਿ ਦੀਨਾਰਨ ਲਾਦੇ।
ਉਤਰ ਤਿਸਕੇ ਸਦਨ ਮਹਿ ਸਭ ਵਸਤ ਉਤਾਰੀ।
ਗ੍ਰਾਮ ਨਾਮ ਖੇੜੀ ਹੁਤੋ ਦਿਜ ਅਧਮ ਕੁਚਾਰੀ।
ਕੁਛਕ ਮਸੰਦੀ ਭੀ ਕਰੀ ਇਸ ਹੇਤ ਚਿਨਾਰੀ।
ਮਧਰ ਬਾਕ ਕਹਿ ਲੇ ਗਯੋ ਧਨ ਸੰਗ ਨਿਹਾਰੀ।
ਖਚਰ ਪਰ ਖੁਰਜੀ ਤਕੀ ਦੀਨਾਰਨ ਕੇਰੀ।
ਬਿਸਰਾਮੇ ਬਹੁਰ ਥਕ ਤਿਭੇ ਚਲ ਬਾਟ ਬਡੇਰੀ॥16॥

ਭਾਈ ਰਤਨ ਸਿੰਘ ਭੰਗੂ ਆਪਣੇ ਗਰੰਥ "ਸ੍ਰੀ ਗੁਰੂ ਪੰਥ ਪ੍ਰਕਾਸ" (ਰਚਨਕਾਲ 1841 ਈਸਵੀ) ਵਿਚ ਮਾਤਾ ਜੀ ਨਾਲ ਇਕ ਬ੍ਰਾਹਮਣ ਰਸੋਈਏ ਦਾ ਜ਼ਿਕਰ ਕੀਤਾ ਹੈ ਪਰੰਤੂ ਉਸ ਦਾ ਨਾਮ ਉਹ ਵੀ ਨਹੀਂ ਲਿਖ ਰਿਹਾ ਹੈ, ਜਿਵੇਂ ਕਿ:–[8]

ਚੌਪਈ॥ ਅਬ ਅਗੇ ਫੇਰ ਸੁਨਹੁ ਵੈ ਬਾਤ,
ਜਿਮ ਕੀਏ ਬਜੀਦੇ ਸ਼ੀਰ ਖੋਰ ਘਾਤ।
ਰੋਪੜੋ ਜੁਦੀ ਮਾਤ ਉਨ ਕੀਨੀ,
ਹੁਤੋ ਬਾਹਮਨ ਰਸੋਈਓ ਮਤ ਹੀਨੀ॥12॥
ਉਸ ਕੇ ਮਨ ਮੈ ਬਡ ਲਬ ਆਯੋ,
ਉਨ ਦੇਖਯੋ ਥੋ ਜੁ ਮਾਤ ਚੁਕਾਯੋ।
ਹੀਰੇ ਮੋਤੀ ਮਾਣਕ ਸਬਜ਼ੇ,
ਹੁਤੋ ਗਲਯੋ ਬਾਮਣ ਜਿਤ ਗਜਬੈ॥13॥
ਲੈ ਮਾਤੋ ਨਿਜ ਆਇਓ ਗਰਾਮ, ਸਾਹੇੜੀ ਉਸ ਕੋ ਨਾਮ।
ਜਾਇ ਉਜਾੜ ਮੱਧ ਢੱਕ ਬਹਾਈ,
ਚੀਜ ਸਭੀ ਉਨ ਕਰੀ ਕਬਜਾਈ॥14॥

ਇਸ ਗਰੰਥ ਦੇ ਫੁਟ ਨੋਟ ਵਿਚ (ਸਫਾ 103 ਤੇ) ਵਿਦਵਾਨ ਸੰਪਾਦਕ ਡਾ. ਜੀਤ ਸਿੰਘ ਸੀਤਲ ਉਸ ਬ੍ਰਾਹਮਣ ਜਾਂ ਮਸੰਦ ਦੇ ਪਿੰਡ ਖੇੜੀ ਬਾਰੇ ਲਿਖਦੇ ਹਨ:–

"ਸਹੇੜੀ: ਰੋਪੜ ਦੇ ਥਾਣਾ ਮੋਰਿੰਡਾ ਦਾ ਇਕ ਪਿੰਡ ਜਿਥੋਂ ਬ੍ਰਾਹਮਣ ਸੀ। ਇਤਿਹਾਸਕਾਰਾਂ ਨੇ ਇਸ ਦਾ ਨਾਮ 'ਖੇੜੀ' ਲਿਖਿਆ ਹੈ ਜੋ ਬੰਦਾ ਬਹਾਦਰ ਨੇ ਥੇਹ ਕਰ ਦਿਤਾ ਸੀ, ਨਵੀਂ ਬਸਤੀ ਦਾ ਨਾਮ 'ਸਹੇੜੀ' ਹੋਇਆ।" ਉਪਰੋਕਤ ਗਰੰਥ ਨੂੰ ਪ੍ਰਾਚੀਨ ਪੰਥ ਵੀ ਆਖਿਆ ਜਾਂਦਾ ਹੈ।

ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਪ੍ਰਸਿੱਧ ਗਰੰਥ "ਸ੍ਰੀ ਗੁਰੂ ਪੰਥ ਪ੍ਰਕਾਸ" (ਰਚਨ ਕਾਲ 1892 ਈਸਵੀ) ਵਿਚ ਲਿਖਦੇ ਹਨ:–[9]

ਅੜਿਲ ਛੰਦ- ਅਬਿ ਗੁਰੁ ਮਾਤ ਰੁ ਤਾਤਨ ਕੋ ਬ੍ਰਿਤਾਂਤ ਸੁਨਿ।
ਰੋਪੜ ਲੋ ਤਬਿ ਆਏ, ਸੰਗ ਵਹੀਰ ਗੁਨਿ।

Sri Satguru Jagjit Singh Ji Elibrary NamdhariElibrary@gmail.com

ਇਤ੍ਹ ਬਿਤ੍ਹ ਤਿਸ ਠੌਰ, ਭਏ ਜਬ ਸਿੰਘ ਸਭਿ।

ਹੋ ਗੁਰੂ ਜਨਨੀ ਢਿਗੁ,ਗੁਰੂ ਸੁਤ ਲਘੁ ਜੁਗ ਰਹੇ ਤਬਿ॥39॥

ਗੁਰੂ ਘਰ ਕਾ ਇਕ ਰਹਯੋ ਰਸੋਈਆ ਸੰਗ ਤਿਨ।

ਖੇੜੀ ਨਾਮ ਗ੍ਰਾਮ ਕੇਰ ਦ੍ਵਜ ਹੁਤੋ ਮਿਨਿ।

ਸੋ ਬ੍ਰਾਹਮਣ ਨਿਜ ਸੰਗ ਮਾਤ ਕੋ ਲੈ ਗਯੋ।

ਹੋ ਜਯੋ ਤਯੋ ਕਰਿ ਨਿਜ ਧਾਮ ਪ੍ਰਾਪਤ ਜਾ ਭਯੋ॥40॥

ਪ੍ਰਸਿੱਧ ਵਿਦਵਾਨ ਲੇਖਕ ਭਾਈ ਬੀਰ ਸਿੰਘ ਬਲ ਗਰੰਥ "ਸਿੰਘ ਸਾਗਰ" (ਰਚਨ ਕਾਲ 1851 ਈਸਵੀ) ਵਿਚ ਗੰਗੂ ਦੇ ਨਾਮ ਤੋਂ ਇਨਕਾਰੀ ਕਰਦੇ ਹੋਏ ਇਕ ਮਸੰਦ ਦੀ ਹਾਜ਼ਰੀ ਨੂੰ ਕਬੂਲਦੇ ਹੋਏ ਲਿਖਦੇ ਹਨ ਉਸ ਸਮੇਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨਾਲ ਮਸੰਦ ਉਹਨਾਂ ਦਾ ਸਾਥੀ ਸੀ:-[10]

ਦੋਹਰਾ- ਆਨਦ ਪੁਰ ਤੇ ਕੂਚ ਕਰ ਸਰਸੇ ਪਹੁਚੇ ਆਇ।
ਇਤ ਆਵਤ ਦਲ ਤੁਰਕੇ ਕਾਹੂੰ ਕਹਿ ਯੋ ਸੁਨਾਇ॥90॥

ਸ੍ਵੈਯਾ- ਆਇ ਖਰੋ ਸਰਸੇ ਨਦੀ ਪੈ ਗੁਰ ਰਾਜ ਸਮਾਜ ਸਭੋ ਸੰਗ ਲੀਨੋ।
ਸੋ ਅਵਸਰ ਉਦੇ ਸਿੰਘ ਕੋ ਸੰਗ ਆਪ ਖਰੋ ਸਹਸੇ ਤਟ ਕੀਨੋ।
ਮਾਤ ਦੋਊ ਸੁਤ ਦੈ ਅਮਿਤੋ ਧਨੁ ਪੂਰਬ ਓਰ ਬਿਦਾ ਕਰ ਦੀਮੋ।
ਸਿੰਘ ਜੁਝਾਰ ਅਜੀਤ ਮ੍ਰਿਗੇਸੁ ਸ੍ਰੀ ਗੁਰ ਏ ਇਕਠੇ ਰਹੇ ਤੀਨੋ॥91॥

ਦੋਹਰਾ- ਜੋਰਾਵਰ ਸਿੰਘੁ ਫਤੇ ਸਿੰਘੁ ਗੁਜਰੀ ਮਾਤਾ ਸਾਥ।
ਕਾਈਨੌਰ ਕੈ ਤੱਲ ਕੇ ਵਸੇ ਏਕ ਪੁਰ ਰਾਤ॥92॥

ਦੋਹਰਾ- ਗਾਉਂ ਉਖੇੜੀ ਨਉ ਤਿਹ ਰਹੈ ਮਸੰਦ ਗ੍ਰਿਹ ਜਾਇ।
ਤਬੈ ਮਸੰਦ ਮਲੇਛੁ ਵਹੁ ਗਇਯੋ ਸਿਰੰਦ ਸਿਧਾਇ॥93॥

ਦੋਹਰਾ- ਸ੍ਰੀ ਮਾਤਾ ਜੁਗ ਪੋਤਰੇ ਵਸੇ ਮਸੰਦ ਦੁਵਾਰ।
ਆਗੈ ਕਥਾ ਸਿਰੰਦ ਕੀ ਜਾਨਤ ਸਭ ਸੰਸਾਰ॥94॥

ਇਹ ਕੁਝ ਕੁ ਪ੍ਰਸਿੱਧ ਇਤਿਹਾਸਕ ਗਰੰਥਾਂ ਦੇ ਹਵਾਲੇ ਹਨ ਜਿਹਨਾਂ ਵਿਚ ਗੁਰੂ ਘਰ ਦਾ ਨੌਕਰ ਗੰਗੂ ਗੈਰ ਹਾਜ਼ਰ ਹੈ ਅਤੇ ਉਹ ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨਾਲ ਪਿੰਡ ਖੇੜੀ (ਸਹੇੜੀ) ਤਕ ਉਹਨਾਂ ਨਾਲ ਸੰਗੀ ਸਾਥੀ ਨਹੀਂ ਸੀ।

ਸਿੱਟਾ:- ਉਪਰੋਕਤ ਇਤਿਹਾਸ ਗ੍ਰੰਥਾਂ ਦੇ ਆਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਨੂੰ 1705 ਈਸਵੀ ਵਿਚ ਛੱਡਿਆ ਤਾਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸਰਸਾ ਨਦੀ ਦੇ ਕੰਢੇ ਦਸਮ ਪਾਤਸ਼ਾਹ ਜੀ ਤੋਂ ਵਿਛੜੇ ਨਹੀਂ ਸਨ, ਸਗੋਂ ਉਹ ਚਮਕੌਰ ਸਾਹਿਬ ਤੱਕ ਨਾਲ ਗਏ ਸਨ। ਦਸਮ ਗੁਰੂ ਜੀ ਤਾਂ ਉਥੋਂ ਦੇ ਚੌਧਰੀ ਦੀ ਹਵੇਲੀ ਵਿਚ ਚਲੇ ਗਏ ਸਨ ਜਿਸ ਨੂੰ ਇਤਿਹਾਸ ਵਿਚ ਚਮਕੌਰ ਦੀ ਗੜ੍ਹੀ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪਰੰਤੂ ਦੋਵੇਂ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੂਨਾ ਸਿੰਘ ਹੰਡੂਰੀਆ ਅਤੇ ਇਕ ਦਾਸੀ ਨਾਲ ਕੁੰਮੇ ਮਾਸ਼ਕੀ ਦੇ ਘਰ ਪਹੁੰਚੇ। ਉਥੇ ਗੁਰੂ ਘਰ ਦੇ ਦੋ ਮਸੰਦ (ਉਪਰੋਕਤ ਹਵਾਲਿਆਂ ਵਿਚ ਇਕ ਮਸੰਦ ਵੀ ਲਿਖਿਆ ਹੈ। ਜਿਸ ਦੀ ਜਾਤ ਬ੍ਰਾਹਮਣ ਅਤੇ ਰਸੋਈਆ ਵੀ ਲਿਖਿਆ ਹੈ) ਕੁੰਮੇ ਮਾਸ਼ਕੀ ਦੇ ਘਰ ਪਹੁੰਚੇ ਅਤੇ ਉਹਨਾਂ ਨੇ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ (ਸਹੇੜੀ) ਲਿਜਾ ਕੇ ਸਰਹੰਦ ਦੇ ਸੂਬੇਦਾਰ ਕੋਲ ਪਕੜਾ ਦਿੱਤਾ ਸੀ। ਮੈਂ ਕਹਿ ਸਕਦਾ ਹਾਂ ਕਿ ਗੰਗੂ ਨਾਮ ਦਾ ਵਿਅਕਤੀ ਸਿੱਖ ਇਤਿਹਾਸ ਵਿਚ ਕੋਈ ਨਹੀਂ ਹੋਇਆ।

ਫੁਟ ਨੋਟ ਅਤੇ ਟਿੱਪਣੀਆਂ

1. ਪ੍ਰੋ. ਪਿਆਰਾ ਸਿੰਘ ਪਦਮ: ਚਾਰ ਸਾਹਿਬਜ਼ਾਦੇ, ਪੰਨਾ 15
2. ਪ੍ਰੋ. ਪਿਆਰਾ ਸਿੰਘ ਪਦਮ: ਜ਼ਫ਼ਰਨਾਮਾ, ਪੰਨਾ 62
3. ਕੇਸਰ ਸਿੰਘ ਛਿੱਬਰ: ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਪਰਖ (ਛਿਮਾਹੀ ਰਿਸਾਲਾ), ਪੰਨਾ 150, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1972
4. ਪ੍ਰੋ. ਪਿਆਰਾ ਸਿੰਘ ਪਦਮ: ਚਾਰ ਸਾਹਿਬਜ਼ਾਦੇ, ਪੰਨਾ 22
5. ਸਰੂਪ ਸਿੰਘ ਕੌਸ਼ਿਕ: ਗੁਰੂ ਕੀਆਂ ਸਾਖੀਆਂ: ਸੰਪਾਦਕ ਪਿਆਰਾ ਸਿੰਘ ਪਦਮ ਪੰਨਾ 146
6. ਡਾ. ਗੋਬਿੰਦ ਸਿੰਘ ਲਾਂਬਾ, ਖਜ਼ਾਨ ਸਿੰਘ: ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭੱਲਾ, ਪੰਨਾ 876-877, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971
7. ਸੁਖਾ ਸਿੰਘ: ਗੁਰ ਬਿਲਾਸ ਪਾਤਸ਼ਾਹੀ 10, ਪੰਨਾ 446, ਛਾਪਕ ਰਾਮ ਚੰਦ ਮਾਨਕ ਟਾਹਲਾ ਪੁਸਤਕਾਂ ਵਾਲੇ, ਲੁਹਾਰੀ ਦਰਵਾਜ਼ਾ-ਲਾਹੌਰ
8. ਡਾ. ਜੀਤ ਸਿੰਘ ਸੀਤਲ (ਸੰਪਾਦਕ): ਸ੍ਰੀ ਗੁਰੂ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
9. ਗਿਆਨੀ ਗਿਆਨ ਸਿੰਘ: ਸ੍ਰੀ ਗੁਰੂ ਪੰਥ ਪ੍ਰਕਾਸ਼, ਸੰਪਾਦਕ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, ਭਾਗ ਤੀਜਾ, ਪੰਨਾ 1651
10. ਭਾਈ ਵੀਰ ਸਿੰਘ ਬਲ: ਸਿੰਘ ਸਾਗਰ, ਪੰਨਾ 124, ਪੰਜਾਬੀ ਯੂਨੀਵਰਸਿਟੀ ਪਟਿਆਲਾ।

ਸੰਪਰਕ- 94177-69103

Sri Satguru Jagjit Singh Ji Elibrary NamdhariElibrary@gmail.com

ਦੋ ਗੀਤ

ਦਸ਼ਮੇਸ਼ ਜੀ ਦੇ ਲਾਲ

ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ,
ਜੰਗ ਜੂ ਜੁਝਾਰੂ ਹੋਏ ਜਾਏ ਨਾ ਬਿਆਨੀ ਏ ।

ਹੋਇਆ ਸੀ ਜਨਮ ਪੌਂਟਾ ਸਾਹਿਬ ਚ ਅਜੀਤ ਦਾ,
ਸਤਾਰਾਂ ਸੰਤਾਲੀ ਤੇਈ ਮਾਘ ਦੀ ਤਰੀਕ ਦਾ ।
ਆਖਿਆ ਗੁਰਾਂ ਨੇ ਹੋਊ ਯੋਧਾ ਇਹ ਲਾਸਾਨੀ ਏ ।
ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ।

ਏਸੇ ਜਗਹ ਸਤਿਗੁਰਾਂ ਜੰਗ ਵੱਡਾ ਜਿੱਤਿਆ ।
ਨਾਮ ਸਾਹਿਬਜ਼ਾਦੇ ਦਾ ਅਜੀਤ ਤਾਹੀਂ ਮਿਥਿਆ ।
ਵੈਰੀਆਂ ਦੀ ਜੜ੍ਹ ਕਿਹਾ ਇਸ ਨੇ ਮੁਕਾਣੀ ਏ ।
ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ।

ਲਾਲ ਮਾਤਾ ਸੁੰਦਰੀ ਦਾ ਸੁੰਦਰ ਸਰੂਪ ਸੀ ।
ਚਿਹਰੇ ਤੇ ਜਮਾਲ ਪੂਰਾ ਅਨੂਪ ਤੋਂ ਅਨੂਪ ਸੀ ।
ਬੜਾ ਤੱਪ ਤੇਜ਼ ਬਾਲ ਹੋਇਆ ਇਹ ਨੂਰਾਨੀ ਏ ।
ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ।

ਅਨੰਦਪੁਰ ਸਾਹਿਬ ਵਿਖੇ ਜੰਨਮੇ ਜੁਝਾਰ ਸੀ ।
ਚੇਤਰ ਮਹੀਨਾ ਇੱਕੀ ਦਿਨ ਵੀਰਵਾਰ ਸੀ ।
ਜੀਤੋ ਮਾਂ ਦੇ ਲਾਲ ਦਾ ਨਾ ਹੋਇਆ ਕੋਈ ਸਾਨੀ ਏ ।
ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ।

ਯੁੱਧਾਂ ਵਾਲੇ ਦਿਨੀਂ ਪੈਦਾ ਹੋਏ ਸੀ ਝੁਝਾਰ ਏ ।
ਬਚਪਨੇ ਤੋਂ ਹੀ ਏਸ ਫੜੀ ਤਲਵਾਰ ਏ ।
ਵੱਡੇ ਵੀਰ ਅਜੀਤ ਦੇ ਇਹ ਬਣ ਗਣੇ ਹਾਣੀ ਏ ।
ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ।

ਕੇਸ ਗੜ੍ਹ ਕਿਲ੍ਹੇ ਚ ਲੈ ਪੰਜ ਸੌ ਜਵਾਨ ਜੋ ।
ਤੇਗ ਦੇ ਸੀ ਧਨੀ ਅਜੀਤ ਜੂਝੇ ਮੈਦਾਨ ਜੋ ।
ਕਰੀ ਸੀ ਲੜਾਈ ਬਿਨਾ ਛਕ ਅੰਨ ਪਾਣੀ ਏ ।
ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ।

ਅਨੰਦਪੁਰ ਵਾਲਾ ਕਿਲ੍ਹਾ ਜੰਦੋ ਗੁਰਾਂ ਛੱਡਿਆ ।
ਗੜ੍ਹੀ ਚਮਕੌਰ ਦੀ 'ਚ ਜਾਏ ਝੰਡਾ ਗੱਡਿਆ ।
ਏਸੇ ਗੜ੍ਹੀ ਵਿਚ ਲਾਲਾਂ ਦਿਤੀ ਕੁਰਬਾਨੀ ਏ ।
ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ।

ਅੱਠ ਪੋਹ ਸੰਮਤ ਸਤਾਰਾਂ ਸੌ ਇਕਾਹਟ ਸੀ ।
ਧਰਤੀ ਇਹ ਡੋਲੀ ਗਿਆ ਅੰਬਰ ਵੀ ਪਾਟ ਸੀ ।
ਲਾਲਾਂ ਨੇ ਇਹ ਕੌਮ ਲੇਖੇ ਲਾਈ ਜਿੰਦਗਾਨੀ ਏ ।
ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ।

ਏਸ ਜੰਗ ਵਿੱਚ ਜੂਝੇ ਸਿੰਘ ਕੁੱਲ ਚਾਲੀ ਸੀ ।
ਲੱਖਾਂ ਵੈਰੀਆਂ ਦੇ ਨਾਲ ਟੱਕਰ ਲਗਾਲੀ ਸੀ ।
ਅਸਪਾਲ ਸੂਰਿਆਂ ਦੀ ਗਾਥਾ ਇਹ ਬਖਾਣੀ ਏ ।
ਗੁਰੂ ਦਸ਼ਮੇਸ਼ ਦਿਆਂ ਲਾਲਾਂ ਦੀ ਕਹਾਣੀ ਏ।

ਸਾਕਾ ਸਰਹੰਦ

ਸਿੱਖੀ ਦਿਆਂ ਨੀਹਾਂ ਵਿਚ ਚਿਣੇ ਦੋਨੋ ਬਾਲ ਨੇ ।
ਹੋਰ ਨਹੀਂ ਕੋਈ ਦਸ਼ਮੇਸ਼ ਜੀ ਦੇ ਲਾਲ ਨੇ ।

ਇੱਟਾਂ ਇਹਨਾਂ ਨੀਹਾਂ ਦਿਆਂ
ਗਾਵੀ ਕੋਲੋਂ ਆਇਆਂ ਨੇ ।
ਤੱਤੀ ਤਵੀ ਆਵੀ ਉੱਤੇ ਗੁਰਾਂ ਨੇ ਪਕਾਈਆਂ ਨੇ ।

ਚਾਂਦਨੀ ਦਾ ਚੌਂਕ ਗੁਰੂ ਤੇਗ ਟਕਸਾਲ ਨੇ ।
ਹੋਰ ਨਹੀਂ ਕੋਈ ਦਸ਼ਮੇਸ਼ ਜੀ ਦੇ ਲਾਲ ਨੇ।

ਦਾਦੀ ਮਾਂ ਦੀ ਸਿੱਖਿਆ ਲੈ ਧਰਮ ਦੇ ਧੜੇ ਨੇ ।
ਫਤਹਿ ਜਾ ਬੁਲਾਈ ਤੇ ਪਹਾੜ ਵਾਂਗੂ ਖੜ੍ਹੇ ਨੇ ।
ਵਜ਼ੀਰ ਖਾਂ ਦੇ ਲਈ ਇਹ ਬਣ ਗਏ ਭੁਚਾਲ ਨੇ ।
ਹੋਰ ਨਹੀਂ ਕੋਈ ਦਸ਼ਮੇਸ਼ ਜੀ ਦੇ ਲਾਲ ਨੇ।

ਮੰਨੋ ਇਸਲਾਮ ਇਹ ਲਾਲਾਂ ਤਾਂਈ ਆਖਿਆ ।
ਕਰਾਂਗੇ ਕਤਲ ਇਹੋ ਜ਼ਾਲਮਾ ਨੇ ਭਾਖਿਆ ।
ਜੜ੍ਹਾਂ ਸਿੱਖੀ ਦੀਆਂ ਲਾਲਾਂ ਕਿਹਾ ਜੋ ਪਤਾਲ ਨੇ ।
ਹੋਰ ਨਹੀਂ ਕੋਈ ਦਸ਼ਮੇਸ਼ ਜੀ ਦੇ ਲਾਲ ਨੇ।

ਸ਼ੇਰ ਖਾਂ ਨੇ ਕਿਤਾ ਇਹੋ ਸੌਹਰੇ ਨੂੰ ਸਵਾਲ ਜੋ ।
ਕਿਹੜਾ ਫ਼ਤਵਾ ਤੂੰ ਲਾ ਕੇ ਚਿੰਣੀ ਜਾਨੈ ਬਾਲ ਜੋ ।
ਲਿਖੇ ਨਾ ਕੁਰਾਨ ਚਾਲ ਚਲਦੇ ਚੰਡਾਲ ਨੇ ।
ਹੋਰ ਨਹੀਂ ਕੋਈ ਦਸ਼ਮੇਸ਼ ਜੀ ਦੇ ਲਾਲ ਨੇ।

ਨਾਹਰਾ ਸੁਣ ਹਾਕਮਾਂ ਨੇ ਕਰ ਦਿੱਤੇ ਟਾਲੇ ਸੀ ।
ਸੁੱਚਾ ਨੰਦ ਤੇਲ ਪਾਇਆ ਬਲਦੀ ਨੂੰ ਬਾਲੇ ਸੀ ।
ਹਾਕਮਾਂ ਓ ਇਕ ਦਿਨ ਬਣੂੰ ਤੇਰਾ ਕਾਲ ਨੇ ।
ਹੋਰ ਨਹੀਂ ਕੋਈ ਦਸ਼ਮੇਸ਼ ਜੀ ਦੇ ਲਾਲ ਨੇ।

ਡੋਲਿਆ ਧਰਮ ਨਹੀਂ ਆਕਾਸ਼ ਸਾਰਾ ਡੋਲਿਆ ।
ਇਕ ਇਕ ਬੂੰਦ ਖੂੰਨ ਖਾਲਸੇ ਨੇ ਡੋਲ੍ਹਿਆ ।
ਥਿਰ ਰਹਿਣੇ ਨਾਮ ਸਦਾ ਕਿਹਾ ਅਸਪਾਲ ਨੇ ।
ਹੋਰ ਨਹੀਂ ਕੋਈ ਦਸ਼ਮੇਸ਼ ਜੀ ਦੇ ਲਾਲ ਨੇ ।

ਕਰਨੈਲ ਸਿੰਘ ਅਸਪਾਲ,
ਪਿੰਡ ਤੇ ਡਾਕਖਾਨਾ ਕਰੀਵਾਲਾ
ਜ਼ਿਲ੍ਹਾ ਸਿਰਸਾ
ਸੰਪਰਕ-9416727810

Sri Satguru Jagjit Singh Ji Elibrary NamdhariElibrary@gmail.com

ਧੰਨ ਗੁਰੂ ਜਗਜੀਤ ਸਿੰਘ ਜੀ

- ਬਲਬੀਰ ਸਿੰਘ ਢਿੱਲੋਂ

ਉਹ ਕਦੇ ਨਹੀਂ ਭਵਜਲੋਂ ਪਾਰ ਹੁੰਦੇ, ਜਿਹੜੇ ਹੈਂਕੜ ਹੰਕਾਰ ਵਿੱਚ ਵਹਿ ਜਾਂਦੇ।
ਪਹੁੰਚ ਸਕਦੇ ਉਹ ਨਾ ਮੰਜ਼ਲ ਤੇ, ਢੇਰੀ ਢਾਹ ਕੇ ਜੋ ਨੇ ਬਹਿ ਜਾਂਦੇ।
ਨਹੀਂ ਉਹਨਾਂ ਨੂੰ ਫੁੱਲ ਨਸੀਬ ਹੁੰਦੇ, ਜਿਹੜੇ ਰਾਹਾਂ ਵਿੱਚ ਕੰਡੇ ਖਿਲਾਰਦੇ ਨੇ।
ਉਹੋ ਸੂਰਮੇਂ ਮਜ਼ਲਾਂ ਸਰ ਕਰਦੇ, ਦੱਸੇ ਗੁਰੂ ਦੇ ਰਾਹ ਜੋ ਪੈ ਜਾਂਦੇ।

ਪ੍ਰੀਤ ਗੁਰੂ ਦੇ ਚਰਨਾਂ ਸੰਗ ਲਾ ਕੇ ਰੱਖ, ਐਸੀ ਲਾ ਕੇ ਲੱਗੀ ਹੋਈ ਤੋੜ ਨਿਭ ਜਾਏ।
ਨਾ ਟੁੱਟੇ ਨਾ ਲਾਣਾ ਪਏ ਜੋੜ ਮੁੜਕੇ, ਖੁਸ਼ੀਆਂ ਵੰਡਦੀ ਸਦਾ ਬੇਜੋੜ ਨਿਭ ਜਾਏ।
ਝੜੀ ਸਦਾ ਦੀਦਾਰ ਦੀ ਰਹੇ ਲੱਗੀ, ਕਿਸੇ ਵੇਲੇ ਵੀ ਕਦੇ ਨਾ ਘੱਟ ਹੋਵੇ,
ਪਿਆਰ ਸਤਿਗੁਰੂ ਦਾ ਸਦਾ ਹੀ ਰਹੇ ਮਿਲਦਾ, ਏਸੇ ਤਰ੍ਹਾਂ ਹੀ ਜਨਮ ਕਰੋੜ ਨਿਭ ਜਾਏ।

ਵਜ਼ਨ ਘਟਿਆ ਤੇ ਨਹੀਂ ਵਿਸ਼ਵਾਸ ਵਾਲਾ, ਜਰਾ ਇਕ ਵਾਰੀ ਇਹਨੂੰ ਤੋਲ ਕੇ ਵੇਖ।
ਕਿਤੇ ਲੱਗਾ ਤੇ ਨਹੀਂ ਜੰਗਾਲ ਇਸਨੂੰ, ਬੂਹਾ ਦਿਲ ਵਾਲਾ ਜ਼ਰਾ ਖੋਹਲ ਕੇ ਵੇਖ।
ਰੱਬ ਸਮਝਦੇ ਆਪਣੇ ਆਪ ਤਾਂਈਂ, ਕਿਤੇ ਕੰਸ ਜਾਂ ਰਾਵਣ ਨਾ ਬਣ ਜਾਵੀਂ।
ਦੈਂਤੋ ਦੇਵਤਾ ਜੇਕਰਾਂ ਚਾਹੇਂ ਬਣਨਾ, ਮੂੰਹੋਂ ਗੁਰੂ ਜਗਜੀਤ ਸਿੰਘ ਬੋਲ ਕੇ ਵੇਖ।

ਨਿਕਲ ਮੜੀ ਮਸਾਣਾ ਦੇ ਚੱਕਰਾਂ 'ਚੋਂ, ਪੂਰੇ ਗੁਰੂ ਦੇ ਦਰ ਤੂੰ ਦਰਸ ਆ ਕੇ।
ਨਾਨਕ ਬਾਣੀ ਦਾ ਗੂੰਜੇ ਸੰਗੀਤ ਹਰ ਦਮ, ਨੂਰ ਰੱਬ ਦਾ ਰਿਹਾ ਏ ਬਰਸ ਆ ਕੇ।
ਬਚਨ ਗੁਰੂ ਦਾ ਬਖਸ਼ਦਾ ਬਾਦਸ਼ਾਹੀਆਂ, ਚਰਨ ਗੁਰੂ ਦੇ ਸੋਹਣਿਆ ਹੈਣ ਪਾਰਸ;
ਕਾਹਨੂੰ ਲੋਹੇ ਦਾ ਜੀਵਨ ਹੰਡਾ ਰਿਹਾ ਏਂ, ਕੰਚਨ ਬਣੇਗਾ ਚਰਨਾਂ ਨੂੰ ਪਰਸ ਆ ਕੇ।

ਮਸਾਂ ਮਸਾਂ ਸੀ ਲੀਹ ਤੇ ਆਈ ਗੱਡੀ, ਵੇਖੀਂ ਕਿਤੇ ਇਹ ਲੀਹ ਤੋਂ ਲਹਿ ਨਾ ਜਾਏ,
ਮਕਸਦ ਤੇਰਾ ਸੀ ਕਰਨੀ ਹੈ ਸਰ ਮੰਜ਼ਲ, ਕਿਧਰੇ ਮਕਸਦ ਇਹ ਰਾਹ ਵਿੱਚ ਰਹਿ ਨਾ ਜਾਏ।
ਕਲਯੁਗ ਦੇ ਝਾਂਸਿਆਂ ਵਿੱਚ ਆ ਕੇ, ਤੇਰੀ ਸ਼ਰਧਾ ਵਿਸ਼ਵਾਸ਼ ਨਾ ਘੱਟ ਹੋਵੇ।
ਜਿਹੜਾ ਪ੍ਰੀਤ ਦਾ ਮੰਦਰ ਉਸਾਰਿਆ ਈ, ਤੇਰਾ ਮੰਦਰ ਉਹ ਕਿਧਰੇ ਢਹਿ ਨਾ ਜਾਏ।

ਸੰਪਰਕ: 9316012844

ਭਾਰਤ ਮਾਤਾ ਦੇ 'ਹਵਸੀ ਕੁੱਤੇ'

ਡਾ: ਹਰਸ਼ਿੰਦਰ ਕੌਰ, ਐਮ.ਡੀ.

ਗੁਰੂ ਨਾਨਕ ਸਾਹਿਬ ਨੇ ਜਦੋਂ "ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨਾ ਆਇਆ" ਉਚਾਰਿਆ ਸੀ ਤਾਂ ਲੋਕਾਂ ਨੂੰ ਹਲੂਣਾ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਗ਼ਰੀਬ ਲਾਚਾਰ ਬੇਕਸੂਰ ਔਰਤਾਂ ਦਾ ਬਲਾਤਕਾਰ ਕਰ ਕੇ, ਵੱਢ ਟੁੱਕ ਕੇ, ਨਿਰਵਸਤਰ ਕਰ ਕੇ ਸੁੱਟਣਾ ਸੰਗੀਨ ਜੁਰਮ ਹੈ। ਏਸੇ ਲਈ ਔਰਤ ਨੂੰ ਉਚੇਰਾ ਦਰਜਾ ਦੇਣ ਦੀ ਗੱਲ ਵੀ ਕੀਤੀ। ਲੋਕਾਂ ਨੂੰ ਸਹੀ ਰਾਹ ਦਿਖਾਉਣ ਲਈ ਜਿੰਨੀ ਦੂਰ ਤੱਕ ਪਹੁੰਚ ਸਕਦੇ ਸਨ, ਪਹੁੰਚੇ।

ਸਵਾਲ ਇਹ ਹੈ ਕਿ ਕੀ ਉਨ੍ਹਾਂ ਸਿੱਖਿਆਵਾਂ ਵਿੱਚੋਂ ਅੱਜ ਦੇ ਦਿਨ ਭਾਰਤ ਅੰਦਰ ਕੋਈ ਪੂਰੀ ਤਰ੍ਹਾਂ ਖਰਾ ਉਤਰ ਰਿਹਾ ਹੈ? ਕੀ ਹਵਾ, ਪਾਣੀ, ਧਰਤੀ ਅੱਜ ਪਲੀਤ ਨਹੀਂ ਹੋ ਰਹੇ? ਕੀ ਲੁੱਟ ਖਸੁੱਟ ਬੰਦ ਹੋ ਚੁੱਕੀ ਹੈ? ਕੀ ਧਾਰਮਿਕ ਪਾਖੰਡਾਂ ਰਾਹੀਂ ਲੋਕਾਂ ਨੂੰ ਬੇਵਕੂਫ਼ ਨਹੀਂ ਬਣਾਇਆ ਜਾ ਰਿਹਾ? ਕੀ ਗੁੰਡਾਗਰਦੀ ਮੁੱਕ ਚੁੱਕੀ ਹੈ? ਕੀ ਹੁਣ 'ਰਾਜੇ ਸੀਹ ਮੁਕਦਮ ਕੁਤੇ' ਨਹੀਂ ਰਹੇ? ਕੀ ਲੋਕ ਹੁਣ ਰਾਜ ਕਰਨ ਵਾਲਿਆਂ ਹੱਥੋਂ ਨਪੀੜੇ ਨਹੀਂ ਜਾ ਰਹੇ? ਕੀ ਲੋਕ ਬਹਿ ਕੇ ਆਪਣੀ ਕਿਸਮਤ ਉੱਤੇ ਝੂਰਦੇ ਸਭ ਕੁੱਝ ਸਹਿਨ ਤਾਂ ਨਹੀਂ ਕਰ ਰਹੇ? ਜੇ ਸਭ ਕੁੱਝ ਉਸੇ ਤਰ੍ਹਾਂ ਹੈ ਤੇ ਮਲਕ ਭਾਗੋਆਂ ਦੀ ਪੂਰੀ ਚੜ੍ਹਤ ਹੈ, ਤਾਂ ਫੇਰ ਔਰਤ ਨਾਲ ਹੋ ਰਹੇ ਜੁਰਮਾਂ ਵਿਚ ਘਾਟਾ ਕਿਵੇਂ ਹੋ ਸਕਦਾ ਹੈ?

ਏਨੇ ਸਾਲਾਂ ਵਿਚ ਫ਼ਰਕ ਸਿਰਫ਼ ਇਹ ਪਿਆ ਹੈ ਕਿ ਬਾਕੀ ਗੱਲਾਂ ਵਿਚ ਤਾਂ ਅਸੀਂ ਢੀਠ ਬਣ ਕੇ ਓਨੀ ਹੀ ਧੁੰਧ ਵਿਚ ਗਰਕੇ ਪਏ ਹਾਂ ਪਰ ਜਿੱਥੋਂ ਤੱਕ ਔਰਤਾਂ ਪ੍ਰਤੀ ਹੁੰਦਾ ਜੁਰਮ ਸੀ, ਉਸ ਵਿਚ ਅਸੀਂ ਵੱਡਾ ਮਾਅਰਕਾ ਮਾਰਿਆ ਹੈ। ਉਹ ਸਿਖਰਾਂ ਛੂਹੀਆਂ ਹਨ ਕਿ ਪੂਰੀ ਦੁਨੀਆ ਨੂੰ ਮਾਤ ਪਾ ਦਿੱਤੀ ਹੈ। ਕੁੱਖੋਂ ਜੰਮਿਆ ਮਾਸ ਦਾ ਲੋਥੜਾ ਕਿੰਜ ਉਸੇ ਕੁੱਖ ਨੂੰ ਨੋਚ ਕੇ, ਕੱਟ ਵੱਢ ਕੇ ਚੀਥੜੇ ਉਡਾ ਰਿਹਾ ਹੈ, ਇਹ ਤਾਂ ਸਪਸ਼ਟ ਹੋ ਗਿਆ ਕਿ ਭਾਰਤ ਮਾਤਾ ਦੇ ਹਵਸੀ ਕੁੱਤਿਆਂ ਨੇ ਹੈਵਾਨਾਂ ਨੂੰ ਵੀ ਸ਼ਰਮਸਾਰ ਕਰ ਦਿੱਤਾ ਹੈ।

ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਭਾਰਤ ਮਾਤਾ ਆਪਣੇ ਅੰਦਰ 33 ਕਰੋੜ ਦੇਵੀ ਦੇਵਤੇ ਸਮੋਈ ਬੈਠੀ ਹੈ। ਏਥੇ ਧਾਰਮਿਕ ਥਾਵਾਂ ਸਕੂਲਾਂ ਕਾਲਜਾਂ ਤੋਂ ਵੱਧ ਹਨ। ਵਿਦਿਆ ਏਨੀ ਮਹਿੰਗੀ ਕਿ ਵੱਡੀ ਗਿਣਤੀ ਅਨਪੜ੍ਹ ਤੇ ਬੇਰੁਜ਼ਗਾਰ ਤਿਆਰ ਹੋ ਰਹੇ ਹਨ। ਕਾਨੂੰਨ ਵਿਚਲੀ ਢਿੱਲ ਤੇ ਰਾਜਨੀਤਕ ਸ਼ੈਅ ਹੇਠ ਤਿਆਰ ਹੋ ਰਹੇ ਗੁੰਡਾ ਅਨਸਰਾਂ ਦੀ ਗਿਣਤੀ ਦੁਗਣੀ ਚੌਗੁਣੀ ਹੋ ਚੁੱਕੀ ਹੈ। ਸਕੂਲਾਂ ਦੇ ਅੰਦਰ ਦੀ ਪੜ੍ਹਾਈ ਦਾ ਹਾਲ ਇਹ ਹੈ ਕਿ ਸਿਰਫ਼ ਇਨਸਾਨ ਬਣਨ ਤੋਂ ਬਗ਼ੈਰ ਬੱਚੇ ਹੋਰ ਸਭ ਕੁੱਝ ਹਾਸਲ ਕਰ ਲੈਂਦੇ ਹਨ।

ਅੱਠਵੀਂ ਜਮਾਤ ਵਿਚ ਪੜ੍ਹ ਰਿਹਾ ਮੁੰਡਾ ਸਭ ਜਾਣਦਾ ਹੈ ਕਿ ਕਿਵੇਂ ਉਸ ਨੇ ਦੂਜੀ ਜਾਂ ਛੇਵੀਂ ਜਮਾਤ ਵਿਚ ਪੜ੍ਹ ਰਹੀ ਬੱਚੀ ਦਾ ਬਲਾਤਕਾਰ ਕਰਨਾ ਹੈ। ਦੂਜੇ ਪਾਸੇ, ਕੀ ਮਾਪੇ ਤੇ ਕੀ ਅਧਿਆਪਕ, ਕੋਈ ਵੀ ਬੇਟੀਆਂ ਨੂੰ 'ਚੰਗੀ ਛੋਹ-ਮਾੜੀ ਛੋਹ' ਤੱਕ ਦੱਸਣ ਤੋਂ ਇਨਕਾਰੀ ਹਨ। ਸਰੀਰਕ ਵਿਗਿਆਨ ਬਾਰੇ ਗੱਲ ਕਰਨੀ ਤਾਂ ਦੂਰ ਦੀ ਗੱਲ ਹੈ।

ਇਸੇ ਲਈ ਘਰਾਂ ਵਿਚ ਬੈਠੀਆਂ ਨਿੱਕੀਆਂ ਬਾਲੜੀਆਂ ਵੀ ਘਰ ਅੰਦਰਲੇ ਰਿਸ਼ਤੇਦਾਰਾਂ ਹੱਥੋਂ ਸੌਖੀਆਂ ਹੀ ਜਬਰਜ਼ਨਾਹ ਦਾ ਸ਼ਿਕਾਰ ਹੋ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਸਿੱਖਿਆ ਸਿਰਫ਼ ਮਰਦ ਦੀ ਅਧੀਨਗੀ ਦੀ ਹੀ ਦਿੱਤੀ ਜਾਂਦੀ ਹੈ।

ਖ਼ਾਨਦਾਨ ਦੀ ਅਖੌਤੀ ਇੱਜ਼ਤ ਦਾ ਹਵਾਲਾ ਦੇ ਕੇ ਹਰ ਬਾਲੜੀ ਉੱਤੇ ਦੜ ਵੱਟ ਕੇ ਜ਼ੁਲਮ ਸਹਿਣ, ਕਦੇ ਆਵਾਜ਼ ਨਾ ਚੁੱਕਣ ਤੇ ਨਾ ਹੀ ਆਪਣੀ ਮਰਜ਼ੀ ਕਰਨ ਦਾ ਹੱਕ ਦਿੱਤਾ ਜਾਂਦਾ ਹੈ।

ਨਤੀਜਾ ਸਾਡੇ ਸਾਹਮਣੇ ਹੈ। ਪਹਿਲਾਂ ਮੰਦਰਾਂ ਵਿਚ ਦੇਵਦਾਸੀਆਂ ਬਣਾ ਕੇ ਅਤਿ ਦਾ ਨਰਕ ਭੋਗਦੀਆਂ ਅਣਗਿਣਤ ਬਾਲੜੀਆਂ ਹਵਸ ਦੇ ਲੋਭੀਆਂ ਹੱਥੋਂ ਗਰਭ ਠਹਿਰ ਜਾਣ ਬਾਅਦ ਉਨ੍ਹਾਂ ਹੀ ਪੁਜਾਰੀਆਂ ਦੀਆਂ ਲੱਤਾਂ ਦੇ ਠੇਡੇ ਢਿੱਡਾਂ ਉੱਤੇ ਝੱਲਦੀਆਂ ਮੌਤ ਦੇ ਮੂੰਹ ਵਿਚ ਜਾਂਦੀਆਂ ਰਹੀਆਂ ਸਨ। ਅੱਜ ਵੀ ਸਹਾਰਾ ਘਰਾਂ ਵਿਚ ਬਥੇਰੀਆਂ ਅਜਿਹਾ ਨਰਕ ਭੋਗ ਰਹੀਆਂ ਹਨ।

ਵਿਧਵਾਵਾਂ ਦਾ ਜੋ ਹਾਲ ਕੀਤਾ ਜਾਂਦਾ ਰਿਹਾ ਹੈ ਜਾਂ ਹੁਣ ਤੱਕ ਵੀ ਹੋ ਰਿਹਾ ਹੈ, ਉਹ ਵੀ ਕਿਸੇ ਕੋਲੋਂ ਲੁਕਿਆ ਨਹੀਂ। ਅਣਖ ਨਾਲ ਆਪਣੀ ਰੋਜ਼ੀ ਰੋਟੀ ਕਮਾਉਂਦੀ ਇਕੱਲੀ ਔਰਤ ਭਾਰਤ ਮਾਤਾ ਦੀ ਧਰਤੀ ਉੱਪਰ ਗੁਨਾਹ ਮੰਨ ਲਿਆ ਗਿਆ ਹੈ।

ਡਾ. ਪ੍ਰਿਅੰਕਾ ਰੈਡੀ ਇਸ ਸੋਚ ਦੀ ਤਾਜ਼ਾ ਸ਼ਿਕਾਰ ਬਣ ਗਈ ਹੈ। ਇੱਕ ਖ਼ੁੱਦਦਾਰ 26 ਸਾਲਾ ਡਾਕਟਰ ਤੇਲੰਗਾਨਾ ਵਿਚ ਡਿਊਟੀ ਉੱਤੇ ਜਾਣ ਲਈ ਆਪਣੀ ਸਕੂਟੀ ਉੱਤੇ ਜੇ ਸ਼ਾਮ ਵੇਲੇ ਜਾਵੇ ਤਾਂ ਔਰਤ ਨੂੰ ਸਿਰਫ਼ ਸਰੀਰ ਮੰਨਣ ਵਾਲੇ ਹਬਸ਼ੀ ਉਸ ਦੇ ਸਰੀਰ ਉੱਤੇ ਕਬਜ਼ਾ ਕਰ ਕੇ, ਹੈਵਾਨੀਅਤ ਦਾ ਨੰਗਾ ਨਾਚ ਕਰਦੇ ਹਨ, ਗਲਾ ਘੋਟਦੇ ਹਨ ਤੇ ਆਪਣੇ ਕੁਕਰਮ ਨੂੰ ਲੁਕਾਉਣ ਲਈ

Sri Satguru Jagjit Singh Ji Elibrary NamdhariElibrary@gmail.com

ਉਸ ਦੇ ਜਿਸਮ ਨੂੰ ਸਾੜ ਵੀ ਦਿੰਦੇ ਹਨ।

ਇਹ ਇਕ ਆਮ ਘਟਨਾ ਮੰਨ ਕੇ ਉਸੇ ਦਿਨ ਅਨੇਕ ਹੋਰ ਵੀ ਹਲਕੇ ਕੁੱਤਿਆਂ ਨੇ ਆਪਣਾ ਰੂਪ ਜਗ ਜ਼ਾਹਿਰ ਕੀਤਾ ਸੀ। ਇਨ੍ਹਾਂ ਵਿੱਚੋਂ ਕੁੱਝ ਹਨ :-

1. ਟਰਾਈਬਲ ਕਾਨੂੰਨ ਦੀ ਪੜ੍ਹਾਈ ਕਰਦੀ 25 ਸਾਲਾ ਵਿਦਿਆਰਥਣ ਨੂੰ ਰਾਂਚੀ ਦੇ "ਵੀ.ਈ.ਪੀ." ਇਲਾਕੇ ਵਿਚ ਪਿਸਤੌਲ ਵਿਖਾ ਕੇ ਚੁੱਕ ਲਿਆ ਗਿਆ ਤੇ 12 ਜਣਿਆਂ ਨੇ ਰਲ ਕੇ ਇੱਟਾਂ ਦੇ ਭੱਠੇ ਅੰਦਰ ਕੈਦ ਕਰ ਕੇ ਉਸ ਦਾ ਬਲਾਤਕਾਰ ਕੀਤਾ।

2. ਦਲਿਤ ਬੱਚੀ ਰੋਜਾ ਜੋ 20 ਸਾਲ ਦੀ ਸੀ, ਦਾ ਬਲਾਤਕਾਰ ਕਰ ਕੇ ਹਵਸੀਆਂ ਨੇ ਉਸ ਨੂੰ ਦਰਖਤ ਨਾਲ ਟੰਗ ਕੇ ਕਾਂਚੀਪੁਰਮ (ਤਾਮਿਲ ਨਾਡੂ) ਵਿਚ ਆਪਣੀ "ਬਹਾਦਰੀ" ਵਿਖਾਈ।

3. ਬੱਤੀ ਸਾਲਾ ਔਰਤ ਕੁੱਡਾਲੋਰ (ਤਾਮਿਲ ਨਾਡੂ) ਵਿਖੇ ਆਪਣੇ ਰਿਸ਼ਤੇਦਾਰ ਨਾਲ ਸਕੂਟਰ 'ਤੇ ਘਰ ਮੁੜਦੀ ਨੂੰ 5 ਵੀਹ-ਵੀਹ ਸਾਲਾਂ ਦੇ ਬਲਾਤਕਾਰੀਆਂ ਨੇ ਇਹ ਸਜ਼ਾ ਸੁਣਾ ਕੇ ਚੂੰਢਿਆ ਕਿ ਘਰੋਂ ਬਾਹਰ ਪੈਰ ਧਰਨਾ ਔਰਤ ਲਈ ਭਾਰਤ ਮਾਤਾ ਦੀ ਧਰਤੀ ਉੱਤੇ ਗੁਨਾਹ ਹੈ।

4. ਵਦੋਦਰਾ (ਗੁਜਰਾਤ) ਵਿਖੇ ਵੀ 14 ਸਾਲਾ ਬੱਚੀ ਦਾ ਦੋ ਮੁਸ਼ਟੰਡਿਆਂ ਨੇ ਉਸੇ ਹੀ ਦਿਨ ਬਲਾਤਕਾਰ ਕੀਤਾ।

5. 88 ਸਾਲਾ ਔਰਤ ਦਾ ਬਲਾਤਕਾਰ ਉਸੇ ਦੇ ਘਰ ਟੂਟੀ ਠੀਕ ਕਰਨ ਆਏ ਵਹਿਸ਼ੀ ਨੇ ਕੀਤਾ।

6. ਚੰਡੀਗੜ੍ਹ ਦਾ ਆਟੋ ਡਰਾਈਵਰ 11 ਸਾਲਾ ਬੱਚੀ ਨੂੰ ਤਿੰਨ ਦਿਨ ਘਰ ਅੰਦਰ ਡੱਕ ਕੇ ਲਗਾਤਾਰ ਬਲਾਤਕਾਰ ਕਰਦਾ ਰਿਹਾ।

7. ਜੈਪੁਰ ਦੇ ਹਵਸੀ ਕੁੱਤੇ ਨੇ ਨਵਾਂ ਰਿਕਾਰਡ ਕਾਇਮ ਕਰਨ ਦੀ ਕੋਸ਼ਿਸ਼ ਕੀਤੀ। ਪਹਿਲੀ ਜਮਾਤ ਵਿਚ ਪੜ੍ਹਦੀ 6 ਸਾਲਾ ਬੱਚੀ ਨੂੰ ਟੌਂਕ (ਰਾਜਸਥਾਨ) ਵਿਚ ਸਕੂਲ ਅੰਦਰਲੇ ਫੰਕਸ਼ਨ ਤੋਂ ਤਿੰਨ ਵਜੇ ਬਾਹਰ ਨਿਕਲਣ ਲੱਗਿਆਂ ਉਸੇ ਥਾਂ ਦਬੋਚ ਲਿਆ ਤੇ ਬਲਾਤਕਾਰ ਕਰ ਕੇ ਉਸੇ ਦੀ ਸਕੂਲ ਦੀ ਬੈਲਟ ਨਾਲ ਉਸ ਦਾ ਗਲਾ ਘੁੱਟ ਕੇ ਮਾਰ ਦਿੱਤਾ। ਫਿਰ ਉਸ ਦੀ ਲਾਸ਼ ਨੂੰ ਪਿੰਡ ਦੀਆਂ ਝਾੜੀਆਂ ਵਿਚ ਸੁੱਟ ਦਿੱਤਾ ਤੇ ਮੁੱਛਾਂ ਨੂੰ ਤਾਅ ਦਿੰਦਾ ਉੱਥੋਂ ਤੁਰ ਗਿਆ।

8. ਇਕ ਹੋਰ ਛੇ ਸਾਲਾ ਬੱਚੀ ਦੀ ਗਲੀ ਸੜੀ ਲਾਸ਼ ਰਾਮਪੁਰ ਵਿਚ ਇਕ ਟੁੱਟੇ ਹੋਏ ਘਰ ਦੀ ਚਾਰਦੀਵਾਰੀ ਅੰਦਰ ਮਿਲੀ ਜਿਸ ਨੂੰ ਉਸੇ ਦੇ ਗਵਾਂਢੀ ਨੇ ਬਲਾਤਕਾਰ ਕਰ ਕੇ ਗਲਾ ਘੁੱਟ ਕੇ ਮਾਰ ਮੁਕਾਇਆ ਸੀ।

9. ਦਿੱਲੀ ਵਿਚ ਇੱਕ ਨੌਂ ਸਾਲਾ ਬੱਚੀ ਦਾ ਉਧਾਲਾ ਉਸ ਦੇ ਆਪਣੇ ਸਕੇ ਪਿਓ ਨੇ ਕੀਤਾ। ਜ਼ਖ਼ਮਾਂ ਦੀ ਮਾਰ ਨਾ ਝੱਲਦੀ ਉਹ ਸੁਆਸ ਤਿਆਗ ਗਈ।

10. ਹਰਿਆਣੇ ਵਿਚ ਇੱਕ ਵਿਧਵਾ ਔਰਤ ਨੂੰ ਦੋ ਜਣਿਆਂ ਨੇ ਘੜੀਸ ਕੇ ਨਸ਼ਾ ਪਿਆ ਕੇ ਖੇਤਾਂ ਵਿਚ ਲਿਜਾ ਕੇ ਤਿੰਨ ਘੰਟੇ ਬਲਾਤਕਾਰ ਕੀਤਾ।

11. ਇੱਕ 6 ਸਾਲਾ ਬੱਚੀ ਦਾ ਸਮੂਹਕ ਬਲਾਤਕਾਰ ਉਸੇ ਦੇ ਸਕੂਲ ਵਿਚ ਪੜ੍ਹ ਰਹੇ 4 ਨਾਬਾਲਗ (12 ਤੋਂ 15 ਸਾਲਾਂ ਦੇ) ਮੁਸ਼ਟੰਡਿਆਂ ਨੇ ਕੀਤਾ।

12. ਹਰਿਆਣੇ ਵਿਚ 19 ਸਾਲਾ ਬੱਚੀ ਦਾ ਬਲਾਤਕਾਰ ਉਸ ਨੂੰ ਜਬਰੀ ਚੁੱਕ ਕੇ ਨਸ਼ੇ ਦਾ ਟੀਕਾ ਲਾ ਕੇ ਕੀਤਾ ਗਿਆ। ਫੜੇ ਜਾਣ ਉੱਤੇ ਬਲਾਤਕਾਰੀ ਨੇ ਬਿਆਨ ਦਿੱਤਾ ਕਿ ਉਹ ਬੱਚੀ ਪੜ੍ਹਾਈ ਵਿਚ ਪਹਿਲੇ ਨੰਬਰ ਉੱਤੇ ਆਉਂਦੀ ਰਹੀ ਸੀ ਤੇ ਉਸ ਨੇ ਨੈਸ਼ਨਲ ਐਵਾਰਡ ਜਿੱਤਿਆ ਸੀ। ਇਸ ਵਾਸਤੇ ਇਹ ਸਜ਼ਾ ਦਿੱਤੀ ਗਈ ਤਾਂ ਜੋ ਉਸ ਨੂੰ ਵੇਖ ਕੇ ਕੋਈ ਹੋਰ ਬੱਚੀ ਅਗਾਂਹ ਪੜ੍ਹਨ ਦੀ ਹਿੰਮਤ ਨਾ ਕਰ ਸਕੇ।

13. ਦਿੱਲੀ ਵਿਚ ਇਕ ਸੱਤ ਸਾਲਾ ਬੱਚੀ ਦਾ ਬਲਾਤਕਾਰ ਉਸ ਦੇ ਗੁਆਂਢੀ 45 ਸਾਲਾ ਹੈਵਾਨ ਨੇ ਕੀਤਾ। ਉਸ ਬੱਚੀ ਦੇ ਪਿਤਾ ਦੀ ਮੌਤ ਹੋ ਚੁੱਕੀ ਸੀ। ਮਾਂ ਇਕੱਲੀ ਕਮਾਉਣ ਵਾਲੀ ਸੀ ਤੇ ਉਹ ਵੀ ਦਿਹਾੜੀਦਾਰ। ਪੈਸੇ ਦੀ ਕਮੀ ਹੋਣ ਸਦਕਾ ਬੱਚੀ ਦਾ ਆਈ.ਸੀ.ਯੂ. ਦਾ ਖ਼ਰਚਾ ਨਾ ਝੱਲ ਸਕੀ।

14. ਇਸ ਬੱਚੀ ਵੇਲੇ ਤਾਂ ਹੱਦ ਹੀ ਟੱਪੀ ਗਈ! ਕਰੂਰ ਮਾਨਸਿਕਤਾ ਦਾ ਚਿਹਰਾ ਸਭ ਸਾਹਮਣੇ ਸਪਸ਼ਟ ਹੋ ਗਿਆ। ਇਕ ਨਾਮਵਰ ਸਕੂਲ ਦੇ ਬੋਰਡਿੰਗ ਵਿਚ ਪੜ੍ਹ ਰਹੀ 10ਵੀਂ ਜਮਾਤ ਦੀ ਹੋਣਹਾਰ ਵਿਦਿਆਰਥਣ ਨੂੰ ਉਸੇ ਦੇ ਕਲਾਸ ਵਿਚਲੇ ਨਾਲਾਇਕ 4 ਵਿਦਿਆਰਥੀਆਂ, ਜੋ ਵੱਡੇ ਘਰਾਂ ਦੇ ਕਾਕੇ ਸਨ, ਨੇ ਸਮੂਹਕ ਬਲਾਤਕਾਰ ਕੀਤਾ ਤੇ ਸਕੂਲ ਵਾਲਿਆਂ ਨੇ ਬੱਚੀ ਨੂੰ ਸਭ ਕੁੱਝ ਜਰ ਜਾਣ ਲਈ ਕਿਹਾ ਤਾਂ ਜੋ ਸਕੂਲ ਦਾ ਨਾਂ ਬਦਨਾਮ ਨਾ ਹੋ ਜਾਵੇ। ਜਦੋਂ ਗਰਭ ਠਹਿਰ ਗਿਆ ਤਾਂ ਗਰਭਪਾਤ ਵੀ ਚੁੱਪ ਚਪੀਤੇ ਸਕੂਲ ਅੰਦਰ ਹੀ ਕਰਵਾ ਦਿੱਤਾ ਗਿਆ। ਉਸ ਤੋਂ ਬਾਅਦ ਹੀ ਮਾਪਿਆਂ ਨੂੰ ਪਤਾ ਲੱਗਿਆ ਤੇ ਗੱਲ ਮੀਡੀਆ ਤੱਕ ਪਹੁੰਚੀ।

15. ਸੰਗਰੂਰ ਵਿਚ 65 ਸਾਲਾ ਮਾਈ ਭਾਗੋ ਦੇਵੀ ਦਾ ਸਮੂਹਕ ਬਲਾਤਕਾਰ ਬਾਅਦ ਕਤਲ ਕੀਤਾ ਹੋਇਆ ਸਰੀਰ ਖਨੌਰੀ ਪੁਲਿਸ ਨੂੰ ਲੱਭਿਆ। ਕਤਲ ਕਰਨ ਵਾਲੇ ਸ਼ਤਰਾਨੇ ਦੇ ਚਾਰ ਨੌਜਵਾਨ ਮੁਸ਼ਟੰਡਿਆਂ ਵਿੱਚੋਂ ਇਕ 15 ਵਰ੍ਹਿਆਂ ਦਾ ਸੀ। ਸਾਗਰ, ਬੰਟੀ ਤੇ ਬਿਟੂ ਨੇ ਮੰਨਿਆ ਕਿ ਉਨ੍ਹਾਂ ਚਾਰਾਂ ਨੇ ਵਾਰੋ ਵਾਰੀ ਰੱਜ ਕੇ ਬਜ਼ੁਰਗ ਬੀਬੀ ਦਾ ਬਲਾਤਕਾਰ ਕਰ ਕੇ ਗਲਾ ਘੁੱਟ ਕੇ ਮਾਰ ਕੇ ਉਸ ਦੇ ਘਰ ਲੁੱਟ ਮਾਰ ਕੀਤੀ ਤੇ ਉਸ ਦੀਆਂ ਸੋਨੇ ਦੀਆਂ ਵਾਲੀਆਂ ਵੀ ਲਾਹ ਲਈਆਂ ਸਨ। ਮਾਈ ਭਾਗੋ ਦੇਵੀ 20 ਸਾਲਾਂ ਤੋਂ ਇਕੱਲੀ ਰਹਿ ਰਹੀ ਸੀ ਕਿਉਂਕਿ ਉਸ ਦਾ ਪਤੀ ਮਰ ਚੁੱਕਿਆ ਸੀ ਤੇ ਪੁੱਤਰ ਵੱਖ ਰਹਿਣ ਤੁਰ ਗਏ ਸਨ।

ਜ਼ਰਾ ਧਿਆਨ ਦੇਣਾ! ਇਨ੍ਹਾਂ ਵਿੱਚੋਂ ਇੱਕ ਮੁਸ਼ਟੰਡਾ 19 ਸਾਲਾ ਸਾਗਰ ਮਾਈ ਭਾਗੋ ਦੇ ਸਕੇ ਭਰਾ ਦਾ ਪੋਤਰਾ ਸੀ, ਜੋ ਖਨੌਰੀ ਦੇ ਐਸ.ਐਚ.ਓ. ਕਰਤਾਰ ਸਿੰਘ ਅਨੁਸਾਰ ਬਹੁਤ ਵਾਰ ਆਪਣੀ

Sri Satguru Jagjit Singh Ji Elibrary NamdhariElibrary@gmail.com

ਦਾਦੀ ਕੋਲ ਪਿੰਨੀਆਂ ਤੇ ਚੂਰੀ ਖਾਣ ਆਉਂਦਾ ਜਾਂਦਾ ਰਹਿੰਦਾ ਸੀ! ਯਾਨੀ ਹੁਣ ਪੋਤਰੇ ਵੀ ਦਾਦੀ ਦਾ ਬਲਾਤਕਾਰ ਕਰ ਕੇ ਕਤਲ ਕਰ ਕੇ ਉਸ ਦੇ ਕੰਨਾਂ ਦੀਆਂ ਵਾਲੀਆਂ ਚੁਰਾ ਕੇ ਜਾਣ ਵੇਲੇ ਰਤਾ ਕਸਕ ਤੱਕ ਮਹਿਸੂਸ ਨਹੀਂ ਕਰਦੇ! ਇਸ ਤੋਂ ਵੱਧ ਨਿਘਾਰ ਹੋਰ ਆ ਸਕਦਾ ਹੈ? ਨਗਰ ਕੀਰਤਨ ਦੇ ਰੌਲੇ ਵਿਚ ਮਾਈ ਭਾਗੋ ਦੀ ਚੀਖ ਦੱਬ ਕੇ ਰਹਿ ਗਈ। ਪਰ ਅਸਲ ਗੱਲ ਤਾਂ ਇਹ ਹੈ ਕਿ ਹੁਣ ਸਾਗਰ ਨੂੰ ਬਚਾਉਣ ਲਈ ਉਸ ਦਾ ਪਿਓ ਆਪਣੀ ਹੀ ਮਾਂ ਦੇ ਵਿਰੁੱਧ ਗਵਾਹੀ ਦੇਣ ਨੂੰ ਤਿਆਰ ਹੈ।

16. ਧੂਰੀ ਵਿਖੇ ਸਕੂਲ ਬਸ ਕੰਡਕਟਰ ਕਮਲ ਕੁਮਾਰ ਨੇ ਆਪਣੀ ਹੀ ਬਸ ਵਿਚ ਸਕੂਲ ਜਾਂਦੀ 4 ਸਾਲਾ ਬੱਚੀ ਨੂੰ ਸਕੂਲ ਦੀ ਹਦ ਅੰਦਰ ਲਿਜਾ ਕੇ, ਬਲਾਤਕਾਰ ਕਰ ਕੇ ਸਕੂਲ ਦੇ ਪਿਛਵਾੜੇ ਵਿਚ ਸੁੱਟ ਦਿੱਤਾ।

ਹੈ ਨਾ ਇਕ ਤੋਂ ਇਕ ਵੱਡੇ ਦਗਮੱਜੇ ਮਾਰੇ ਹੋਏ? ਸਭ ਹਵਸੀ ਕੁੱਤੇ ਇਕ ਨਵਾਂ ਰਿਕਾਰਡ ਕਾਇਮ ਕਰਨ ਦੀ ਹੋੜ ਵਿਚ ਹਨ। ਉਸ ਦੀਆਂ ਮਿਠੀਆਂ ਲੋਰੀਆਂ ਤੇ ਗੋਦ ਵਿਚ ਖਿਡਾ ਕੇ ਆਪਣਾ ਦੁੱਧ ਪਿਆਉਣ ਦੇ ਜੁਰਮ ਦੀ ਸਜ਼ਾ ਦੇਣ ਦੇ ਦਿਲ ਕੰਬਾਊ ਢੰਗ!

ਇਹ ਸਭ ਹੋਇਆ ਇੱਕੋ ਦਿਨ ਪਰ ਇੱਕ ਖ਼ਾਸ ਵਰ੍ਹੇ ਵਿਚ! ਇਸ ਵਰ੍ਹੇ ਪੂਰੀ ਦੁਨੀਆਂ ਵਿਚ ਗੁਰੂ ਨਾਨਕ ਸਾਹਿਬ ਦਾ 550 ਸਾਲਾ ਜਨਮਦਿਨ ਮਨਾਇਆ ਜਾ ਰਿਹਾ ਹੈ ਜਿਨ੍ਹਾਂ ਨੇ ਔਰਤ ਦਾ ਬਿੰਬ ਉਚੇਰਾ ਚੁੱਕਣ ਦੇ ਅਣਥੱਕ ਯਤਨ ਕੀਤੇ ਸਨ।

ਇਕ ਵੱਖ ਕਿਸਮ ਦਾ ਰਿਕਾਰਡ ਦੁਨੀਆ ਸਾਹਮਣੇ ਪੇਸ਼ ਕੀਤਾ ਗਿਆ।

ਇਸ ਇਕ ਵਰ੍ਹੇ ਵਿਚ 38,947 ਬਲਾਤਕਾਰ ਰਿਕਾਰਡ ਕੀਤੇ ਗਏ ਜਿਨ੍ਹਾਂ ਵਿੱਚੋਂ 2167 ਸਮੂਹਕ ਸਨ ਤੇ ਲਗਭਗ 60 ਫੀਸਦੀ ਨਾਬਾਲਗ ਬੱਚੀਆਂ ਦੇ ਸਨ ਜਿਨ੍ਹਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ। ਮੱਧ ਪ੍ਰਦੇਸ਼ ਵਿਚ 4882, ਉਤਰ ਪ੍ਰਦੇਸ ਵਿਚ 4616, ਮਹਾਰਾਸ਼ਟਰ ਵਿਚ 4189, ਰਾਜਸਥਾਨ ਵਿਚ 3656 ਤੇ ਦਿੱਲੀ ਵਿਚ 2155 ਬਲਾਤਕਰ ਹੋਏ।

ਦਿਨੋ ਦਿਨ ਦੁਗਣੀ ਚੌਗੁਣੀ ਹੁੰਦੀ ਇਨ੍ਹਾਂ ਰਾਖਸ਼ੀ ਬਿਰਤੀ ਵਾਲਿਆਂ ਦੀ ਗਿਣਤੀ ਨੇ ਔਰਤ ਜ਼ਾਤ ਲਈ ਕੋਈ ਸੁਰੱਖਿਅਤ ਥਾਂ 'ਭਾਰਤ ਮਾਤਾ' ਦੀ ਹਦ ਅੰਦਰ ਰੱਖੀ ਹੀ ਨਹੀਂ।

ਵਿਹਲੜ ਫਿਰਦੇ ਇਨ੍ਹਾਂ ਲਾਰ ਟਪਕਾਉਂਦੇ ਕੁੱਤਿਆਂ ਦਾ ਇੱਕੋ ਟੀਚਾ ਹੈ ਕਿ ਆਪਣੀ ਮਾਂ ਦੀ ਜਿਨਸ ਵਾਲੀਆਂ ਦੇ ਸਰੀਰਾਂ ਨੂੰ ਮਾਸ ਦਾ ਲੋਥੜਾ ਮੰਨ ਕੇ ਪਾੜ ਸੁੱਟਣਾ ਹੈ ਜਾਂ ਕਿਸੇ ਵੀ ਹਾਲ ਵਿਚ ਉਨ੍ਹਾਂ ਦੇ ਸਰੀਰਾਂ ਨੂੰ ਭੋਗ ਕੇ ਉਨ੍ਹਾਂ ਉੱਤੇ ਕਾਬਜ਼ ਹੋਣਾ ਹੈ! ਅਜਿਹੀ ਹਾਲਤ ਵਿਚ ਕਿਹੜੀ ਔਰਤ ਇਹ ਮੰਨ ਸਕਦੀ ਹੈ ਕਿ ਉਹ ਘਰੋਂ ਨਿਕਲਣ ਬਾਅਦ ਵਾਪਸ ਸੁਰੱਖਿਅਤ ਪਹੁੰਚ ਜਾਵੇਗੀ?

ਔਰਤ ਦੇ ਕੁੱਖੋਂ ਜੰਮਿਆ ਮਾਸ ਦਾ ਲੋਥੜਾ ਏਨਾ ਕਹਿਰੀ ਤੇ ਜ਼ਹਿਰੀ ਹੋ ਚੁੱਕਿਆ ਹੈ ਕਿ ਉਹ ਜੰਮਣ ਬਾਅਦ ਪਹਿਲਾ ਹੱਲਾ ਉਸੇ ਕੁੱਖ ਉੱਤੇ ਹੀ ਕਰਨ ਬਾਰੇ ਸੋਚਣ ਲੱਗ ਪਿਆ ਹੈ!

ਧਾਰਮਿਕ ਪਾਖੰਡਾਂ ਦੀ ਇਸ ਧਰਤੀ 'ਤੇ ਕੋਈ ਘਾਟ ਨਹੀਂ ਹੈ। ਕਮਾਲ ਇਹ ਹੈ ਕਿ ਮੰਦਰ ਦੀ ਚਾਰ ਦੀਵਾਰੀ ਅੰਦਰ ਵੀ ਨਿੱਕੀ ਬਾਲੜੀ ਦਾ ਬਲਾਤਕਾਰ ਹੋ ਜਾਂਦਾ ਹੈ ਤੇ ਕਿਸੇ ਧਰਮ ਦਾ 'ਰਬ' ਉੱਥੇ ਬੱਚੀਆਂ ਨੂੰ ਬਚਾਉਣ ਪਹੁੰਚਦਾ ਨਹੀਂ! ਆਖ਼ਰ ਕਿਸ ਨੇ ਘੜਿਆ ਹੈ ਅਜਿਹਾ ਰਬ ਜੋ ਸਿਰਫ਼ ਮਰਦਾਂ ਲਈ ਬਹੁੜਦਾ ਹੈ ਤੇ ਉਨ੍ਹਾਂ ਨੂੰ ਹੀ ਔਰਤ ਦਾ ਸਮੂਹਕ ਬਲਾਤਕਾਰ ਕਰ ਕੇ ਮਾਰ ਦੇਣ ਦਾ ਹੱਕ ਵੀ ਦੇ ਦਿੰਦਾ ਹੈ?

ਕਿਉਂ ਰਬ ਦੇ ਘਰ ਸਾਰੀਆਂ ਬੰਦਸ਼ਾਂ ਸਿਰਫ਼ ਔਰਤ ਜ਼ਾਤ ਉੱਤੇ ਲੱਗਦੀਆਂ ਹਨ? ਕੌਣ ਹੈ ਅਜਿਹੇ ਕਾਨੂੰਨ ਬਣਾਉਣ ਵਾਲਾ ਤੇ ਰੋਕਾਂ ਲਾਉਣ ਵਾਲਾ? ਰਬ ਜਾਂ ਬੰਦੇ ਵੱਲੋਂ ਘੜਿਆ ਰਬ ਦਾ ਬੁੱਤ? ਉਸ ਬੁੱਤ ਨੂੰ ਘੁਮਾਉਣ ਵਾਲਾ ਸ਼ੈਤਾਨੀ ਦਿਮਾਗ਼ ਕਿਸ ਦਾ ਹੈ? ਕਿਉਂ ਔਰਤ ਨੂੰ ਹੀ ਵੱਧ ਧਾਰਮਿਕ ਵਲਗਣਾਂ ਵਿਚ ਘੇਰੀ ਰੱਖਣ ਦਾ ਜਤਨ ਲਗਾਤਾਰ ਜਾਰੀ ਹੈ? ਕਿਉਂ ਬੱਚੀ ਨੂੰ ਚੰਗੀ ਛੋਹ ਮਾੜੀ ਛੋਹ ਸਮਝਾਉਣ ਵੇਲੇ ਵੱਡੀ ਗਿਣਤੀ ਮਰਦ ਸਮਾਜ ਹਾਲ ਦੁਹਾਈ ਪਾਉਣ ਲੱਗ ਜਾਂਦਾ ਹੈ? ਕਿਉਂ ਖ਼ਾਨਦਾਨ ਦੀ ਇੱਜ਼ਤ ਦਾ ਭਾਰ ਸਿਰਫ਼ ਬਾਲੜੀ ਉੱਤੇ ਲੱਦ ਦਿੱਤਾ ਗਿਆ ਹੈ? ਜਦੋਂ ਖ਼ਾਨਦਾਨ ਦਾ "ਚਿਰਾਗ਼" ਦੂਜੇ ਦੀ ਧੀ ਦਾ ਬਲਾਤਕਾਰ ਕਰਦਾ ਹੈ ਤਾਂ ਖ਼ਾਨਦਾਨ ਦੀ ਇੱਜ਼ਤ ਨੂੰ ਕੀ ਚਾਰ ਚੰਨ ਲੱਗ ਜਾਂਦੇ ਹਨ?

ਕੀ ਇਸੇ ਨੂੰ ਅਖੌਤੀ ਇੱਜ਼ਤ ਦਾ ਨਾਂ ਦੇ ਦਿੱਤਾ ਗਿਆ ਹੈ ਕਿ ਔਰਤ ਨੂੰ ਸਦਾ ਚਰਨਾਂ ਦੀ ਦਾਸੀ ਬਣਾਈ ਰੱਖਣਾ ਹੈ?

ਕਦੋਂ ਅਸੀਂ ਆਪਣਾ ਦੋਗਲਾਪਨ ਛੱਡਾਂਗੇ ਤੇ ਔਰਤ ਨੂੰ ਔਰਤ ਦੀ ਦੁਸ਼ਮਨ ਕਹਿ ਕੇ ਪਾਸਾ ਵੱਟਦੇ ਰਹਾਂਗੇ? ਇਨ੍ਹਾਂ ਸਾਰੇ ਬਲਾਤਕਾਰਾਂ ਬਾਅਦ ਕਿਸੇ ਥਾਂ ਤੋਂ ਆਵਾਜ਼ ਕਿਉਂ ਨਹੀਂ ਉੱਠੀ ਕਿ ਮਰਦ ਔਰਤ ਦਾ ਦੁਸ਼ਮਨ ਹੈ?

ਜਦੋਂ ਪੁੱਤਰ ਪਿਓ ਦਾ ਕਤਲ ਕਰਦਾ ਹੈ ਜਾਂ ਕੋਈ ਮੁੰਡਾ ਆਪਣੀ ਹੀ ਜਿਨਸ ਵਾਲੇ ਨਾਲ ਬਦਫੈਲੀ ਕਰਦਾ ਹੈ ਤਾਂ ਕਿਉਂ ਮਰਦ ਹੀ ਮਰਦ ਦਾ ਦੁਸ਼ਮਨ ਹੈ ਵਰਗੀ ਆਵਾਜ਼ ਨਹੀਂ ਚੁੱਕੀ ਜਾਂਦੀ?

ਕੀ ਆਪਣੇ ਮੁਲਕ ਨੂੰ 'ਭਾਰਤ ਮਾਤਾ' ਕਹਿਣ ਦਾ ਅਡੰਬਰ ਹੁਣ ਤਿਆਗ ਨਹੀਂ ਦੇਣਾ ਚਾਹੀਦਾ? ਕਿਉਂ ਧਾਰਮਿਕ ਸਥਾਨਾਂ ਤੇ ਔਰਤ ਦੀ ਵਡਿਆਈ ਕਰਨ ਦਾ ਪਾਖੰਡ ਰਚਿਆ ਜਾ ਰਿਹਾ ਹੈ?

ਕਿਉਂ ਏਨੇ ਭਿਆਨਕ ਢੰਗ ਨਾਲ ਹੋ ਰਹੇ ਬਾਲੜੀਆਂ ਦੇ ਉਧਾਲਿਆਂ ਦੀ ਖ਼ਬਰ ਸੁਣ ਕੇ ਕਦੇ ਵੀ ਨਿਆਂ ਦਵਾਉਣ ਵਾਸਤੇ ਭਾਰਤ-ਬੰਦ ਨਹੀਂ ਹੋਇਆ? ਸਖ਼ਤ ਕਾਨੂੰਨਾਂ ਦੀ ਘਾਟ ਤੇ ਬਲਾਤਕਾਰੀਆਂ ਲਈ ਨਰਮ ਰਵੱਈਆ ਕਿਤੇ ਏਸੇ ਕਰਕੇ ਤਾਂ ਨਹੀਂ ਕਿ ਭਾਰਤ ਵਿਚ ਸੱਤਾ ਵਿਚ ਬੈਠੇ ਲੋਕ ਹੀ ਅਜਿਹੇ ਹਨ ਜੋ

Sri Satguru Jagjit Singh Ji Elibrary NamdhariElibrary@gmail.com

ਅਸੈਂਬਲੀਆਂ ਅੰਦਰ ਪੋਰਨ ਵੇਖਦੇ ਹਨ, ਕੁੱਝ ਨੇ ਪਤਨੀਆਂ ਛੱਡੀਆਂ ਹੋਈਆਂ ਹਨ, ਕੁੱਝ ਨੇ ਧੀਆਂ ਕੁੱਖ ਵਿਚ ਮਾਰੀਆਂ ਹੋਈਆਂ ਹਨ, ਕੁੱਝ ਵਤਨੋਂ ਪਾਰ ਦੇ ਚੱਕਰਾਂ ਵਿਚ ਸਿਰਫ਼ ਗੋਰੀਆਂ ਨੂੰ ਰਾਤ ਭਰ ਹੰਢਾਉਣ ਜਾਂਦੇ ਹਨ?

ਕਿਉਂ ਹਰ ਪਿਓ ਆਪਣੀ ਧੀ ਲਈ ਚਿੰਤਿਤ ਨਹੀਂ? ਕਿਉਂ ਭਰਾ ਆਪਣੀ ਭੈਣ ਦੀ ਸੁਰੱਖਿਆ ਲਈ ਆਵਾਜ਼ ਨਹੀਂ ਚੁੱਕ ਰਿਹਾ? ਕਿਉਂ ਪੁੱਤਰ ਆਪਣੀ ਮਾਂ ਦੀ ਸੁਰੱਖਿਆ ਵਾਸਤੇ ਚੁੱਪੀ ਨਹੀਂ ਤੋੜ ਰਿਹਾ? ਕਿਉਂ ਕਦੇ ਵੀ ਚੋਣਾਂ ਵੇਲੇ ਮਾਵਾਂ, ਭੈਣਾਂ ਤੇ ਧੀਆਂ ਦੀ ਸੁਰੱਖਿਆ ਦਾ ਮੁੱਦਾ ਨਹੀਂ ਚੁੱਕਿਆ ਜਾਂਦਾ?

ਕੋਈ ਤਾਂ ਬੋਲੇ ਤੇ ਜਵਾਬ ਦੇਵੇ ਕਿ ਸਦੀਆਂ ਤੋਂ ਔਰਤ ਬਲਾਤਕਾਰ ਦਾ ਸ਼ਿਕਾਰ ਹੁੰਦੀ ਰਹੀ ਹੈ ਤੇ ਹਰ ਸਾਲ ਪਹਿਲਾਂ ਤੋਂ ਵੱਧ ਭਿਆਨਕ ਆਧੁਨਿਕ ਢੰਗਾਂ ਨਾਲ ਸਮੂਹਕ ਬਲਾਤਕਾਰ ਕਰਨ ਦੇ ਰਿਕਾਰਡ ਕਾਇਮ ਕੀਤੇ ਜਾ ਰਹੇ ਹਨ ਪਰ ਇਨ੍ਹਾਂ ਨੂੰ ਰੋਕਣ ਵਾਲੇ ਕਾਨੂੰਨ ਸਦਾ ਹੀ ਕਿਉਂ ਫੇਲ੍ਹ ਹੁੰਦੇ ਰਹੇ ਹਨ?

ਕਿਉਂ ਸਾਡੇ ਮੁਲਕ ਦੇ ਸਿਪਾਹੀਆਂ ਨੂੰ ਆਮ ਵਸਨੀਕਾਂ ਦੀ ਸੁਰੱਖਿਆ ਨਾਲੋਂ ਸਿਰਫ਼ ਲੋਕਾਂ ਦੇ ਚੁਣੇ ਨੁਮਾਇੰਦਿਆਂ ਦੀ ਸੁਰੱਖਿਆ ਦੀ ਡਿਊਟੀ ਮਿਲਦੀ ਹੈ? ਕਿਉਂ ਸਾਡੇ ਫਾਸਟ ਟਰੈਕ ਕੋਰਟਾਂ ਵਿੱਚੋਂ ਮਿਲੀਆਂ ਸਜ਼ਾਵਾਂ ਬਾਅਦ ਵੀ ਬੇਲ ਉੱਤੇ ਬਾਹਰ ਨਿਕਲ ਕੇ ਬਲਾਤਕਾਰੀਏ ਦੁਬਾਰਾ ਜਬਰਜ਼ਨਾਹ ਕਰਦੇ ਫੜੇ ਜਾਂਦੇ ਹਨ? ਕਿਉਂ ਵਕੀਲ ਵੀਰ ਜ਼ਮੀਰ ਨੂੰ ਛਿੱਕੇ ਟੰਗ ਕੇ ਇਨ੍ਹਾਂ ਬਲਾਤਕਾਰੀਆਂ ਦੀ ਬੇਲ ਦੀ ਅਰਜ਼ੀ ਪੇਸ਼ ਕਰਦੇ ਹਨ? ਕਿਉਂ ਬਲਾਤਕਾਰ ਦੇ ਕੇਸਾਂ ਦਾ ਮੁਆਵਜ਼ਾ ਉਨ੍ਹਾਂ ਤੱਕ ਨਹੀਂ ਪਹੁੰਚ ਰਿਹਾ? ਇਹ 'ਫੰਡ' ਕੌਣ ਹਜ਼ਮ ਕਰ ਰਿਹਾ ਹੈ? ਨਿਰਭਆ ਫੰਡ ਕਿਉਂ ਹਾਲੇ ਤਕ ਸਹੀ ਢੰਗ ਨਾਲ ਵਰਤਿਆ ਨਹੀਂ ਗਿਆ?

ਕਿਉਂ ਭਾਰਤ ਵਿਚ ਹੀ ਸਭ ਤੋਂ ਵੱਧ ਸਮੂਹਕ ਬਲਾਤਕਾਰ ਤੇ ਸਭ ਤੋਂ ਵੱਧ ਵਹਿਸ਼ੀਆਨਾ ਢੰਗ ਨਾਲ ਜਬਰਜ਼ਨਾਹ ਹੋ ਰਹੇ ਹਨ?

ਕਿਉਂ ਸਿਰਫ਼ ਇਸੇ ਧਰਤੀ 'ਤੇ ਪਤੀ ਨੂੰ ਹਾਲੇ ਵੀ 'ਪਤੀ-ਦੇਵ' ਕਹਿ ਕੇ ਦੇਵਤਾ ਦਾ ਰੁਤਬਾ ਦੇ ਕੇ ਔਰਤ ਨੂੰ ਅਧੀਨਗੀ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ? ਕਿਉਂ ਹਾਲੇ ਵੀ ਇਸ ਧਰਤੀ 'ਤੇ ਔਰਤ ਨੂੰ ਅੱਧੇ ਅੰਗਾਂ ਵਾਲੀ 'ਅਰਧਾਂਗਨੀ' ਕਹਿ ਕੇ ਬੇਬਸ ਦਰਸਾਇਆ ਜਾ ਰਿਹਾ ਹੈ?

ਦੁਨੀਆ ਭਰ ਵਿਚ ਬਲਾਤਕਾਰੀਆਂ ਨੂੰ ਫਾਂਸੀ, ਤਾ-ਉਮਰ ਕੈਦ, ਸਰੇ ਬਜ਼ਾਰ ਲੋਕਾਂ ਸਾਹਮਣੇ ਤਸੀਹੇ ਦੇਣੇ ਜਾਂ ਲੋਕਾਂ ਵਿਚਕਾਰ ਖੜ੍ਹਾ ਕਰ ਕੇ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਜਾਂਦਾ ਹੈ, ਅੰਗ ਵੱਢ ਦਿੱਤਾ ਜਾਂਦਾ ਹੈ ਜਾਂ ਸਿਰ ਵੱਢ ਦਿੱਤਾ ਜਾਂਦਾ ਹੈ। ਬਲਾਤਕਾਰੀਏ ਦੇ ਟੱਬਰ ਨਾਲ ਵੀ ਕਈ ਥਾਈਂ ਸਮਾਜਿਕ ਬਾਈਕਾਟ ਕੀਤਾ ਜਾਂਦਾ ਹੈ। ਭਾਰਤ ਵਿਚ ਹੀ ਇਨ੍ਹਾਂ ਬਲਾਤਕਾਰੀਆਂ ਨੂੰ ਢਿੱਲ ਕਿਉਂ ਦਿੱਤੀ ਜਾਂਦੀ ਹੈ?

ਆਖ਼ਰੀ ਸਵਾਲ ਅਣਖੀ, ਸਵੈਮਾਨ ਭਰਪੂਰ ਪਿਓਆਂ, ਭਰਾਵਾਂ ਤੇ ਪੁੱਤਰਾਂ ਨੂੰ ਇਹੋ ਹੈ ਕਿ ਕਿਉਂ ਰਾਜੇ ਜੰਮਣ ਵਾਲੀ ਔਰਤ ਨੂੰ ਉਸ ਦੇ ਵਾਰਿਸ ਕੁੱਖਾਂ ਵਿਚ ਮਾਰਦੇ ਨੇ, ਤੰਦੂਰ ਵਿਚ ਸਾੜਦੇ ਨੇ, ਕੱਲੀ ਨੂੰ ਘੇਰ ਕੇ ਸਮੂਹਕ ਬਲਾਤਕਾਰ ਕਰਦੇ ਨੇ, ਰਾਹਾਂ 'ਚ ਛੇੜਦੇ ਨੇ ਤੇ ਕਿਉਂ ਹਰ ਆਸਿਫਾ, ਦਾਮਿਨੀ, ਕਿਰਨਜੀਤ, ਕਿਰਨਦੀਪ, 9 ਮਹੀਨਿਆਂ ਦੀ ਸ਼ਬਨਮ ਦੀ ਚੀਕ ਖਲਾਅ 'ਚ ਤੈਰਦੀ ਹੈ ਪਰ ਅਣਖੀ ਵਾਰਿਸਾਂ ਦੇ ਬੋਲੇ ਕੰਨਾਂ ਨੂੰ ਛੂਹ ਕੇ ਸਿਰਫ਼ ਅਗਾਂਹ ਲੰਘ ਜਾਂਦੀ ਹੈ?

ਕਿਉਂ ਜਲਸਿਆਂ, ਜੈਕਾਰਿਆਂ ਦੇ ਰੌਲੇ ਰੱਪਿਆਂ ਹੇਠ ਸਿਰਫ਼ ਔਰਤ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ?

ਅਖ਼ੀਰ ਵਿਚ ਸਲਾਮ ਹੈ ਉਨ੍ਹਾਂ ਸੱਚ, ਹੱਕ ਤੇ ਦਲੀਲ ਨਾਲ ਤੁਰਦੇ ਭਰਾ, ਪੁੱਤਰਾਂ ਤੇ ਵੀਰਾਂ ਨੂੰ, ਜਿਹੜੇ ਹਾਲੇ ਵੀ ਦਮ ਰੱਖਦੇ ਹਨ ਇਸ ਵਰਤਾਰੇ ਨੂੰ ਗਲਤ ਕਹਿਣ ਦਾ ਤੇ ਰੁਤਬਿਆਂ ਵਾਲਿਆਂ ਨੂੰ ਨੰਗੇ ਧੜ ਲਲਕਾਰਦੇ ਹਨ ਜਾਂ ਕਲਮ ਰਾਹੀਂ ਹਾਅ ਦਾ ਨਾਅਰਾ ਮਾਰਦੇ ਹਨ!

ਜੇ ਕਿਸੇ ਦੇ ਮਨ ਅੰਦਰ ਸਵਾਲ ਉੱਠਦਾ ਹੈ ਕਿ ਮੈਂ ਭਾਰਤ ਮਾਤਾ ਦੇ ਅਣਖੀ ਪੁੱਤਰਾਂ ਤਾਈਂ ਕਿਉਂ ਪਹੁੰਚ ਕਰ ਰਹੀ ਹਾਂ, ਤਾਂ ਮੇਰਾ ਸਿੱਧਾ ਸਾਦਾ ਜਵਾਬ ਹੈ-ਸੋਮਨਾਥ ਦੇ ਮੰਦਰ ਦੇ ਗਰਭ ਵਿਚ ਬੈਠੇ ਪੰਡਤਾਂ ਵੱਲੋਂ ਰਬ ਨੂੰ ਲੱਖ ਵਾਰ ਬੁਲਾਉਣ 'ਤੇ ਵੀ ਉਨ੍ਹਾਂ ਨੂੰ ਬਚਾਉਣ ਰਬ ਨਹੀਂ ਬਹੁੜਿਆ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਹੋਏ ਅਨੇਕਾਂ ਹੱਲਿਆਂ ਬਾਅਦ ਵੀ ਅਣਖੀ ਪੁੱਤਰ ਹੀ ਖੜ੍ਹੇ ਹੋਏ ਸਨ, ਅਰਸ਼ੋਂ ਕੋਈ ਨਹੀਂ ਉਤਰਿਆ ਸੀ। ਮੈਂ ਅਜਿਹੇ ਅਣਖੀ ਪੁੱਤਰਾਂ ਨੂੰ ਹੀ ਵੰਗਾਰ ਪਾਈ ਹੈ, ਹਲੂਣਾ ਦਿੱਤਾ ਹੈ ਕਿ ਜਾਗੋ ਤੇ ਔਰਤ ਜ਼ਾਤ ਦੇ ਹੱਕ ਵਿਚ ਨਿੱਤਰੋ!

ਇਹ ਉਨ੍ਹਾਂ ਅਣਖੀ ਪੁੱਤਰਾਂ ਸਦਕਾ ਹੀ ਹੈ ਕਿ ਹਾਲੇ ਤਕ ਇਸ ਧਰਤੀ 'ਤੇ ਔਰਤ ਦਾ ਵਜੂਦ ਖ਼ਤਮ ਨਹੀਂ ਹੋਇਆ ਤੇ ਹਾਲੇ ਵੀ ਮਾਂ ਪੁੱਤਰ ਨੂੰ ਜੰਮਣਾ ਗੁਨਾਹ ਨਹੀਂ ਮੰਨ ਰਹੀ!

ਜੇ ਵੱਡੀ ਗਿਣਤੀ ਲੋਕ ਹਾਲੇ ਵੀ ਨਾ ਜਾਗੇ ਤਾਂ ਮੰਨਣਾ ਪਵੇਗਾ ਕਿ ਔਰਤ ਰਾਜੇ ਮਹਾਰਾਜਿਆਂ ਨੂੰ ਨਹੀਂ ਸਿਰਫ਼ ਹਵਸੀ ਕੁੱਤਿਆਂ ਨੂੰ ਜਨਮ ਦੇਣ ਲੱਗ ਪਈ ਹੈ।

ਮੈਂ ਸਾਰੇ ਕਿਸਮਾਂ ਤੇ ਨਸਲਾਂ ਦੇ ਕੁੱਤਿਆਂ ਤੋਂ ਖਿਮਾ ਮੰਗੇ ਬਗ਼ੈਰ ਇਸ ਲੇਖ ਦਾ ਅੰਤ ਨਹੀਂ ਕਰ ਸਕਦੀ ਕਿਉਂਕਿ ਮੈਂ ਹਵਸੀਆਂ ਨੂੰ ਉਨ੍ਹਾਂ ਨਾਲ ਮੇਚਿਆ ਹੈ। ਕਤੂਰੇ ਭਾਵੇਂ ਜਿਸ ਕੁੱਖੋਂ ਜੰਮੇ ਹੋਣ ਉਸੇ ਨਾਲ ਵੱਡੇ ਹੋ ਕੇ ਸਹਿਵਾਸ ਕਰ ਲੈਂਦੇ ਹਨ ਪਰ ਉਸ ਦੀ ਮਰਜ਼ੀ ਨਾਲ ਤੇ ਕਦੇ ਵੀ ਸਮੂਹਕ ਤੌਰ 'ਤੇ ਨਹੀਂ ਤੇ ਨਾ ਹੀ ਉਸ ਦਾ ਭਿਆਨਕ ਤਰੀਕੇ ਕਤਲ ਕਰਦੇ ਹਨ!

ਬੱਚਿਆਂ ਦੀ ਮਾਹਰ, 28, ਪ੍ਰੀਤ ਨਗਰ,
ਲੋਅਰ ਮਾਲ ਪਟਿਆਲਾ।
ਫੋਨ ਨੰ: 0175-2216783

Sri Satguru Jagjit Singh Ji Elibrary NamdhariElibrary@gmail.com

ਨਾਫ਼ੁਰਮਾਨੀ

ਅਜ਼ੀਮ ਸੇਖਰ
ਯੂ.ਕੇ.

ਤੈਅ ਕਰੋਗੇ ਤੁਸੀਂ?
ਕਿ ਗਾਈਏ ਕਿਹੜਾ ਗੀਤ ਅਸੀਂ।
ਤੈਅ ਕਰੌਗੇ ਤੁਸੀਂ ?
ਕਿ ਮੰਨੀਏ ਕਿਹੜੀ ਰੀਤ ਅਸੀਂ।
ਤੈਅ ਕਰੌਗੇ ਤੁਸੀਂ ?
ਕਿ ਸੁੱਚੇ ਹਾਂ ਜਾਂ ਪਲੀਤ ਅਸੀਂ ।
ਹਰ ਵਾਰੀ ਗੱਲ ਝੂਠੀ ਥੋਡੀ
ਚੜ੍ਹਣੀ ਪੂਰ ਨਹੀਂ ।
ਨਹੀਂ ਨਹੀਂ ਫ਼ੁਰਮਾਨ ਤੁਹਾਡੇ
ਹੁਣ ਮਨਜ਼ੂਰ ਨਹੀਂ ।

ਤੈਅ ਕਰੌਗੇ ਤੁਸੀਂ ?
ਕਿ ਬੱਦਲ ਵਰ੍ਹਨੇ ਨੇ ਕਿੱਥੇ।
ਤੈਅ ਕਰੌਗੇ ਤੁਸੀਂ ?
ਕਿ ਡਿੱਗਣੇ ਝਰਨੇ ਨੇ ਕਿੱਥੇ।
ਤੈਅ ਕਰੌਗੇ ਤੁਸੀਂ ?
ਕਿ ਤਾਰੇ ਚੜ੍ਹਣੇ ਨੇ ਕਿੱਥੇ।
ਸ਼ਹਿਰ ਮੇਰੇ ਵਿੱਚ ਚੱਲਣੇ
ਜੰਗਲ ਦੇ ਦਸਤੂਰ ਨਹੀਂ ,
ਨਹੀਂ ਨਹੀਂ ਫ਼ੁਰਮਾਨ ਤੁਹਾਡੇ
ਹੁਣ ਮਨਜ਼ੂਰ ਨਹੀਂ ।

ਤੈਅ ਕਰੌਗੇ ਤੁਸੀਂ ?
ਕਿ ਸਾਹ ਕਿੰਜ ਲੈਣਾਂ ਲੋਕਾਂ ਨੇ।
ਤੈਅ ਕਰੌਗੇ ਤੁਸੀਂ ?
ਕਿ ਕੀ ਹੈ ਕਹਿਣਾਂ ਲੋਕਾਂ ਨੇ।
ਤੈਅ ਕਰੌਗੇ ਤੁਸੀਂ ?
ਕਿ ਹੈ ਕਿੰਜ ਰਹਿਣਾਂ ਲੋਕਾਂ ਨੇ।
ਭੁਗਤਣ ਸਜਾ ਉਹ ਜਿੰਨਾਂ ਦਾ
ਕਿ ਕੋਈ ਕਸੂਰ ਨਹੀਂ ,
ਨਹੀਂ ਨਹੀਂ ਫ਼ੁਰਮਾਨ ਤੁਹਾਡੇ
ਹੁਣ ਮਨਜ਼ੂਰ ਨਹੀਂ ।

ਤੈਅ ਕਰੌਗੇ ਤੁਸੀਂ ?
ਕਿ ਸਾਡੀ ਹਸਤੀ ਕੀ ਹੋਵੇ।
ਤੈਅ ਕਰੌਗੇ ਤੁਸੀਂ ?
ਕਿ ਵਤਨ-ਪ੍ਰਸਤੀ ਕੀ ਹੋਵੇ।
ਤੈਅ ਕਰੌਗੇ ਤੁਸੀਂ ?
ਕਿ ਦਿਲ ਦੀ ਮਸਤੀ ਕੀ ਹੋਵੇ।
ਇਹ ਨਾ ਸਮਝਿਓ ਮਾਂਵਾਂ
ਜੰਮਦੀਆਂ ਹੁਣ ਮਨਸੂਰ ਨਹੀਂ ,
ਨਹੀਂ ਨਹੀਂ ਫ਼ੁਰਮਾਨ ਤੁਹਾਡੇ
ਹੁਣ ਮਨਜ਼ੂਰ ਨਹੀਂ ।

ਤੈਅ ਕਰੌਗੇ ਤੁਸੀਂ ?
ਕਿ ਸਾਡਾ ਚੁੱਲ੍ਹਾ ਬਲੇ ਕਦੋਂ।
ਤੈਅ ਕਰੌਗੇ ਤੁਸੀਂ ?
ਕਿ ਚੜ੍ਹਕੇ ਸੂਰਜ ਢਲੇ ਕਦੋਂ।
ਤੈਅ ਕਰੌਗੇ ਤੁਸੀਂ ?
ਕਿ ਖ਼ੁਸ਼ਬੋ ਹਵਾ 'ਚ ਰਲੇ ਕਦੋਂ।
ਖਾਬ ਅਸਾਡੇ ਪਰ ਕੋਈ
ਕਰ ਸਕਦਾ ਚੂਰ ਨਹੀਂ ,
ਨਹੀਂ ਨਹੀਂ ਫ਼ੁਰਮਾਨ ਤੁਹਾਡੇ
ਹੁਣ ਮਨਜ਼ੂਰ ਨਹੀਂ ।

ਤੈਅ ਕਰੌਗੇ ਤੁਸੀਂ ?
ਕਿ ਹੱਸਣਾ ਕਦੋਂ ਹੈ ਬਾਲਾਂ ਨੇ।
ਤੈਅ ਕਰੌਗੇ ਤੁਸੀਂ ?
ਕਿ ਉੱਠਣੇ ਕਦੋਂ ਸਵਾਲਾਂ ਨੇ।
ਤੈਅ ਕਰੌਗੇ ਤੁਸੀਂ ?
ਕਿ ਮਘਣੇ ਕਦੋਂ ਖਿਆਲਾਂ ਨੇ।
ਭਰਮ ਹੈ ਥੋਨੂੰ ਥੋਡਾ
ਟੁੱਟਣਾ ਕਦੇ ਗਰੂਰ ਨਹੀਂ,
ਨਹੀਂ ਨਹੀਂ ਫ਼ੁਰਮਾਨ ਤੁਹਾਡੇ
ਹੁਣ ਮਨਜ਼ੂਰ ਨਹੀਂ ।

ਤੈਅ ਕਰਾਂਗੇ ਅਸੀਂ,
ਕਿ ਜੀਵਨ-ਆਸ਼ਾ ਕੀ ਹੋਵੇ,
ਤੈਅ ਕਰਾਂਗੇ ਅਸੀਂ,
ਕਿ ਸਾਡੀ ਭਾਸ਼ਾ ਕੀ ਹੋਵੇ,
ਤੈਅ ਕਰਾਂਗੇ ਅਸੀਂ,
ਕਿ ਜਗਤ-ਤਮਾਸ਼ਾ ਕੀ ਹੋਵੇ,
ਚੱਲਦਾ ਰਹੇ 'ਅਜ਼ੀਮ' ਕਾਫਲਾ
ਮੰਜਲ ਦੂਰ ਨਹੀਂ ,
ਨਾਦਰਸ਼ਾਹੀ ਪਰ ਫ਼ੁਰਮਾਨ
ਕਦੇ ਮਨਜ਼ੂਰ ਨਹੀਂ ।

ਸਾਡੀ ਬੀਬੀ-ਸਾਡੀ ਮਾਂ

-ਰਜਵੰਤ ਕੌਰ ਸੰਧੂ

ਮਾਵਾਂ ਕਿਸ ਨੂੰ ਪਿਆਰੀਆਂ ਨਹੀਂ ਹੁੰਦੀਆਂ! ਕਿਸੇ ਲਈ ਠੰਡੀ-ਮਿੱਠੀ ਸਵਰਗੀ ਛਾਂ, ਕਿਸੇ ਲਈ ਧਰਤੀ ਵਰਗਾ ਧੀਰਜ ਤੇ ਧਰਵਾਸ, ਕਿਸੇ ਲਈ ਬੇਫਿਕਰੀ ਵਾਲੀ ਡੂੰਘੀ ਨੀਂਦੇ ਸੌਣ ਵਾਲੀ ਨਿੱਘੀ ਗੋਦ।

ਧੀਆਂ ਦੀ ਤਾਂ ਧਿਰ ਹੁੰਦੀਆਂ ਨੇ ਮਾਵਾਂ। ਸਭ ਤੋਂ ਨੇੜਲੀਆਂ ਹਮਰਾਜ। ਮਿਲ ਬੈਠ ਕੇ 'ਨਿੱਕੀਆਂ ਨਿੱਕੀਆਂ ਗਲੋੜੀਆਂ ਕਰਨ ਵਾਲੀਆਂ।' ਪਰਵਾਰਾਂ ਦਾ ਦੁੱਖ ਚੁੱਕਣ ਵਾਲੀਆਂ। ਧੀਆਂ ਦਾ ਭਾਰ ਹੌਲਾ ਕਰਨ ਵਾਲੀਆਂ। ਸਭ ਤੋਂ ਵੱਡਾ ਆਸਰਾ।

ਸਾਰੀਆਂ ਮਾਵਾਂ ਅਜਿਹੀਆਂ ਹੀ ਹੁੰਦੀਆਂ ਨੇ। ਪਰ ਮੇਰੀ ਮਾਂ ਤਾਂ ਮੇਰੀ ਮਾਂ ਹੈ। ਮੈਂ ਤਾਂ ਆਪਣੀ ਮਾਂ ਦੀ ਗੱਲ ਹੀ ਕਰ ਸਕਦੀ ਹਾਂ। ਮਾਂ ਨੂੰ ਜਹਾਨੋਂ ਤੁਰ ਗਿਆਂ ਡੇਢ ਦਹਾਕਾ ਲੰਘ ਚੁੱਕਾ ਹੈ ਪਰ ਮੈਂ ਤਾਂ ਅਜੇ ਵੀ ਉਹਦੀ ਗੋਦ ਵਿਚ ਸਿਰ ਰੱਖ ਕੇ ਸੁੱਤੀ ਹਾਂ। ਸੁਪਨੇ ਵਿਚ ਰੀਲ ਚੱਲਦੀ ਹੈ। ਮਾਂ ਦਾ ਜੀਵਨ ਮੁੱਢ ਤੋਂ ਲੈ ਕੇ ਉਧੜਨਾ ਸ਼ੁਰੂ ਹੋ ਜਾਂਦਾ ਹੈ।

ਮਾਂ ਔਰਤ ਵੀ ਤਾਂ ਹੁੰਦੀ ਹੈ। ਔਰਤ ਦੀ ਹੋਣੀ ਭੋਗਣਾ ਉਹਦੀ ਸਮਾਜ ਵੱਲੋਂ ਨਿਸਚਿਤ ਕਰ ਦਿੱਤੀ ਕਿਸਮਤ ਵੀ ਆਖੀ ਜਾ ਸਕਦੀ ਹੈ।

ਦੁਆਬੇ ਦੇ ਪਿੰਡ ਸਾਰੋਬਾਦ ਵਿਚ 'ਜਾਗੀਰਦਾਰ' ਵੱਜਦੇ ਹੁੰਦਲਾਂ ਦੇ ਘਰ ਜੰਮੀ ਸੀ ਮੇਰੀ ਮਾਂ। 'ਜਾਗੀਰਦਾਰੀ' ਘਰ ਵਿਚ ਜੰਮੀ ਕੁੜੀ ਨੂੰ ਜਾਗੀਰਦਾਰੀ ਕਦਰਾਂ ਕੀਮਤਾਂ ਦਾ ਦੁਖਾਂਤ ਵੀ ਤਾਂ ਭੋਗਣਾ ਸੀ। ਉਹ ਆਪਣੇ ਬਾਪ ਦੀ ਦੂਜੀ ਔਲਾਦ ਸੀ। ਦੂਜੀ ਧੀ। ਦੂਜਾ ਪੱਥਰ। ਪੱਥਰ ਕੀ ਕਿਸੇ ਨੇ ਸਿਰ 'ਚ ਮਾਰਨਾ ਸੀ! ਪਿਉ ਤਾਂ ਪਹਿਲੇ ਪੱਥਰ ਦੀ ਪੀੜ ਨਾਲ ਸੀ-ਸੀ ਕਰ ਰਿਹਾ ਸੀ। ਉਹ ਤਾਂ ਉਡੀਕ ਰਿਹਾ ਸੀ ਪੁੱਤ ਨੂੰ। ਪੀੜਾਂ ਨੂੰ ਹਰ ਲੈਣ ਵਾਲੇ ਖਾਨਦਾਨੀ ਇਲਾਜ ਨੂੰ। ਪਰ ਦੂਜੀ ਧੀ ਤੋਂ ਬਾਅਦ ਵੀ ਤੀਜਾ ਪੱਥਰ ਸਿਰ ਵਿਚ ਆਣ ਵੱਜਾ ਤਾਂ ਪਿਓ ਨੂੰ ਲੱਗਾ ਧੀਆਂ ਤਾਂ ਉਹਨੂੰ ਉਮਰ ਤੇ ਟੱਬਰ ਦਾ ਰੋਗ ਬਣ ਕੇ ਆ ਚੰਬੜੀਆਂ ਹਨ। ਹੇਠ ਉਤੇ ਜੰਮੀਆਂ ਤਿੰਨ ਧੀਆਂ ਨੇ ਤਾਂ ਪਿਉ ਦੀ ਲਾਡਲੀ ਵਹੁਟੀ ਦੀ ਏਨੀ ਕਦਰ ਘਟਾ ਦਿੱਤੀ ਕਿ 'ਧੀਆਂ ਨੂੰ ਜੰਮਣ ਵਾਲੀ ਇਸ ਮਸ਼ੀਨ' ਨਾਲੋਂ ਪਿਓ ਹੌਲੀ ਹੌਲੀ ਦੂਰ ਹੋਣ ਲੱਗਾ। ਕੁਝ ਵੱਖਰਾ ਸੋਚਣ ਲੱਗਾ। ਸ਼ਾਇਦ ਠੀਕ ਹੀ ਸੋਚਦਾ ਸੀ। ਧੀਆਂ ਤਾਂ ਜੱਗ ਦਾ ਨਿਸ਼ਾਨ ਨਹੀਂ ਨਾ ਹੁੰਦੀਆਂ। ਧੀਆਂ ਤਾਂ ਪਰਾਇਆ ਧਨ ਹੁੰਦੀਆਂ ਨੇ। ਖਾਨਦਾਨ ਦੀ ਜੜ੍ਹ ਤਾਂ ਪੁੱਤ ਹੀ ਹੁੰਦਾ ਹੋਇਆ। ਉਹਨੇ ਨਵਾਂ ਵਿਆਹ ਕਰਵਾ ਲਿਆ। ਪਿਓ ਨੇ ਸਾਰਾ ਪਿਆਰ ਨਵ-ਵਿਆਹੁਤਾ ਦੀ ਝੋਲੀ ਵਿਚ ਉਲਟ ਦਿੱਤਾ।

ਹਾਲਾਤ ਦੀ ਕੈਸੀ ਟੇਢ ਵੱਜੀ। ਬੀਬੀ ਦੱਸਦੀ ਹੁੰਦੀ ਸੀ, ਨਵੀਂ ਵਿਆਹੀ ਦੇ ਘਰ ਵੀ ਧੀ ਜੰਮ ਪਈ ਪਰ ਓਧਰ ਸਾਡੀ ਨਾਨੀ ਦੇ ਘਰ ਪੁੱਤ ਜੰਮ ਪਿਆ। ਖਾਨਦਾਨ ਦਾ ਪਹਿਲਾ ਪੁੱਤ। ਨਾਨਾ ਸਾਡੀ ਨਾਨੀ ਵੱਲ ਪਰਤਣ ਲੱਗਾ ਤਾਂ ਨਵੀਂ ਵਿਆਹੀ ਦੇ ਸੱਤੀਂ ਕੱਪੜੀਂ ਅੱਗ ਲੱਗਣੀ ਹੀ ਸੀ। ਉਹਨੂੰ ਆਪਣੀ ਚੜ੍ਹਦੀ ਜਵਾਨੀ ਤੇ ਨਵੇਂ ਹੁਸਨ ਦਾ ਮਾਣ ਵੀ ਸੀ। ਉਹ ਕਿਵੇਂ ਆਪਣੇ ਪਤੀ ਨੂੰ ਸੌਂਕਣ ਦੇ ਨੇੜੇ ਢੁੱਕਣ ਦਿੰਦੀ। ਉਂਜ ਵੀ ਕੁਝ ਦਿਨਾਂ ਬਾਦ ਹੀ ਉਹਦੀ ਨਵ-ਜਨਮੀ ਧੀ ਦੀ ਮੌਤ ਹੋ ਗਈ। ਸੌਂਕਣ-ਸਾੜਾ ਏਨਾ ਕਿ ਨਿੱਕੀ ਨਿੱਕੀ ਗੱਲ 'ਤੇ ਪਤੀ ਕੋਲ ਸਾਡੀ ਨਾਨੀ ਦੀਆਂ ਝੂਠੀਆਂ ਸਿਕਾਇਤਾਂ ਕਰਦੀ ਰਹਿੰਦੀ। ਸਿਰ 'ਤੇ ਪੱਟੀ ਬੰਨ੍ਹ ਕੇ 'ਖਣਵੱਟੀ-ਪੱਟੀ' ਲੈ ਕੇ ਲੇਟੀ ਰਹਿੰਦੀ। ਸਾਡੇ ਮਾਮੇ ਨੂੰ ਖਿਡਾਉਂਦੀਆਂ ਤੇ ਖਿੜ-ਖਿੜ ਹੱਸਦੀਆਂ ਤਿੰਨੇ ਭੈਣਾਂ ਉਹਨੂੰ 'ਹਿੜ-ਹਿੜ' ਕਰਦੀਆਂ ਲੱਗਦੀਆਂ। ਮੇਰਾ ਮਾਮਾ ਉਹਨੂੰ ਫੁੱਟੀ ਅੱਖ ਨਾ ਭਾਉਂਦਾ। ਜੇ ਕਿਤੇ ਪਿਓ ਖੁਸ਼ੀ ਵਿਚ ਪੁੱਤ ਨੂੰ ਕੁੱਛੜ ਚੁੱਕਦਾ ਤਾਂ ਕਹਿਰੀ ਅੱਖਾਂ ਨਾਲ ਉਸ ਵੱਲ ਵਿੰਹਦੀ। ਗੱਲੇ ਗੱਲੇ ਸਾਡੀ ਨਾਨੀ ਨਾਲ ਲੜਨ ਬਹਿ ਜਾਂਦੀ। ਚੱਤੋ ਪਹਿਰ ਦਾ ਕਲੇਸ਼।

ਇਹ ਅਨੁਮਾਨ ਲਾਉਣਾ ਜਿਆਦਤੀ ਹੋਵੇਗਾ ਕਿ ਨਵ-ਜਾਤ ਆਪੇ ਮਰ ਗਈ ਸੀ ਜਾਂ ਮਾਰ ਦਿੱਤੀ ਗਈ ਸੀ। ਜਦੋਂ ਮੈਂ ਮਾਂ ਨੂੰ ਪੁੱਛਦੀ, "ਬੀਜੀ! ਮੈਨੂੰ ਤਾਂ ਲੱਗਦੈ ਕਿ ਬਾਪੂ ਜੀ ਨਾਲ ਮਿਲ ਕੇ ਦੂਜੀ ਛੋਟੀ ਨਾਨੀ ਨੇ ਕੁੜੀ ਨੂੰ ਮਾਰ ਦਿੱਤਾ ਹੋਣਾ। ਉਦੋਂ ਤਾਂ ਧੀਆਂ ਮਾਰਨ ਦਾ ਆਮ ਰਿਵਾਜ ਸੀ।"

ਬੀਬੀ ਆਖਦੀ, "ਧੀਏ! ਰੱਬ ਨੂੰ ਜਾਨ ਦੇਣੀ ਹੈ। ਨਾ ਮੈਂ ਝੂਠ ਬੋਲਾਂ ਤੇ ਨਾ ਜੂਠ ਖਾਵਾਂ। ਜਦੋਂ ਪਤਾ ਨਹੀਂ ਤਾਂ ਕਿਵੇਂ ਆਖ ਦਿਆਂ ਕਿ ਉਹਨਾਂ ਨੇ ਧੀ ਆਪ ਮਾਰੀ ਸੀ। ਕੁੜੀ ਆਪੇ ਮਰ ਗਈ ਹੋਣੀ। ਮਾਰਨਾ ਹੁੰਦਾ ਤਾਂ ਅਸੀਂ ਤਿੰਨ ਧੀਆਂ ਜੰਮੀਆਂ ਸਾਂ,

Sri Satguru Jagjit Singh Ji Elibrary NamdhariElibrary@gmail.com

ਆਪਣੇ ਪਿਓ ਦੇ ਘਰ। ਉਹਨੇ ਮਾਰੀਆਂ ਨਹੀਂ। ਦੂਜਾ ਵਿਆਹ ਤਾਂ ਉਹਨੇ ਪੁੱਤ ਦੀ ਆਸ ਵਿਚ ਕੀਤਾ।"

ਸੋਚਦੀ ਕਿ ਮਾਂ ਕੋਲ ਏਨਾ ਕੁ ਝੂਠ ਮਾਰਨ ਦੀ ਗੁੰਜਾਇਸ਼ ਤਾਂ ਸੀ। ਪਰ ਉਹ ਇਸ ਗੁੰਜਾਇਸ਼ ਦਾ ਲਾਭ ਨਾ ਲੈਂਦੀ। ਉਹਦੀ ਗੱਲ ਠੀਕ ਸੀ। ਮੇਰੀ ਮਾਂ ਜੂਠ ਤੇ ਝੂਠ ਦੀ ਸਖਤ ਵਿਰੋਧੀ ਸੀ। ਉਹ ਕਿਸੇ ਨੂੰ ਖਾਣ ਲਈ ਜੂਠੀ ਚੀਜ ਨਾ ਦਿੰਦੀ ਤੇ ਨਾ ਕਿਸੇ ਦਾ ਜੂਠਾ ਖਾਂਦੀ ਸੀ। ਝੂਠ ਦੀ ਵੀ ਸਖਤ ਵਿਰੋਧੀ ਸੀ। ਇਹ ਦਾਅਵਾ ਨਹੀਂ ਕਰਦੀ ਕਿ ਉਹਨੇ ਕਦੀ ਝੂਠ ਬੋਲਿਆ ਹੀ ਨਾ ਹੋਵੇ। ਸਦਾ ਸੱਚ ਤਾਂ ਧਰਮ-ਪੁੱਤਰ ਯੁਧਿਸ਼ਟਰ ਵਰਗਿਆਂ ਤੋਂ ਵੀ ਨਾ ਬੋਲਿਆ ਗਿਆ। ਮੇਰੀ ਬੀਬੀ ਸਵਰਨ ਕੌਰ ਕੀਹਦੀ ਪਾਣੀਹਾਰ ਸੀ। ਰੋਜਮੱਰਾ ਦੀ ਜ਼ਿੰਦਗੀ ਵਿਚ ਉਹਨੂੰ ਵੀ ਸ਼ਾਇਦ ਕਈ ਵਾਰ ਝੂਠ ਬੋਲਣਾ ਪਿਆ ਹੋਵੇਗਾ। ਪਰ ਝੂਠ ਬੋਲਣ ਜਾਂ ਨਾ ਬੋਲਣ ਬਾਰੇ ਉਹਦੀਆਂ ਦੋ ਮਿਸਾਲਾਂ ਜਰੂਰ ਦੇਣਾ ਚਾਹੁੰਦੀ ਹਾਂ।

ਨਿੱਕੇ ਹੁੰਦਿਆਂ ਦੀ ਗੱਲ ਹੈ। ਸਾਡੇ ਘਰ ਦਾ ਵਿਹੜਾ ਸਾਡੇ ਚਾਚੇ ਤਾਇਆਂ ਨਾਲ ਸਾਂਝਾ ਸੀ। ਚੌਂਤਰਿਆਂ ਦੀਆਂ ਕੰਧੋਲੀਆਂ ਦਾ ਹੀ ਓਹਲਾ ਸੀ। ਲੋਹੜੀ ਦਾ ਦਿਨ ਸੀ। ਸਕਿਆਂ 'ਚੋਂ ਭਰਜਾਈ ਨੇ ਮੀਟ ਬਣਾਇਆ। ਬੀਬੀ ਕਮਰੇ ਵਿਚ ਪਾਠ ਕਰਦੀ ਸੀ। ਭਾਬੀ ਨੇ ਮੌਕਾ ਤਕਾ ਕੇ ਵਿਹੜੇ ਵਿਚ ਖੇਡਦੀਆਂ ਸਾਨੂੰ ਦੋਵਾਂ ਨਿੱਕੀਆਂ ਭੈਣਾਂ ਨੂੰ ਹੱਥ ਦੇ ਇਸ਼ਾਰੇ ਨਾਲ ਬੁਲਾਇਆ ਤੇ ਕੌਲੀ ਵਿਚ ਮੀਟ ਪਾ ਕੇ ਖਾਣ ਨੂੰ ਦਿੱਤਾ। ਬੀਬੀ ਮੀਟ ਨਹੀਂ ਸੀ ਖਾਂਦੀ। ਖਾਣ ਵੀ ਨਹੀਂ ਸੀ ਦਿੰਦੀ। ਖਾਣਾ ਵੀ ਕੀ ਸੀ, ਜਦੋਂ ਘਰ ਵਿਚ ਬਣਨਾ ਹੀ ਨਹੀਂ ਸੀ ਤਾਂ।

"ਛੇਤੀ ਛੇਤੀ ਖਾ ਲੌ। ਚਾਚੀ ਨਾ ਵੇਖ ਲਵੇ।"

ਅਸੀਂ ਮੂੰਹ ਪੂੰਝਦੀਆਂ ਉੱਠੀਆਂ ਤਾਂ ਬੀਬੀ ਕਮਰੇ ਵਿਚੋਂ ਬਾਹਰ ਆ ਗਈ। ਪੁੱਛਣ ਲੱਗੀ, "ਕੀ ਖਾਧਾ ਜੇ?"

ਮੇਰੇ ਤੋਂ ਨਿੱਕੀ ਤਾਂ ਡਰਦੀ ਭੱਜ ਗਈ। ਮੈਂ ਚੁੱਪ ਕੀਤੀ ਖਲੌਤੀ ਰਹੀ। ਬੀਬੀ ਨੇ ਜੋਰ ਦੇ ਕੇ ਪੁੱਛਿਆ ਤਾਂ ਮੇਰੇ ਮੂੰਹੋਂ ਐਵੇਂ ਹੀ ਨਿਕਲ ਗਿਆ, "ਕੁਛ ਨ੍ਹੀਂ।"

ਬੀਬੀ ਨੇ ਚਪੇੜ ਮੇਰੀ ਗੱਲ੍ਹ 'ਤੇ ਮਾਰੀ, "ਕਿਉਂ ਝੂਠ ਬੋਲਦੀ ਏਂ।"

ਮੈਂ ਸੱਚ ਦੱਸ ਦਿੱਤਾ ਕਿ ਇਕੋ ਕੌਲੀ ਵਿਚ ਦੋਵਾਂ ਭੈਣਾਂ ਨੇ ਭਾਬੀ ਵੱਲੋਂ ਦਿੱਤਾ ਮੀਟ ਖਾਧਾ ਸੀ। ਭਾਬੀ ਨੇ ਵੀ ਆ ਕੇ ਕਿਹਾ, "ਚਾਚੀ ਜੀ, ਇਹਨਾਂ ਦਾ ਕਸੂਰ ਨਹੀਂ। ਮੈਂ ਦਿੱਤਾ ਸੀ ਖਾਣ ਨੂੰ। ਦਿਨ-ਸੁਧ ਨੂੰ ਖਾ ਵੀ ਲਿਆ ਤਾਂ ਕਿਹੜੀ ਗੱਲ ਏ। ਲਾਗੇ ਬਣਦਾ ਵੇਖ ਮਨ ਕਰ ਆਉਂਦਾ ਏ ਨਿਆਣੀਆਂ ਦਾ।"

"ਹਰਜੀਤ ਕੁਰੇ! ਨਿਰਾ ਮੀਟ ਖਾਣ ਦੀ ਗੱਲ ਨਹੀਂ। ਇਹਨਾਂ ਜੂਠ ਵੀ ਖਾਧੀ ਤੇ ਝੂਠ ਵੀ ਬੋਲਿਆ।"

ਬਾਹੋਂ ਫੜ ਕੇ ਬੀਬੀ ਮੈਨੂੰ ਕਮਰੇ ਵਿਚ ਲੈ ਗਈ। ਮੈਂ ਰੋਣ ਲੱਗੀ ਤਾਂ ਬੀਬੀ ਨੇ ਗਲ ਨਾਲ ਲਾ ਲਿਆ। ਮੈਨੂੰ ਗੋਦੀ ਵਿਚ ਲੈ ਲਿਆ ਤੇ ਅੱਖਾਂ ਭਰ ਕੇ ਕਹਿੰਦੀ, "ਧੀਏ! ਝੂਠ ਨਹੀਂ ਬੋਲੀਦਾ। ਮਾਵਾਂ ਨਾਲ ਤਾਂ ਕਦੀ ਵੀ ਨਹੀਂ। ਤੁਹਾਡੇ ਸਿਰ 'ਤੇ ਪਿਓ ਦੀ ਛਾਂ ਨਹੀਂ ਰਹੀ। ਭਰ ਜਵਾਨੀ ਵਿਚ ਰੰਡੀ ਹੋਈ ਮੈਂ ਤੁਹਾਡੇ ਪਿਓ ਦੀ ਪੱਤ ਸਾਂਭ ਕੇ ਬੈਠੀ ਆਂ। ਆਪਾਂ ਮਾਵਾਂ-ਧੀਆਂ ਦੀ ਇੱਜਤ ਵੀ ਸਾਂਝੀ ਤੇ ਦੁਖ-ਸੁਖ ਵੀ। ਸਾਡੇ ਵਿਚੋਂ ਇਕ ਵੀ ਡੋਲ ਗਈ ਤਾਂ ਸਮਝੀਂ ਇਹਨਾਂ ਮਹਿਲਾਂ ਦੀਆਂ ਨੀਹਾਂ ਹਿੱਲ ਗਈਆਂ। ਆਪਾਂ ਇਕ ਦੂਜੀ ਨਾਲ ਜੁੜ ਕੇ ਇਕ ਦੂਜੀ ਦਾ ਆਸਰਾ ਬਣਨੈਂ। ਜੇ ਆਪਣਾ ਇਕ ਦੂਜੀ 'ਚੋਂ ਯਕੀਨ ਈ ਉਠ ਗਿਆ ਤਾਂ ਜਾਹ ਜਾਂਦੀਏ ਹੋ ਜੂ। ਧੀਏ! ਮਾਂ ਨਾਲ ਕਦੀ ਝੂਠ ਨਾ ਬੋਲੀਂ।" ਮਾਂ ਮੇਰੇ ਅੱਥਰੂ ਵੀ ਪੂੰਝ ਰਹੀ ਸੀ ਤੇ ਆਪਣੇ ਵੀ।

ਉਸ ਤੋਂ ਬਾਅਦ ਮੈਂ ਮੀਟ ਵੀ ਕਦੀ ਨਾ ਖਾਧਾ ਤੇ ਵਾਹ ਲੱਗਦਿਆਂ ਮਾਂ ਨਾਲ ਝੂਠ ਵੀ ਨਾ ਬੋਲਿਆ।

ਇਕ ਵਾਰ ਕਨੇਡਾ ਤੋਂ ਪਰਤ ਕੇ ਆਇਆ ਮੇਰਾ ਪੁੱਤ ਸੁਪਨ ਆਪਣੀ ਨਾਨੀ ਨਾਲ ਲਾਡ ਕਰ ਰਿਹਾ ਸੀ। ਕਹਿੰਦਾ, "ਬੀਬੀ! ਮੇਰੀਆਂ 'ਉਹ ਗੱਲਾਂ' ਇਹਨਾਂ ਨੂੰ ਦੱਸ ਤਾਂ ਨਹੀਂ ਦਿੱਤੀਆਂ?"

ਬੀਬੀ ਮੁਸਕਰਾ ਕੇ ਸਾਡੇ ਵੱਲ ਵੇਖਣ ਲੱਗੀ। ਬੋਲੀ ਕੁਝ ਨਾ। ਫਿਰ ਸੁਪਨ ਵੱਲ ਮੂੰਹ ਕਰਕੇ ਕਹਿੰਦੀ, "ਨਾ; ਮੈਂ ਨਹੀਂ ਦੱਸੀਆਂ।"

ਬੀਬੀ ਦਾ ਜਵਾਬ ਸੁਣ ਕੇ ਅਸੀਂ ਹੈਰਾਨ ਹੋਏ। ਸੰਧੂ ਸਾਹਿਬ ਕਹਿੰਦੇ, "ਬੀਬੀ! ਹੁਣ ਈ ਦੱਸ ਦੇ। ਕੀ ਲੁਕਾਅ ਰੱਖਦੇ ਰਹੇ ਜੇ ਸਾਡੇ ਕੋਲੋਂ ਨਾਨੀ ਦੋਹਤਾ ਰਲ ਕੇ?"

ਸੁਪਨ ਨੇ ਬੀਬੀ ਨੂੰ ਜੱਫੀ ਪਾ ਲਈ, "ਨਾ ਬੀਬੀ! ਆਪਣੇ ਰਾਜ ਦੀਆਂ ਗੱਲਾਂ ਨੇ। ਇਨ੍ਹਾਂ ਨੂੰ ਨਹੀਂ ਦੱਸਣੀਆਂ।"

ਬੀਬੀ ਕਹਿੰਦੀ, "ਨਹੀਂ ਦੱਸਦੀ।"

"ਕਿਸੇ ਕੁੜੀ ਦੀ ਗੱਲ ਹੋਊ?" ਸੰਧੂ ਸਾਹਿਬ ਨੇ ਕੁਰੇਦਿਆ।

"ਤੁਹਾਨੂੰ ਕਿਉਂ ਦੱਸੀਏ, ਇਹ ਰਾਜ ਦੀਆ ਗੱਲਾਂ।" ਉਹ ਮੱਛਰ ਗਿਆ। ਬੀਬੀ ਨੂੰ ਬਾਹਵਾਂ ਵਿਚ ਘੁੱਟ ਕੇ ਗਾਉਣ ਲੱਗਾ, "ਅਸੀਂ ਕਿਹਨੂੰ ਕਿਹਨੂੰ ਦੱਸੀਏ, ਇਹ ਰਾਜ ਦੀਆਂ ਗੱਲਾਂ। ਚੱਲ ਬੀਬੀ, ਮੇਰੇ ਨਾਲ ਗੌਂ। ਨੀਂ ਮੈਂ ਕੀਹਨੂੰ ਕੀਹਨੂੰ ਦੱਸਾਂ ਇਹ ਰਾਜ ਦੀਆਂ ਗੱਲਾਂ।"

ਬੀਬੀ ਵੀ ਸੁਪਨ ਨਾਲ ਮਿਲ ਕੇ ਬੁੱਢੇ ਕਮਜੋਰ ਹੱਥਾਂ ਨਾਲ ਤਾੜੀ ਮਾਰ ਕੇ ਬੋਲੀ, "ਮੈਂ ਕੀਹਨੂੰ ਕੀਹਨੂੰ ਦੱਸਾਂ ਰਾਜ

Sri Satguru Jagjit Singh Ji Elibrary NamdhariElibrary@gmail.com

ਦੀਆਂ ਗੱਲਾਂ।"

ਉਹ ਸੁਪਨ ਨਾਲ ਸਦਾ ਬੱਚਾ ਬਣ ਜਾਂਦੀ।

ਉਸਤੋਂ ਬਾਅਦ ਵੀ ਕਈ ਵਾਰ ਪੁੱਛਣ ਦੇ ਬਾਵਜੂਦ ਕਦੀ ਬੀਬੀ ਨੇ ਰਾਜ ਦੀਆਂ ਗੱਲਾਂ ਸਾਨੂੰ ਨਾ ਦੱਸੀਆਂ। ਹੱਸ ਕੇ ਆਖਣਾ, "ਮੇਰੇ ਪੁੱਤ ਨੇ ਆਖਿਆ ਸੀ, ਕਿਸੇ ਨੂੰ ਨਹੀਂ ਦੱਸਣਾ।"

ਬੀਬੀ ਦੇ ਤੁਰ ਜਾਣ ਤੋਂ ਬਾਦ ਸੁਪਨ ਨੇ ਦੱਸਿਆ ਕਿ ਬੀਬੀ ਨੇ ਉਹਦੇ ਕਿਹੜੇ ਕਿਹੜੇ ਭੇਤ ਸਾਂਭੇ ਹੋਏ ਸਨ। ਸਾਨੂੰ ਬੀਬੀ ਦੇ ਭੇਤ ਨੂੰ ਪਚਾਅ ਕੇ ਰੱਖਣ ਵਾਲੇ 'ਹਾਜਮੇ' 'ਤੇ ਹੈਰਾਨੀ ਹੋਈ। ਮੈਨੂੰ ਕਿਸੇ ਸਿਆਣੇ ਦੇ ਬੋਲ ਚੇਤੇ ਆਏ, "ਜੇ ਤੁਸੀਂ ਸੱਚ ਨਹੀਂ ਬੋਲ ਸਕਦੇ ਤਾਂ ਝੂਠ ਵੀ ਨਾ ਬੋਲੋ। ਬੱਸ ਚੁੱਪ ਕਰ ਜਾਵੋ।"

ਭੇਤ ਤਾਂ ਭਾਵੇਂ ਕੋਈ ਏਡੇ ਵੱਡੇ ਨਹੀਂ ਸਨ। ਕੋਈ ਕੁੜੀ ਚੰਗੀ ਲੱਗਣੀ ਤਾਂ ਉਹਨੇ ਬੀਬੀ ਨੂੰ ਦੱਸਣਾ। ਕਿਸੇ ਯਾਰ ਦੋਸਤ ਨਾਲ ਮਿਲ ਕੇ ਕੋਈ ਖੁਰਾਫਾਤ ਕੀਤੀ ਹੋਣੀ ਤਾਂ ਬੀਬੀ ਨਾਲ ਸਾਂਝ ਕਰ ਲੈਣੀ। ਸਕੂਲ ਪੜ੍ਹਦੇ ਸਮੇਂ, ਸਾਨੂੰ ਬਿਨ ਦੱਸਿਆਂ, ਕਿਸੇ ਦੂਜੇ ਸ਼ਹਿਰ ਮੇਲਾ-ਗੇਲਾ ਵੇਖਣ ਯਾਰਾਂ ਨਾਲ ਤੁਰ ਜਾਣਾ। ਸਾਡੀ ਫਿਕਰ ਵਿਚ ਜਾਨ ਸੁੱਕਣੀ। ਪਰ ਬੀਬੀ ਨੂੰ ਗੱਲ ਦਾ ਪਤਾ ਹੋਣਾ। ਪਤਾ ਛੱਡੋ, ਜਾਣ ਲਈ ਖਰਚਾ-ਪਾਣੀ ਵੀ ਬੀਬੀ ਨੇ ਦਿੱਤਾ ਹੋਣਾ। ਬੀਬੀ ਨੇ ਸੱਚ ਤਾਂ ਨਾ ਦੱਸਣਾ ਪਰ ਝੂਠ ਵੀ ਕਦੀ ਨਾ ਬੋਲਣਾ। ਬੱਸ ਚੁੱਪ ਰਹਿਣਾ।

ਮਨ ਪਿੱਛੇ ਪਰਤਦਾ ਹੈ:

ਫਿਰ ਛੋਟੀ ਨਾਨੀ ਦੀ ਰੱਬ ਨੇ ਵੀ ਸੁਣ ਲਈ ਸੀ। ਕੁੜੀ ਦੀ ਮੌਤ ਪਿੱਛੋਂ ਉਹਦੇ ਘਰ ਵੀ ਪੁੱਤ ਨੇ ਜਨਮ ਲਿਆ। ਛੋਟੀ ਨਾਨੀ ਪਹਿਲਾਂ ਹੀ ਜੋਰਾਵਰ ਸੀ। ਹੁਣ ਪੂਰੀ ਘਰਵਾਲੀ ਬਣ ਗਈ। ਇਕ ਤੋਂ ਬਾਅਦ ਇਕ ਪੁੱਤ ਜੰਮਦਾ ਗਿਆ। ਪੂਰੇ ਚਾਰ ਪੁੱਤਾਂ ਦੀ ਮਾਂ ਘਰ ਦੀ ਪੂਰੀ ਮਾਲਕਣ ਬਣ ਗਈ। ਵੱਡੇ ਘਰ ਤੇ ਵੱਡੀ ਹਵੇਲੀ ਵਾਲੀ ਸਾਡੀ ਨਾਨੀ ਦਾ ਥਾਂ ਉਸ ਘਰ ਵਿਚ ਘਟਦਾ ਘਟਦਾ ਏਨਾ ਘਟ ਗਿਆ ਕਿ ਆਪਣੇ ਚਾਰ ਜੀਆਂ ਨੂੰ ਲੈ ਕੇ ਉਹ ਇਕ ਕੋਠੜੀ ਵਿਚ ਸੁੰਗੜ ਗਈ। ਨੌਕਰਾਣੀ ਬਣ ਕੇ ਦਿਨ ਲੰਘਾਉਣ ਲੱਗੀ। ਮਾਵਾਂ ਧੀਆਂ ਰਲ ਕੇ ਘਰ ਦਾ ਚੁੱਲ੍ਹਾ-ਚੌਂਕਾ ਕਰਦੀਆਂ, ਕੱਪੜੇ ਧੋਂਦੀਆਂ, ਭਾਂਡੇ ਮਾਂਜਦੀਆਂ। ਮੇਰੀ ਮਾਂ ਤੇ ਮਾਸੀਆਂ ਆਪਣੇ ਪੁੱਤ ਤੇ ਭਰਾ ਨੂੰ ਛੱਡ ਕੇ ਮਤਰੇਏ ਪੁੱਤਾਂ ਤੇ ਭਰਾਵਾਂ ਦੀਆਂ ਖਿਡਾਵੀਆਂ ਬਣ ਕੇ ਰਹਿ ਗਈਆਂ। ਮਾਂ-ਧੀਆਂ ਦੀ ਘਰ ਵਿਚ ਕਾਮਿਆਂ ਤੋਂ ਭੈੜੀ ਔਕਾਤ ਸੀ। ਨੌਕਰਾਂ ਤੋਂ ਵਧ ਕੇ ਕੰਮ ਕਰਨ ਦੇ ਬਾਵਜੂਦ ਉਹਨਾਂ ਨੂੰ ਨਿੱਤ ਝਿੜਕਾਂ ਪੈਂਦੀਆਂ।

ਇਹ ਬੇਇਨਸਾਫੀ ਸਾਡੇ ਨਾਨੇ ਨੂੰ ਵੀ ਤਾਂ ਦਿਸਦੀ ਹੋਊ। ਸ਼ਾਇਦ ਏਸੇ ਕਾਰਨ ਉਹਨੇ ਧੀਆਂ ਦੇ ਵਿਆਹ ਛੋਟੀ ਉਮਰ ਵਿਚ ਕਰਨ ਦੀ ਸੋਚੀ। ਕਿਸੇ ਰਿਸ਼ਤੇਦਾਰ ਦੀ ਦੱਸ 'ਤੇ ਮਾਝੇ ਦੇ ਮਸ਼ਹੂਰ ਪਿੰਡ ਝਬਾਲ ਵਿਚ ਸਾਡੀ ਵੱਡੀ ਮਾਸੀ ਦਾ ਰਿਸ਼ਤਾ ਚੰਗੇ ਸਰਦੇ-ਪੁੱਜਦੇ ਜੱਟਾਂ ਦੇ ਘਰ ਕਰ ਦਿੱਤਾ। ਵੱਡੀ ਮਾਸੀ ਨੇ ਮੇਰੀ ਮਾਂ ਦਾ ਰਿਸ਼ਤਾ ਵੀ ਝਬਾਲ ਕਰਵਾ ਦਿੱਤਾ। ਉਸਤੋਂ ਬਾਅਦ ਛੋਟੀ ਮਾਸੀ ਦਾ ਵੀ। ਤਿੰਨੇ ਭੈਣਾਂ ਇਕੋ ਪਿੰਡ। ਦੁੱਖ-ਸੁਖ ਦੀਆਂ ਭਿਆਲ ਬਣ ਗਈਆਂ। ਵੱਡੀ ਮਾਸੀ ਮਾਮੇ ਨੂੰ ਵੀ ਕੋਲ ਲੈ ਆਈ। ਡਰਦੀ ਸੀ ਕਿ ਕਿਤੇ ਮਤਰੇਈ ਉਹਦੇ ਨਾਲ ਕੁਝ ਬੁਰਾ ਈ ਨਾ ਕਰ ਦੇਵੇ। ਪਿੱਛੇ ਰਹਿ ਗਈ ਸੀ ਇਕੱਲੀ ਜਿੰਦ, ਸਾਡੀ ਨਾਨੀ। ਦੁੱਖ ਭੋਗਣ ਦਾ ਥਾਂ। ਚਰਖਾ ਚਲਾਉਂਦੀ, ਸੂਤ ਕੱਤਦੀ, ਭਾਂਡੇ ਮਾਂਜਦੀ। ਅਣਗੌਲੀ ਤੇ ਇਕੱਲੀ। ਰੋ ਰੋ ਕੇ ਅੱਖਾਂ ਦੀ ਰੋਸ਼ਨੀ ਮਧਮ ਪੈ ਗਈ। ਪਰ ਇਸ ਗੱਲੋਂ ਮਨ ਨੂੰ ਠੰਡ ਕਿ ਧੀਆਂ ਚੰਗੇ ਘਰੀਂ ਵਿਆਹੀਆਂ ਵਰੀਆਂ ਗਈਆਂ। ਏਨਾ ਯਾਦ ਹੈ ਕਿ ਜਦੋਂ ਨਾਨੀ ਨੇ ਆਪਣੀਆਂ ਧੀਆਂ ਨੂੰ ਮਿਲਣ ਆਉਣਾ ਤਾਂ ਪਹਿਲਾਂ ਚਰਖਾ ਮੰਗਣਾ ਤੇ ਧੀਆਂ ਦੇ ਰੋਕਦਿਆਂ ਕਰਦਿਆਂ ਵੀ ਬਦੋ ਬਦੀ ਸੂਤ ਕੱਤਣ ਬਹਿ ਜਾਣਾ। ਆਖਣਾ ਕਿ ਧੀ ਦੇ ਘਰੋਂ ਓਨਾ ਚਿਰ ਕੁਝ ਨਹੀਂ ਖਾਣਾ ਜਿੰਨਾਂ ਚਿਰ ਰੋਟੀ ਦੇ ਮੁੱਲ ਦਾ ਸੂਤ ਨਾ ਕੱਤ ਲਵਾਂ।

ਮੇਰੀ ਮਾਂ ਮਸਾਂ ਬਾਰਾਂ-ਤੇਰਾਂ ਸਾਲ ਦੀ ਸੀ ਜਦੋਂ ਉਹਦਾ ਵਿਆਹ ਹੋ ਗਿਆ। ਛੋਟੀ ਮਾਸੀ ਤਾਂ ਉਸਤੋਂ ਵੀ ਛੋਟੀ ਉਮਰ ਦੀ ਵਿਆਹੀ ਗਈ। ਬੀਬੀ ਦੱਸਦੀ ਸੀ ਕਿ ਇਕ ਵਾਰ ਨਵੀਂ ਨਵੀਂ ਸਹੁਰੇ ਆਈ ਤੇਰੀ ਛੋਟੀ ਮਾਸੀ ਨੇ ਗੁਆਂਢ ਦੀਆਂ ਹਮ-ਉਮਰ ਕੁੜੀਆਂ ਨਾਲ ਰਲ ਕੇ 'ਘਰ ਘਰ' ਖੇਡਣਾ ਸ਼ੁਰੂ ਕਰ ਦਿੱਤਾ। ਖੇਡਦਿਆਂ ਖੇਡਦਿਆਂ ਲਾਗੇ ਪਏ ਰੂੰ ਨੂੰ ਅੱਗ ਲਾ ਦਿੱਤੀ। ਬਾਹਰੋਂ ਆ ਕੇ ਉਹਦੀ ਸੱਸ ਨੇ ਛੇਤੀ ਛੇਤੀ ਅੱਗ ਬੁਝਾਈ ਤੇ ਵਿਚੋਲਣ, ਵੱਡੀ ਮਾਸੀ, ਨੂੰ ਉਲਾਹਮਾਂ ਦਿੱਤਾ ਕਿ ਤੇਰੀ ਭੈਣ ਸਾਡਾ ਤਾਂ ਘਰ ਲੂਹ ਦੇਣ ਲੱਗੀ ਸੀ। ਠੀਕ ਹੈ; ਉਦੋਂ ਛੋਟੀ ਉਮਰੇ ਧੀਆਂ ਨੂੰ ਵਿਆਹੁਣ ਦਾ ਰਵਾਜ ਸੀ ਪਰ ਕਦੀ ਕਦੀ ਲੱਗਦਾ ਹੈ ਨਾਨੇ ਨੇ ਛੋਟੀ ਨਾਨੀ ਦੇ ਜੋਰ ਦੇਣ 'ਤੇ ਧੀਆਂ ਨੂੰ ਗਲੋਂ ਲਾਹੁਣ ਦੇ ਇਰਾਦੇ ਨਾਲ ਹੀ ਸ਼ਾਇਦ ਇੰਜ ਕੀਤਾ ਹੋਵੇ।

ਕੁਝ ਵੀ ਸੀ। ਵਿਆਹ ਤੋਂ ਬਾਅਦ ਮੇਰੀ ਮਾਂ ਦੇ ਕੁਝ ਸਮੇਂ ਲਈ ਤਾਂ ਸਾਰੇ ਦੁੱਖ ਕੱਟੇ ਗਏ। ਪਰ ਮਾਂ ਵਾਲਾ ਦੁੱਖ ਉਹਦੇ ਵੀ ਨਾਲ ਨਾਲ ਤੁਰਨ ਲੱਗਾ। ਪਹਿਲਾਂ ਧੀ ਜੰਮੀ। ਉਸਤੋਂ ਬਾਅਦ ਮੁੜ ਤੋਂ ਧੀ। ਪਰ ਸਾਡੇ ਪਿਉ ਨੂੰ ਮਾਂ ਫਿਰ ਵੀ ਕਰਮਾਂ ਵਾਲੀ ਲੱਗਦੀ। ਸਾਡੇ ਭਰਾ ਭਗਵੰਤ ਨੇ ਜਨਮ ਲੈ ਕੇ ਉਹਨਾਂ ਦੀ ਝੋਲੀ ਖੁਸ਼ੀਆਂ ਨਾਲ ਭਰ ਦਿੱਤੀ। ਉਹ ਪਹਿਲਾਂ ਫੌਜ ਵਿਚ ਸੀ। ਫਿਰ ਫੌਜ ਛੱਡ ਕੇ ਪੁਲਿਸ ਵਿਚ ਹੋ ਗਿਆ। ਛੇਤੀ ਤਰੱਕੀ ਕਰਦਾ ਵੱਡਾ ਥਾਣੇਦਾਰ ਬਣ ਗਿਆ। ਮੇਰੀ ਬੀਬੀ ਘਰ ਬੈਠੀ ਥਾਣੇਦਾਰਨੀ ਬਣ ਗਈ। ਘਰ ਦਾ ਕੰਮ ਕਰਨ ਲਈ ਪੱਕਾ

ਨੌਕਰ। ਖਾਣ-ਪੀਣ, ਪਹਿਨਣ ਦੀਆਂ ਮੌਜਾਂ। ਉਹਨੂੰ ਲੱਗਦਾ ਇਹ ਸਰਦਾਰੀਆਂ ਉਹਦੀ ਪਤਨੀ ਦੀ ਕਿਸਮਤ ਕਰ ਕੇ ਮਿਲੀਆਂ ਨੇ। ਉਹ ਉਹਨੂੰ ਲਾਹੌਰ ਆਪਣੇ ਨਾਲ ਲੈ ਗਿਆ। ਏਥੇ ਉਹ ਕਿਲ੍ਹਾ ਗੁੱਜਰ ਸਿੰਘ ਵਿਚ ਥਾਣੇ ਦਾ ਇਨਚਾਰਜ ਸੀ। ਮਾਂ ਲਈ ਇਹ ਸਭ ਤੋਂ ਭਲੇ ਦਿਨ ਸਨ।

ਪਰ ਇਕ ਦਿਨ ਦੋ ਢਾਈ ਸਾਲ ਦਾ ਭਗਵੰਤ ਗਵਾਂਢੋਂ, ਪਿਤਾ ਦੇ ਸਹਿਕਰਮੀ ਮੁਸਲਮਾਨ ਹੌਲਦਾਰ ਦੇ ਘਰੋਂ, ਉਹਦੇ ਮੁੰਡੇ ਨਾਲ ਖੇਡਦਾ ਖੇਡਦਾ ਪਤਾ ਨਹੀਂ ਕੀ ਖਾ ਆਇਆ ਕਿ ਬੇਹੋਸ਼ੀ ਵਿਚ ਧੌਣ ਸੁੱਟ ਲਈ, ਅੱਖਾਂ ਤਾੜੇ ਲੱਗ ਗਈਆਂ। ਪਲਾਂ-ਛਿਣਾਂ ਵਿਚ ਭੌਰ ਉਡਾਰੀ ਮਾਰ ਗਿਆ। ਮਾਪਿਆਂ ਦਾ ਲੱਕ ਟੁੱਟ ਗਿਆ। ਮਾਂ ਤੇ ਭੈਣਾਂ ਦੀ ਜਿੰਦਗੀ ਵਿਚ ਰੋਣ ਘੁਲ ਗਿਆ। ਪਿਤਾ ਹੌਸਲਾ ਦਿੰਦਾ। ਪਰ ਇਸ ਨਾਲ ਕੀ ਹੋਣਾ ਸੀ! ਉੱਤੋਂ ਦੇਸ-ਵੰਡ ਦਾ ਕਹਿਰ ਵਾਪਰ ਗਿਆ।

ਦੇਸ ਦੀ ਵੰਡ ਵੇਲੇ ਵੀ ਸਾਡਾ ਪਿਤਾ ਓਸੇ ਥਾਣੇ ਵਿਚ ਸੀ। ਆਪਣਾ ਟੱਬਰ ਹੀ ਨਹੀਂ, ਹੋਰ ਵੀ ਕਈਆਂ ਨੂੰ ਉਹ ਟਰੱਕ 'ਤੇ ਲੱਦ ਕੇ ਭਾਰਤ ਵਿਚ ਲੈ ਆਇਆ। ਆਪ ਉਹਦੀ ਡਿਊਟੀ ਫਿਰੋਜ਼ਪੁਰ ਲੱਗ ਗਈ। ਬੀਬੀ ਝਬਾਲ ਆਪਣੇ ਪੁਤ-ਧੀਆਂ ਨੂੰ ਲੈ ਕੇ ਸਹੁਰੇ ਘਰ ਝਬਾਲ ਰਹਿਣ ਲੱਗੀ।

ਭਗਵੰਤ ਦੇ ਤੁਰ ਜਾਣ ਬਾਅਦ ਮੇਰਾ ਜਨਮ ਹੋਇਆ। ਬੀਬੀ ਦੱਸਦੀ, "ਤੇਰੇ ਭਾਪਾ ਜੀ ਤੈਨੂੰ ਬੜਾ ਪਿਆਰ ਕਰਦੇ। ਇਕ ਵਾਰ ਤੇਰੇ ਗਾਜਰੀ ਰੰਗ ਦੀ ਫਰਾਕ ਪਾਈ ਹੋਈ ਸੀ। ਤੇਰੇ ਭਾਪਾ ਜੀ ਛੁੱਟੀ ਆਏ ਹੋਏ ਸਨ। ਤੇਰੇ 'ਤੇ ਲਾਡ ਆਇਆ ਤੇ ਕੁੱਛੜ ਚੁੱਕ ਕੇ ਅਸਮਾਨ ਵੱਲ ਉਲਾਰ ਕੇ ਵਾਰ ਵਾਰ ਬਾਹਵਾਂ ਵਿਚ ਬੋਚ ਕੇ ਆਖਣ, ਮੇਰੀ ਧੀ ਦਾ ਰੰਗ ਤਾਂ ਵੇਖ। ਲਾਲ, ਦਗ ਦਗ ਕਰਦਾ। ਫਰਾਕ ਦੇ ਰੰਗ ਨਾਲ ਈ ਰਲੀ ਪਈ ਏ। ਵੇਖ ਤੇਰੇ ਤੋਂ ਵੀ ਇਹਦਾ ਰੰਗ ਵੱਧ ਲਾਲ ਤੇ ਗੋਰਾ।"

ਬੀਬੀ ਬਾਰੇ ਸਾਡੀ ਵਡੇਰੀ ਉਮਰ ਦੀ ਤਾਈ ਦੱਸਦੀ ਹੁੰਦੀ, ਤੁਹਾਡੀ ਮਾਂ ਬੜੀ ਹੌਲੀ ਜਿਹੀ ਉਮਰ ਦੀ ਸੀ ਜਦੋਂ ਵਿਆਹੀ ਆਈ। ਬੜੀ ਸੋਹਣੀ, ਲਾਲ ਦਗਦਾ ਮਘਦਾ ਰੰਗ। ਜਦੋਂ ਸਾਲੂ ਵਿਚੋਂ ਤੇਰੀ ਮਾਂ ਦੇ ਗੋਰੇ ਚਿੱਟੇ ਹੱਥ ਬਾਹਰ ਨਿਕਲੇ ਤਾਂ ਤੇਰਾ ਪਿਓ ਮੈਨੂੰ ਆਖਣ ਲੱਗਾ, "ਭਾਬੀ ਇਹਦੇ ਹੱਥਾਂ ਨੂੰ ਟੋਹ ਟੋਹ ਕੇ ਨਾ ਵੇਖ। ਵੇਖੀਂ ਕਿਤੇ ਆਪਣੇ ਹੱਥਾਂ ਦਾ ਕਾਲਾ ਰੰਗ ਇਹਦੇ ਹੱਥਾਂ 'ਤੇ ਚੜ੍ਹਾ ਕੇ ਇਹਦੇ ਹੱਥ ਮੈਲੇ ਕਰ ਦਏਂ।"

ਸਾਡੇ ਪਿਤਾ ਨੇ ਸੱਚ-ਮੁੱਚ ਮਾਂ ਦੇ ਹੱਥ ਮੈਲੇ ਨਹੀਂ ਸਨ ਹੋਣ ਦਿੱਤੇ। ਬਜੁਰਗ ਬਾਬਾ ਜਬਰੂ, ਇਕ ਰਾਜਾ ਸਿੰਘ, ਸਾਡੇ ਘਰ ਦਾ ਰੋਟੀ ਟੁੱਕ ਵੀ ਕਰਦਾ। ਹੱਟੀ ਭੱਠੀ ਦੇ ਕੰਮ ਵੀ ਕਰਦਾ। ਬੀਬੀ ਸਾਨੂੰ ਭੈਣ ਭਰਾਵਾਂ ਨੂੰ ਨਹਾਉਂਦੀ, ਧੁਆਉਂਦੀ, ਸਾਂਭਦੀ, ਸਜਾਉਂਦੀ ਸਵਾਰਦੀ।

ਤੇ ਫਿਰ ਅਚਨਚੇਤ ਬਿਜਲੀ ਡਿੱਗੀ। ਛੱਬੀ ਜਨਵਰੀ ਦਾ ਦਿਨ ਸੀ। ਸ਼ਾਮ ਹੁੰਦਿਆਂ ਪੁਲਿਸ ਦੀ ਗੱਡੀ ਝਬਾਲ ਪਿੰਡ ਵਿਚ ਪਹੁੰਚੀ। ਵਿਚ ਸਾਡੇ ਪਿਤਾ ਦੀ ਲਾਸ਼ ਸੀ। ਪਿਤਾ ਨਾਮਵਰ ਘੋੜ-ਸਵਾਰ ਸੀ। ਘੋੜ-ਖੇਡਾਂ ਵਿਚ ਕਈ ਤਗਮੇ ਜਿੱਤ ਚੁੱਕਾ ਸੀ। ਲਾਸ਼ ਲਿਆਉਣ ਵਾਲੇ ਪੁਲਸੀਆਂ ਦੱਸਿਆ। ਅੱਜ ਵੀ ਗਣਤੰਤਰ ਦਿਹਾੜੇ 'ਤੇ ਘੋੜ-ਸਵਾਰ ਕਰਤੱਵ ਵਿਖਾ ਰਹੇ ਸਨ। ਪਿਤਾ ਦਾ ਘੋੜਾ ਉਛਲ ਉਛਲ ਰੁਕਾਵਟਾਂ ਪਾਰ ਕਰਦਾ ਜਾ ਰਿਹਾ ਸੀ। ਇਕ ਰੁਕਾਵਟ 'ਤੇ ਘੋੜਾ ਥੋੜ੍ਹਾ ਕੁ ਝਿਜਕਿਆ ਤਾਂ ਪਿਤਾ ਨੇ ਹੱਲਾ-ਸ਼ੇਰੀ ਦੇਣ ਲਈ ਲਗਾਮ ਨੂੰ ਝਟਕਾ ਦਿੱਤਾ, ਪਿੰਡੇ ਨੂੰ ਅੱਡੀ ਛੁਹਾਈ। ਘੋੜੇ ਨੇ ਕੌੜ ਮੰਨੀ। ਘੋੜਾ ਸਿੱਧਾ ਸੀਖ-ਪੌ ਹੋ ਗਿਆ ਤੇ ਸੰਤੁਲਨ ਵਿਗੜ ਜਾਣ ਕਰਕੇ ਪਿੱਠ ਪਰਨੇ ਡਿੱਗ ਪਿਆ। ਸਾਡਾ ਪਿਤਾ ਘੋੜੇ ਹੇਠਾਂ ਦੱਬਿਆ ਗਿਆ ਤੇ ਨਾਲ ਹੀ ਸਾਡੀ ਸਭਨਾਂ ਦੀ, ਮਾਂ ਤੇ ਤਿੰਨ੍ਹਾਂ ਭੈਣਾਂ ਦੀ, ਕਿਸਮਤ ਵੀ ਦੱਬੀ ਗਈ। ਘੋੜਾ ਨਹੀਂ ਸੀ ਡਿੱਗਾ, ਸਾਡੀ ਕਿਸਮਤ ਦੇ ਕਿੰਗਰੇ ਢਹਿ ਗਏ ਸਨ।

ਮੈਨੂੰ ਉਹਨਾਂ ਕਹਿਰ ਦੀਆਂ ਘੜੀਆਂ ਦੀ ਸੰਭਾਲ ਨਹੀਂ। ਪੌਣੇ ਦੋ ਸਾਲ ਤਾਂ ਸਾਰੀ ਉਮਰ ਸੀ ਮੇਰੀ। ਪਰ ਮਾਂ ਦੇ ਚੇਤੇ ਵਿਚ ਤਾਂ ਉਹ ਦੁਖਦਾਈ ਘੜੀਆਂ ਸਦਾ ਜਿਊਂਦੀਆਂ ਰਹੀਆਂ ਸਨ। ਕਿੰਨੇ ਸਾਲ, ਕਿੰਨੀ ਵਾਰ ਉਹਨੇ ਹਉਕੇ ਭਰਦਿਆਂ, ਅੱਥਰੂ ਵਹਾਉਂਦਿਆਂ ਇਹ ਦੁਖਦ-ਕਥਾ ਸਾਡੇ ਨਾਲ ਸਾਂਝੀ ਕੀਤੀ ਸੀ ਤੇ ਅਸੀਂ ਤਿੰਨਾਂ ਭੈਣਾਂ ਨੇ ਪਥਰਾਈ ਚੁੱਪ ਵਿਚ ਉਹਦੇ ਹੰਝੂ ਹਉਕਿਆਂ ਨਾਲ ਆਪਣੇ ਹੰਝੂ ਹਉਕੇ ਰਲਾਏ ਸਨ। ਲੋਕ ਤਾਂ ਵੱਖਰੇ ਤੇ ਵੱਡੇ ਪਰਸੰਗ ਵਿਚ ਇਹ ਕਥਨ ਦੁਹਰਾਉਂਦੇ ਰਹੇ ਹਨ ਪਰ ਮੇਰੀ ਮਾਂ ਇਹਨੂੰ ਆਪਣੇ ਨਿੱਜੀ ਦੁੱਖ ਨਾਲ ਜੋੜ ਕੇ ਆਖਦੀ, "ਛੱਬੀ ਜਨਵਰੀ ਦਾ ਉਹ ਦਿਨ ਲੋਕਾਂ ਲਈ ਹੋਊ ਕਿਸੇ ਅਜਾਦੀ ਦਾ ਦਿਨ ਪਰ ਸਾਡੇ ਲਈ ਤਾਂ ਉਹ ਬਰਬਾਦੀ ਦਾ ਦਿਨ ਸੀ।" ਅਸੀਂ ਭੈਣਾਂ ਹਰ ਸਾਲ ਇਸ ਕੋਸ਼ਿਸ਼ ਵਿਚ ਰਹਿੰਦੀਆਂ ਕਿ ਬੀਬੀ ਨੂੰ ਸਾਲ ਬਾਅਦ ਆਉਣ ਵਾਲੇ ਛੱਬੀ ਜਨਵਰੀ ਦੇ ਦਿਨ ਦਾ ਪਤਾ ਨਾ ਲੱਗੇ ਕਿ ਅੱਜ ਛੱਬੀ ਜਨਵਰੀ ਹੈ। ਪਤਾ ਲੱਗਣ 'ਤੇ ਉਹ ਸਾਰੀ ਦਿਹਾੜੀ ਵੈਣ ਪਾਉਂਦੀ ਰਹਿੰਦੀ। ਉਹਨੂੰ ਲੱਗਦਾ ਕਿ ਉਹਦਾ ਪਤੀ ਜਿਵੇਂ ਹੁਣੇ ਮਰਿਆ ਹੋਵੇ ਤੇ ਵਿਹੜੇ ਵਿਚ ਇਕੱਠੀ ਹੋਈ ਭੀੜ ਦੀ ਕੁਰਲਾਹਟ ਵਿਚ ਉਹਦੀ ਫੀਰੋਜਪੁਰੋਂ ਅੱਪੜੀ ਲਾਸ਼ ਪਈ ਹੋਵੇ।

ਬਾਕੀ ਅਗਲੇ ਅੰਕ ਵਿੱਚ...

ਸਿੱਧ ਹੱਥ ਵਜੰਤਰੀ - ਸ੍ਰ. ਬਲੀ ਸਿੰਘ ਗੁਰਾਇਆ

-ਸੁਵਰਨ ਸਿੰਘ ਵਿਰਕ

ਸ੍ਰ. ਬਲੀ ਸਿੰਘ

ਪੱਛਮੀ ਪੰਜਾਬ ਦੇ ਜ਼ਿਲ੍ਹੇ ਗੁਜ਼ਰਾਂਵਾਲਾ ਦਾ ਪਿੰਡ ਹਿੰਦੂ ਚੱਕ ਸੀ, ਜਿਸ ਵਿਚ ਗੋਰਾਇਆ ਗੋਤ ਦੇ ਜੱਟ ਸਿੱਖ ਜ਼ਮੀਨਾਂ ਦੇ ਮਾਲਕ ਸਨ। ਇਸ ਪਿੰਡ ਦਾ ਮੋਹਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪਿੰਡ ਦਾ ਲੰਬੜਦਾਰ ਸੀ। ਉਸ ਦਾ ਪੁੱਤਰ ਅਤਰ ਸਿੰਘ ਉਸ ਤੋਂ ਬਾਅਦ ਲੰਬੜਦਾਰ ਬਣਿਆ। ਨਿਆਂ-ਪਸੰਦ ਵਿਅਕਤੀ ਸੀ, ਆਏ-ਗਏ ਸਿੱਖ, ਸਾਧ, ਰਾਹੀ ਪਾਂਧੀ ਵੀ ਉਸਦੇ ਪਾਸ ਟਿਕਦੇ। ਅਤਰ ਸਿੰਘ ਜੋ ਉਮਰ ਕਰਕੇ ਵੀ ਪੰਜਾਬ ਵਿਚ ਚੱਲੇ ਸੁਤੰਤਰਤਾ ਸੰਗਰਾਮ, ਕੂਕਾ ਅੰਦੋਲਨ ਦੇ ਮੋਢੀ, ਸਤਿਗੁਰੂ ਰਾਮ ਸਿੰਘ ਜੀ ਦਾ ਹਾਣੀ ਹੀ ਸੀ। ਗੁਜਰਾਂਵਾਲਾ ਜ਼ਿਲ੍ਹਾਂ ਦੇ ਇੱਕ ਦੌਰੇ ਸਮੇਂ, ਸਤਿਗੁਰੂ ਜੀ ਨੂੰ ਆਪਣੇ ਪਿੰਡ ਲੈ ਗਿਆ ਅਤੇ ਕੂਕਾ ਬਣ ਗਿਆ ਸੀ। ਉਸ ਦਾ ਪੁੱਤਰ ਦਿਆਲ ਸਿੰਘ ਤਾਂ ਇਤਨਾ ਕੱਟੜ ਕੂਕਾ ਬਣ ਗਿਆ ਕਿ ਸਰਕਾਰੀ ਰਿਕਾਰਡ ਦੇ ਮੁਤਾਬਿਕ ਉਹ ਆਪਣੇ ਪਿੰਡ ਹਿੰਦੂ ਚੱਕ ਤੋਂ ਚੱਲ ਕੇ, ਲੰਮਾ ਪੈਂਡਾ ਤਹਿ ਕਰਕੇ, ਹਰ ਮਹੀਨੇ ਭੈਣੀ ਸਾਹਿਬ ਵਿਚ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕਰਨ ਜਾਇਆ ਕਰਦਾ ਸੀ। ਉਸ ਤੋਂ ਬਾਅਦ ਉਸ ਦਾ ਪੁੱਤਰ ਸੰਤ ਸਿੰਘ ਵੀ ਰਿਹਾ ਤਾਂ ਨਾਮਧਾਰੀ ਹੀ ਪਰ ਉਹ ਪਿਉ-ਦਾਦੇ ਜਿਉਂ ਪ੍ਰਸਿੱਧ ਨਾ ਹੋ ਕੇ, ਚੁੱਪ ਚਾਪ ਨਾਮ ਬਾਣੀ ਦਾ ਜਾਪ ਅਤੇ ਗ੍ਰਹਿਸਤ ਦੇ ਵਿਹਾਰ ਕਰਦਾ ਰਿਹਾ। ਸੰਤ ਸਿੰਘ ਦਾ ਪੁੱਤਰ ਫਿਰ ਆਪਣੇ ਪੜਦਾਦੇ ਜਿਉਂ ਹੀ ਨਾ ਸਿਰਫ਼ ਨਾਮਧਾਰੀ-ਸੰਸਾਰ ਸਗੋਂ ਪੰਜਾਬੀ ਸਾਹਿਤ ਜਗਤ ਵਿਚ ਵੀ ਸੰਤ ਤਰਨ ਸਿੰਘ 'ਵਹਿਮੀ' (1902-78 ਈ:) ਦੇ ਨਾਮ ਨਾਲ ਪ੍ਰਸਿੱਧ ਹੋਇਆ। ਉਸ ਦੀ ਪ੍ਰਸਿੱਧੀ ਦਾ ਵੱਡਾ ਕਾਰਨ ਉਹਨਾਂ ਦੁਆਰਾ ਛੇ ਵੱਡ-ਆਕਾਰੀ ਜਿਲਦਾਂ ਵਿਚ, ਸਤਿਗੁਰੂ ਪ੍ਰਤਾਪ ਸਿੰਘ (ਜੋ ਸਤਿਗੁਰੂ ਰਾਮ ਸਿੰਘ ਦੇ ਛੋਟੇ ਭਾਈ ਗੁਰੂ ਹਰੀ ਸਿੰਘ ਜੀ ਦੇ ਸਪੁੱਤਰ ਸਨ। 1890-1959 ਈ:) ਦਾ ਪੰਜਾਬੀ ਵਾਰਤਕ ਵਿਚ ਜੀਵਨ ਬਿਰਤਾਂਤ ਲਿਖਣਾ। ਉਂਜ ਉਹਨਾਂ ਨੇ ਕਵਿਤਾਵਾਂ ਅਤੇ ਸੰਪਰਦਾਵਾਂ ਦੇ ਤੁਲਨਾਤਮਕ ਅਧਿਐਨ ਸੰਬੰਧੀ ਕਿਤਾਬਾਂ ਵੀ ਲਿਖੀਆਂ ਸਨ।

ਸੰਤ ਤਰਨ ਸਿੰਘ 'ਵਹਿਮੀ' ਦੇ ਘਰ, ਮਾਤਾ ਕਰਤਾਰ ਕੌਰ (ਪੇਕਾ ਪਿੰਡ, ਕੁਲ ਬਾਜਵਾ ਦੇ ਨੇੜੇ, ਜ਼ਿਲ੍ਹਾ ਸਿਆਲਕੋਟ) ਦੇ ਉਦਰ ਤੋਂ 15 ਮੱਘਰ 1990 ਬਿਕ੍ਰਮੀ ਮੁਤਾਬਕ 29 ਨਵੰਬਰ 1933 ਈ:, ਬੁੱਧਵਾਰ ਨੂੰ ਦੂਜੇ ਸਪੁੱਤਰ, ਬਲੀ ਸਿੰਘ ਗੋਰਾਇਆ ਦਾ ਜਨਮ ਹੋਇਆ। ਬਲੀ ਸਿੰਘ ਤੋਂ ਵੱਡਾ ਸਾਧੂ ਸਿੰਘ ਕਿਸਾਨ ਹੈ। ਵੱਡੇ ਦੋਹਾਂ ਭਰਾਵਾਂ ਤੋਂ ਵੱਡੀਆਂ ਦੋ ਭੈਣਾਂ ਸੁਰਜੀਤ ਕੌਰ ਤਰੱਗੜੀ (ਗੁਜਰਾਂਵਾਲਾ) ਅਤੇ ਹਰਬੰਸ ਕੌਰ ਲਦੇਅ (ਸਿਆਲਕੋਟ) ਵਿਚ ਵਿਆਹੀਆਂ ਗਈਆਂ।

ਬਲੀ ਸਿੰਘ ਨੇ ਆਪਣੇ ਬਚਪਨ ਵਿਚ ਮੁੱਢਲੀ ਵਿੱਦਿਆ ਪਿਤਾ ਅਤੇ ਵੱਡੀ ਭੈਣ ਬੀਬੀ ਹਰਬੰਸ ਕੌਰ ਤੋਂ ਗ੍ਰਹਿਣ ਕੀਤੀ। ਇਸ ਤਰ੍ਹਾਂ ਪਰਵਾਰਿਕ ਮਾਹੌਲ ਅਤੇ ਘਰ ਵਿਚ ਆਉਂਦੇ ਸਾਧੂ ਸੰਤਾਂ ਦੇ ਮੇਲ-ਜੋਲ ਨਾਲ ਗੁਰਮਤਿ ਵੱਲ ਝੁਕਾਉ, ਬਚਪਨ ਵਿਚ ਹੀ ਹੋ ਗਿਆ। ਦੇਸ਼ ਦੇ ਬਟਵਾਰੇ ਤੋਂ ਬਾਅਦ ਪਰਵਾਰ ਉਸ ਸਮੇਂ ਦੇ ਸਾਂਝੇ ਪੰਜਾਬ ਦੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਪਿੰਡ ਜੱਗ ਮਲੇਰਾ (ਸੰਤ ਨਗਰ) ਵਿਚ ਆ ਗਿਆ। ਇਹ ਨਾਮਧਾਰੀਆਂ ਦੇ ਦਸ ਬਾਰਾਂ ਪਿੰਡਾਂ ਦੇ ਕੇਂਦਰ ਚੁਚਾਲ ਕੋਠੀ (ਜੀਵਨ ਨਗਰ) ਦਾ ਗੁਆਂਢੀ ਪਿੰਡ ਸੀ। ਸੰਤ ਆਲਾ ਸਿੰਘ ਜੀ ਨਾਮਧਾਰੀ ਬੱਚਿਆਂ ਨੂੰ ਉਤਸ਼ਾਹਿਤ ਕਰਕੇ, ਉਹਨਾਂ ਪਾਸੋਂ ਸ਼ਬਦ ਸੁਣਿਆ ਕਰਦੇ ਸਨ। ਬਲੀ ਸਿੰਘ, ਗੁਰਮੁਖ ਸਿੰਘ ਖਾਰੇ ਵਾਲਾ ਆਦਿ ਬੱਚੇ, ਸੰਤ ਜੀ ਤੋਂ ਸੁਣ ਸੁਣ ਕੇ ਸ਼ਬਦ ਕੰਠ ਕਰਨ ਲੱਗੇ ਅਤੇ ਇਸ ਤਰ੍ਹਾਂ ਇਹਨਾਂ ਨੇ ਆਸਾ ਦੀ ਵਾਰ ਵੀ ਕੰਠ ਕਰ ਲਈ। ਸੰਤ ਤਰਨ ਸਿੰਘ ਵਹਿਮੀ ਵੀ ਨਾਮਧਾਰੀ ਬੱਚਿਆਂ ਵਿਚ, ਕੋਈ ਨਾ ਕੋਈ ਗੁਣ ਵੇਖਣ ਦੇ ਖ਼ਾਹਿਸ਼ਮੰਦ ਸਨ। ਉਹਨਾਂ ਦਿੱਲੀ ਤੋਂ ਇਕ ਨਵਾਂ ਹਾਰਮੋਨੀਅਮ (ਵਾਜਾ) ਮੰਗਵਾ ਦਿੱਤਾ। ਬਲੀ ਸਿੰਘ ਹੋਰੀਂ ਇਹ ਵਾਜਾ ਲੈ ਕੇ ਡੇਰੇ ਵਿਚ ਰਹਿੰਦੇ, ਸੰਤ ਸੁੰਦਰ ਸਿੰਘ ਫਰੀਦ ਤੋਂ ਸਿੱਖਣ ਲੱਗੇ। ਫਿਰ ਸੰਤ ਆਲਾ ਸਿੰਘ ਜੀ ਨੇ ਹਰਨਾਮ ਸਿੰਘ ਬੱਲ੍ਹੜਕਿਆਂ ਵਾਲੇ ਨੂੰ ਕਿਹਾ ਕਿ ਬੱਚਿਆਂ ਨੂੰ ਵਾਜਾ ਸਿਖਾਉ। ਹੁਣ ਬਲੀ ਸਿੰਘ ਦੇ ਹੱਥ ਵਾਜੇ 'ਤੇ ਚੱਲਣ ਲੱਗ ਪਏ। ਇਕ ਦਿਨ ਸੰਤਾਂ ਦੇ ਡੇਰੇ ਸਤਿਗੁਰੂ ਪਰਤਾਪ ਸਿੰਘ ਜੀ ਆਏ। ਉਹਨਾਂ ਇਹਨਾਂ ਦਾ ਵਾਜਾ ਸੁਣ ਕੇ, ਵਾਜਾ ਆਪ ਪਕੜ ਲਿਆ ਤੇ ਵਜਾ ਕੇ ਕਹਿਣ ਲੱਗੇ ਕਿ ਇਸ ਤਰ੍ਹਾਂ ਵਜਾਉ। ਬਲੀ ਸਿੰਘ ਜੀ ਕਹਿੰਦੇ ਹਨ ਕਿ ਉਸ ਤੋਂ ਬਾਅਦ ਮੈਨੂੰ ਇਉਂ ਆਭਾਸ ਹੋਇਆ ਕਿ ਮੈਂ ਤਾਂ ਵਾਜਾ ਵਜਾਉਣਾ ਸਾਰਾ

Sri Satguru Jagjit Singh Ji Elibrary NamdhariElibrary@gmail.com

ਹੀ ਜਾਣਦਾ ਹਾਂ। ਫਿਰ ਚੱਲ ਸੋ ਚੱਲ। ਇਉਂ ਉਹ ਜਗਦੀਸ਼ ਸਿੰਘ ਵਰਿਆਮ ਦੇ ਸ਼ਬਦਾਂ ਵਿਚ 'ਵਾਜੇ ਦੇ ਸਿੱਧ ਹਸਤ ਵਜੰਤਰੀ ਹੋ ਗਏ।' ਪਹਿਲਾਂ ਪਹਿਲ ਸੰਤ ਗਿਆਨਾ ਸਿੰਘ ਜੀ ਸ਼ੇਖੂਪੁਰੀਏ ਅਤੇ ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲਿਆਂ ਦੇ ਜਥਿਆਂ ਨਾਲ ਆਸਾ ਦੀ ਵਾਰ ਦੇ ਕੀਰਤਨ ਸਮੇਂ ਵਾਜਾ ਵਜਾਉਂਦੇ ਰਹੇ। ਢੋਲਕੀ ਤੇ ਆਪ ਦੇ ਨਾਲ ਪ੍ਰਸਿੱਧ ਢੋਲਕੀਆ ਗੁਰਮੁਖ ਸਿੰਘ ਖਾਰੇਵਾਲਾ ਹੁੰਦੇ। ਰੰਗ ਬਝ ਜਾਂਦਾ। ਸਮਾਂ ਖਲੋ ਜਾਂਦਾ।

ਆਸਾ ਦੀ ਵਾਰ ਦੇ ਕੀਰਤਨੀ ਜਥੇ ਦੀ ਸੇਵਾ ਤੋਂ ਇਲਾਵਾ ਬਲੀ ਸਿੰਘ, ਸਤਿਗੁਰੂ ਪਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਅਜੋਕੇ ਸਮੇਂ ਵਿਚ ਤਿੰਨਾਂ ਹੀ ਸਤਿਗੁਰੂ ਸਾਹਿਬਾਨ ਦੀ ਛਤਰ-ਛਾਇਆ ਹੇਠ ਨਾਮਧਾਰੀ ਪੰਥ ਦੇ ਪ੍ਰਸਿੱਧ ਜਥੇਦਾਰਾਂ ਪੰਡਿਤ ਗੋਪਾਲ ਸਿੰਘ ਜੀ, ਜਥੇਦਾਰ ਫੌਜਾ ਸਿੰਘ ਬੁੰਡਾਲਾ, ਜਥੇਦਾਰ ਕਾਲਾ ਸਿੰਘ ਭੜੋਲਿਆਂ ਵਾਲੀ, ਜਥੇਦਾਰ ਨਿਰੰਜਨ ਸਿੰਘ ਕੱਕੜ, ਜਥੇਦਾਰ ਗਿਆਨ ਸਿੰਘ ਜੀ ਵੀਰੋਕਿਆਂ ਵਾਲੇ, ਜਥੇਦਾਰ ਗੁਰਬਚਨ ਸਿੰਘ ਜੀ ਆਦਿ ਨਾਲ ਬਹੁਤ ਸਾਰੇ ਦੀਵਾਨਾਂ ਵਿਚ ਵਾਜਾ ਵਜਾਉਂਦੇ ਰਹੇ। ਨਾਮਧਾਰੀ ਪੰਥ ਦੇ ਸਾਲਾਨਾ ਹੋਲੇ ਮਹੱਲਿਆਂ, ਅੱਸੂ ਦੇ ਮੇਲਿਆਂ ਅਤੇ ਹੋਰ ਪੁਰਬਾਂ ਦੇ ਸਮੇਂ ਆਪ ਸਾਰਾ ਸਾਰਾ ਦਿਨ ਅਤੇ ਸਾਰੀ ਸਾਰੀ ਰਾਤ ਵੀ ਕਈ ਵੇਰ ਵਾਜੇ ਦੀਆਂ ਮਨੋਹਰ ਸੁਰਾਂ ਨਾਲ ਸੰਗਤ ਨੂੰ ਨਿਹਾਲ ਕਰਦੇ। ਇਹਨਾਂ ਤੇ ਸਤਿਗੁਰਾਂ ਦੀ ਇਕ ਬਖ਼ਸ਼ਿਸ਼ ਇਹ ਵੀ ਰਹੀ ਕਿ ਪਿਛਲੀ ਅੱਧੀ ਸਦੀ ਤੋਂ ਵੱਧ ਇਹਨਾਂ ਨੇ ਜਥੇਦਾਰਾਂ, ਰਾਗੀਆਂ ਨਾਲ ਭਰਵੀਂ ਸੰਗਤ ਕੀਤੀ ਪਰ ਕਦੀ ਕੀਰਤਨ ਲਈ ਮਿਲੀ ਭੇਟਾ 'ਚੋਂ ਹਿੱਸਾ ਤੱਕ ਨਹੀਂ ਲਿਆ। ਗੁਰੂ ਨਾਨਕ ਦੇ ਕੀਰਤਨ ਦੀ ਅਸਲ ਮਰਿਆਦਾ ਸ੍ਰ. ਬਲੀ ਸਿੰਘ ਹੁਰਾਂ ਅੱਜ ਤੱਕ ਬਾ-ਖ਼ੂਬੀ ਨਿਭਾਈ ਹੈ। ਆਪਣੇ ਇਲਾਕੇ ਵਿਚ ਆਸਾ ਦੀ ਵਾਰ ਲਾਉਣ ਲਈ ਕਈ ਵੇਰ, 20-30 ਕਿਲੋਮੀਟਰ ਸਫ਼ਰ ਕਰਕੇ ਵੀ ਜਾਣਾ ਪਿਆ ਪਰ ਕਦੇ ਵੀ ਕਿਸੇ ਤੋਂ ਕਿਰਾਇਆ ਤੱਕ ਨਹੀਂ ਲਿਆ।

ਆਪ ਦਾ ਅਨੰਦ ਕਾਰਜ 1952 ਈ: ਵਿਚ ਸ੍ਰ. ਪਰਤਾਪ ਸਿੰਘ ਮੱਟੂ (ਜਨਾਲ ਜ਼ਿਲ੍ਹਾ ਸੰਗਰੂਰ) ਦੀ ਪੁੱਤਰੀ, ਬੀਬੀ ਗੁਰਮੀਤ ਕੌਰ ਨਾਲ ਹੋਇਆ। ਸੰਤਾਨ ਵਜੋਂ ਦੋ ਲੜਕੇ ਗੁਰਦੀਪ ਸਿੰਘ ਅਤੇ ਗੁਰਭੇਜ ਸਿੰਘ ਗੁਰਾਇਆ ਅਤੇ ਤਿੰਨ ਪੁੱਤਰੀਆਂ ਹਨ। ਵੱਡੀ ਲੜਕੀ ਰਜਿੰਦਰ ਕੌਰ, ਜਥੇਦਾਰ ਪੂਰਨ ਸਿੰਘ ਵਰਨ ਸੰਤ ਨਗਰ ਨਾਲ, ਵਿਚਕਾਰਲੀ ਕਿਰਪਾਲ ਕੌਰ ਮਾ. ਰਛਪਾਲ ਸਿੰਘ ਪੰਨੂ ਸ੍ਰੀ ਗੰਗਾ ਨਗਰ ਨਾਲ ਅਤੇ ਛੋਟੀ ਸੰਤੋਸ਼ ਕੌਰ, ਰਣਜੀਤ ਸਿੰਘ ਪਿੰਡ ਕੁੱਤੇ-ਵੱਢ ਨਾਲ ਵਿਆਹੀਆਂ ਹਨ। ਛੋਟਾ ਲੜਕਾ ਗੁਰਭੇਜ ਸਿੰਘ ਗੁਰਾਇਆ ਦਿੱਲੀ ਵਿਚ ਸਰਕਾਰੀ ਵਕੀਲ ਹੁੰਦਿਆਂ ਉੱਚ ਅਹੁਦਿਆਂ 'ਤੇ ਰਿਹਾ ਅਤੇ ਹੁਣ ਪੰਜਾਬੀ ਅਕਾਦਮੀ ਦਿੱਲੀ ਦਾ ਸਕੱਤਰ ਹੈ।

ਅੱਜ ਕੱਲ ਬਲੀ ਸਿੰਘ ਹੋਰੀਂ ਬੁੱਢੀ ਮਾੜੀ ਵਿਚ ਨਿਵਾਸ ਰੱਖਦੇ ਹਨ, ਜਿੱਥੇ ਆਪ ਦਾ ਪਰਿਵਾਰ 1958 ਈ: ਵਿਚ ਆ ਟਿਕਿਆ ਸੀ। 1987 ਤੋਂ ਇਲਾਕੇ ਦੀ ਸਮਾਜਿਕ ਸੰਸਥਾ, ਲੋਕ ਪੰਚਾਇਤ ਜ਼ਿਲ੍ਹਾ ਸਿਰਸਾ ਦੇ ਖਜ਼ਾਨਚੀ ਅਤੇ ਉੱਘੇ ਰੁਕਨ ਚਲੇ ਆ ਰਹੇ ਹਨ। ਲੋਕਾਂ ਦੇ ਬਹੁਤ ਸਾਰੇ ਝਗੜੇ ਥਾਣੇ ਕਚਿਹਰੀਆਂ ਤੋਂ ਬਾਹਰ ਹੱਲ ਕਰਵਾ ਦਿੰਦੇ ਹਨ। ਆਪ ਨੇ ਮਹਿਸੂਸ ਕੀਤਾ ਕਿ ਉਹਨਾਂ ਦੇ ਨਾਲ ਦਾ ਪੁਰਾਣਾ ਪੂਰ ਗੁਰਬਖ਼ਸ਼ ਸਿੰਘ, ਇਕਬਾਲ ਸਿੰਘ, ਗੁਰਮੁਖ ਸਿੰਘ ਖਾਰ ਆਦਿ ਸਾਥੀ ਤਾਂ ਇਕ ਇਕ ਕਰਕੇ ਤੁਰ ਗਏ ਹਨ ਪਰ ਮਾ: ਅਮਰੀਕ ਸਿੰਘ ਹੋਰਾਂ ਦੇ ਕਹਿਣ ਤੇ ਹਰ ਐਤਵਾਰ ਪਿੰਡ ਅੰਮ੍ਰਿਤਸਰ ਕਲਾਂ ਵਿਚ ਜਾ ਕੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਲਾਉਂਦੇ ਹਨ। ਉਹਨਾਂ ਪਾਸ ਬੁੱਢੀ ਮਾੜੀ ਵੀ ਬੱਚੇ ਵਾਜਾ ਵਜਾਉਣ ਅਤੇ ਕੀਰਤਨ ਦੀ ਸਿਖਿਆ ਲੈਣ ਆਉਂਦੇ ਹਨ। ਕਈ ਬੱਚੇ ਉਹਨਾਂ ਪਾਸੋਂ ਸਿੱਖਿਆ ਲੈ ਕੇ, ਨਿਪੁੰਨ ਕੀਰਤਨੀਏ ਬਣ ਗਏ ਹਨ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸੰਗੀਤ ਵਿਭਾਗ ਵਾਲਾ ਠਾਕੁਰ ਸਿੰਘ ਵੀ ਸਭ ਤੋਂ ਪਹਿਲਾ ਉਹਨਾਂ ਦਾ ਸ਼ਾਗਿਰਦ ਬਣਿਆ। ਉਹਨਾਂ ਦੁਆਰਾ ਤਿਆਰ ਕੀਤਾ ਇਕ ਬੰਤਾ ਸਿੰਘ ਨਾਮ ਦਾ ਬੱਚਾ, ਹੁਣ ਉਹਨਾਂ ਦੀ ਗ਼ੈਰ-ਹਾਜ਼ਰੀ ਵਿਚ ਵੀ ਆਸਾ ਦੀ ਵਾਰ ਦਾ ਕੀਰਤਨ ਕਰ ਲੈਂਦਾ ਹੈ।

ਸੰਤ ਤਰਨ ਸਿੰਘ ਵਹਿਮੀ ਹੋਰਾਂ ਹਿੰਦੂ ਚੱਕ ਰਹਿੰਦਿਆਂ ਹਰ ਦੇਸੀ ਮਹੀਨੇ ਦੀ ਬਾਰਾਂ ਤਰੀਕ ਨੂੰ 'ਬਾਰ੍ਹਵੇਂ ਸਤਿਗੁਰੂ - ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਬਾਰ੍ਹਵੀਂ' ਮਨਾਉਣ ਦੀ ਪ੍ਰਥਾ ਨਾਮਧਾਰੀ ਸਾਧੂਆਂ ਦੀ ਪਾਈ ਹੋਈ ਨੂੰ ਆਲੇ-ਦੁਆਲੇ ਦੇ ਨਾਮਧਾਰੀਆਂ ਦੇ ਪਿੰਡਾਂ ਵਿਚ ਪਰਚਾਇਆ। ਉਸ ਦਿਨ ਸੰਗਤ ਇਕੱਠੀ ਹੋ ਕੇ, ਕਿਸੇ ਇਕ ਪਿੰਡ ਦੇ ਗੁਰਦੁਆਰੇ ਜਾਂ ਕਿਸੇ ਇਕ ਸਿੰਘ ਦੇ ਘਰ ਜੁੜ ਕੇ, ਨਾਮ ਸਿਮਰਨ, ਕਥਾ ਕੀਰਤਨ ਕਰਦੀ ਅਤੇ ਰਲ-ਮਿਲ ਕੇ ਲੰਗਰ ਪਾਣੀ ਛਕਦੇ। ਹੁਣ ਭਾਈ ਬਲੀ ਸਿੰਘ ਜੀ ਅਤੇ ਉਹਨਾਂ ਦੇ ਸਹਿਯੋਗੀ, ਬੁੱਢੀ ਮਾੜੀ ਅਤੇ ਆਸ-ਪਾਸ ਦੇ ਪਿੰਡਾਂ ਵਿਚ ਇਸ ਪਰੰਪਰਾ ਨੂੰ ਜੀਵਿਤ ਰੱਖ ਰਹੇ ਹਨ। ਇਹ ਸਾਰੇ ਢੰਗ, ਉਪਰਾਲੇ ਆਪਣੇ ਵਿਰਸੇ, ਇਤਿਹਾਸ ਅਤੇ ਪਿਛੋਕੜ ਨਾਲ ਜੁੜੇ ਰਹਿਣ ਦੇ ਕਾਰਜਾਂ ਵਿਚ ਹੀ ਆਉਂਦੇ ਹਨ।

ਬਲੀ ਸਿੰਘ ਜੀ ਪੰਜਾਬੀ ਦੇ ਸੂਝਵਾਨ ਪਾਠਕ ਵੀ ਹਨ। ਵਰਿਆਮ, ਸਤਿਜੁਗ, ਵਰਤਮਾਨ ਹਿੰਦੁਸਤਾਨ ਤੋਂ ਇਲਾਵਾ ਉਹ ਪੰਜਾਬੀ ਦੇ ਸਾਹਿਤਕ ਪਰਚਿਆਂ ਦੇ ਵੀ ਵਧੀਆ ਪਾਠਕ ਹਨ। ਰੋਜ਼ ਹਿੰਦੀ ਪੰਜਾਬੀ ਅਖ਼ਬਾਰਾਂ ਦੁਆਰਾ ਦੇਸ਼ ਦੁਨੀਆ ਨਾਲ ਜੁੜੇ ਰਹਿੰਦੇ ਹਨ। ਹਿੰਦੀ ਉਹ ਕਹਿੰਦੇ ਹਨ ਮੈਂ ਦੁਕਾਨਾਂ ਦੇ ਬੋਰਡ ਵੇਖ-ਵੇਖ ਕੇ ਹੀ ਪੜ੍ਹ ਗਿਆ ਸਾਂ।

ਪੰਡਿਤ ਗੋਪਾਲ ਸਿੰਘ ਜੀ ਦੇ ਨਾਲ ਸਤਿਗੁਰੂ ਜੀ ਦੇ ਕਈ ਦੌਰਿਆਂ ਵਿਚ ਆਪ ਵਾਜਾ ਵਜਾਉਂਦੇ ਰਹੇ। ਪੰਡਿਤ ਜੀ ਨਾਲ ਬਹੁਤ ਪ੍ਰੇਮ ਸੀ। ਉਹਨਾਂ ਦੇ ਹੁੰਦਿਆਂ ਸ੍ਰੀ ਭੈਣੀ ਸਾਹਿਬ ਵਿਚ ਆਪ ਦਾ ਟਿਕਾਣਾ ਵੀ ਪੰਡਿਤ ਜੀ ਦੀ ਕੁਟੀਆ ਹੁੰਦੀ ਸੀ ਜਿੱਥੇ ਪੰਡਿਤ ਜੀ ਦੇ ਸਮੇਂ ਵਿਚ, ਉਹਨਾਂ ਦੇ ਪਾਸ ਟਿਕਣ ਦਾ ਸੁਭਾਗ, ਵਿਰਲੇ ਸਾਧੂਆਂ ਦੇ ਹਿੱਸੇ ਹੀ ਆਉਂਦਾ ਸੀ। ਆਪ ਜੀ ਦੀਆਂ ਪੰਥਕ ਸੇਵਾਵਾਂ ਨੂੰ ਮਾਣ ਬਖ਼ਸ਼ਦਿਆਂ, "ਪੰਡਿਤ ਗੋਪਾਲ ਸਿੰਘ ਯਾਦਗਾਰੀ ਸਨਮਾਨ, ਅੱਸੂ ਦਾ ਮੇਲਾ-2019 ਈ:" ਨਾਲ ਆਪ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ-ਕਮਲਾਂ ਨਾਲ ਨਿਵਾਜੇ ਗਏ ਹਨ।

ਸ੍ਰ. ਬਲੀ ਸਿੰਘ ਗੁਰਾਇਆ ਸ਼ਰਧਾਵਾਨ ਗੁਰਸਿੱਖ, ਰਸਿਕ ਕੀਰਤਨੀਏ, ਸਮਾਜਿਕ ਸਰੋਕਾਰਾਂ ਪ੍ਰਤੀ ਪ੍ਰਤੀਬੱਧ ਜਾਗਰੂਕ ਵਿਅਕਤੀ ਅਤੇ ਸੁਲਝੇ ਹੋਏ ਪੰਚਾਇਤੀ ਮਨੁੱਖ ਹਨ। ਉਹ ਵਡੇਰੀ ਉਮਰ ਦੀ ਪ੍ਰਵਾਹ ਨਾ ਕਰਦਿਆਂ ਵੀ ਲੋਕ ਕਲਿਆਣ ਅਤੇ ਪਰਉਪਕਾਰ ਦੀ ਭਾਵਨਾ ਨਾਲ ਕਾਰਜਸ਼ੀਲ ਰਹਿਣ ਵਿਚ, ਪ੍ਰਸੰਨਤਾ ਅਨੁਭਵ ਕਰਦੇ ਹਨ। ਮੈਂ ਵੀ ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਲੋਕ-ਪੰਚਾਇਤ ਦੇ ਮੰਚ ਤੋਂ ਉਹਨਾਂ ਦੀ ਨਿਕਟਤਾ ਦਾ ਆਨੰਦ ਮਾਣ ਰਿਹਾ ਹਾਂ।

ਕਵਿਤਾ

ਇੱਕ ਪਿਆਲਾ ਪਾਣੀ

- ਸ. ਚਰਨ ਸਿੰਘ ਸ਼ਹੀਦ

ਅਕਬਰ ਨੂੰ ਦਰਬਾਰ ਬੈਠਿਆਂ,
ਤ੍ਰੇਹ ਨੇ ਬਹੁਤ ਸਤਾਇਆ।
ਸੈਨਤ ਹੁੰਦਿਆਂ ਨਫ਼ਰ ਪਿਆਲਾ,
ਜਲ ਠੰਡੇ ਦਾ ਲਿਆਇਆ।
ਪਕੜ ਪਿਆਲਾ ਬਾਦਸ਼ਾਹ ਨੇ,
ਮੂੰਹ ਨੂੰ ਚਾਹਿਆ ਲਾਣਾ।
ਪਾਸੋਂ ਬੋਲ ਬੀਰਬਲ ਉਠਿਆ:
"ਜਰਾ ਹੱਥ ਅਟਕਾਣਾ।
ਪਹਿਲੋਂ ਦੱਸੋ ਆਪ ਇਕ ਗੱਲ-
ਜੇ ਪਾਣੀ ਮੁੱਕ ਜਾਵੇ।
ਸੈ ਕੋਹਾਂ ਤਕ ਜਤਨ ਕੀਤਿਆਂ,
ਇਕ ਬੂੰਦ ਨਾ ਥਿਆਵੇ।
ਅਤੀ ਪਿਆਸ ਲੱਗੀ ਹੋਏ ਤੁਹਾਨੂੰ,
ਜਲ ਬਿਨ ਮਰਦੇ ਜਾਵੋ,
ਮੱਛੀ ਵਾਂਗ ਆਬ ਬਿਨ ਤੜਫੋ,
ਉਲਟ ਬਾਜ਼ੀਆਂ ਖਾਵੋ।
ਸੱਚ ਦੱਸੋ ਜੇ ਉਸ ਵੇਲੇ ਕੋਈ,
ਇਕ ਜਲ ਪਿਆਲਾ ਲਿਆਵੇ,
ਕੀ ਕੁਝ ਦਿਉ ਹਜ਼ੂਰ ਉਸਨੂੰ,
ਕੀ ਕੀਮਤ ਉਹ ਪਾਵੇ?"
ਹੱਸ ਕੇ ਅਕਬਰ ਕਹਿਣ ਲੱਗਾ:
"ਜੇ ਐਸੀ ਦਸ਼ਾ ਵਿਆਪੇ।
ਅੱਧਾ ਰਾਜ ਦਿਆਂ ਮੁੱਲ ਇਸਦਾ,
ਖ਼ੁਸ਼ੀ ਨਾਲ ਮੈਂ ਆਪੇ।"
ਇਹ ਕਹਿ ਕੇ ਉਹ ਜਲ ਦਾ ਪਿਆਲਾ,
ਗਟ ਗਟ ਸ਼ਾਹ ਚੜ੍ਹਾਇਆ।
ਫੇਰ ਬੀਰਬਲ ਨੇ ਸ਼ਾਹ ਅੱਗੇ,
ਸਵਾਲ ਦੂਸਰਾ ਪਾਇਆ-
"ਦੱਸੋ ਭਲਾ, ਜੇ ਇਹ ਪਾਣੀ ਹੁਣ
ਦੇਹ ਅੰਦਰ ਰੁਕ ਜਾਵੇ।
ਰੁਕ ਜਾਵੇ ਪੇਸ਼ਾਬ ਆਪ ਦਾ
ਜਾਨ ਪਿਆ ਤੜਫਾਵੇ।
ਬਚਣ ਲਈ ਉਸ ਕਸ਼ਟੋਂ ਕਿੰਨੇ
ਪੀਰ ਪੈਗੰਬਰ ਸੇਵੋ।
ਅੱਧਾ ਰਾਜ ਮੰਗੇ ਜੇ ਕੋਈ
ਦੇਵੋ ਯਾ ਨਾ ਦੇਵੋ?"
ਚਾਕ੍ਰਿਤ ਹੋ ਕੇ ਸ਼ਾਹ ਬੋਲਿਆ:
"ਜ਼ਰਾ ਢਿੱਲ ਨਾ ਲਾਵਾਂ
ਬੇਸ਼ਕ ਅੱਧਾ ਰਾਜ ਭਾਗ ਮੈਂ
ਫੌਰਨ ਭੇਟ ਕਰਾਵਾਂ।"
ਹੱਸ ਕੇ ਆਖੇ ਬੀਰਬਲ ਫਿਰ:
"ਇਸ ਤੋਂ ਸਾਬਤ ਹੋਇਆ,
ਇੱਕ ਪਿਆਲੇ ਜਲ ਦਾ ਮੁੱਲ ਹੈ
ਰਾਜ ਤੁਹਾਡਾ ਗੋਇਆ।
ਜੋ ਅਣਮਿਣਿਆ-ਤੁਲਿਆ ਇਹ ਜਲ
ਸਭ ਨੂੰ ਮੁਫਤ ਪੁਚਾਵੇ।
ਉਸ ਰੱਬ 'ਸੁਥਰੇ' ਦੀ ਬਖਸ਼ਸ਼ ਦਾ
ਬੰਦਾ ਕੀ ਮੁੱਲ ਪਾਵੇ?"

Sri Satguru Jagjit Singh Ji Elibrary NamdhariElibrary@gmail.com

ਮੇਰੀ ਸ੍ਰੀ ਪਟਨਾ ਸਾਹਿਬ ਅਤੇ ਬੋਧਗਯਾ ਦੀ ਇਤਿਹਾਸਕ ਯਾਤਰਾ

- ਡਾ. ਨਿਧੀ ਜੈਨ



ਪਰਮਾਤਮਾ ਦੇ ਰੰਗ ਤੇ ਮਾਇਆ ਬੜੀ ਨਿਰਾਲੀ ਹੈ। ਕਈ ਵਾਰੀ ਜਦੋਂ ਅਸੀਂ ਸਪਨਿਆਂ ਵਿਚ ਵੀ ਜੋ ਨਹੀਂ ਸੋਚਿਆ ਹੁੰਦਾ, ਉਹ ਅਸਲ ਜਿੰਦਗੀ ਵਿੱਚ ਮਿਲ ਜਾਵੇ ਤਾਂ ਸਾਡਾ ਸਿਰ ਆਪਣੇ ਆਪ ਹੀ ਉਸ ਰੂਹਾਨੀ ਸ਼ਕਤੀ ਅੱਗੇ ਨਤਮਸਤਕ ਹੋ ਜਾਂਦਾ ਹੈ।

ਮੈਨੂੰ ਆਪਣੀਆਂ ਸਹੇਲੀਆਂ ਨਾਲ ਬਿਹਾਰ ਸੂਬੇ ਵਿੱਚ ਸਥਿਤ ਸ੍ਰੀ ਪਟਨਾ ਸਾਹਿਬ ਅਤੇ ਬੋਧਗਯਾ ਜਾਣ ਦਾ ਸ਼ੁਭ ਅਵਸਰ ਮਿਲਿਆ।

ਸ੍ਰੀ ਪਟਨਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਸਥਾਨ ਹੈ, ਜਿੱਥੇ ਉਨ੍ਹਾਂ ਨੇ ਬਾਲ ਰੂਪ ਵਿੱਚ ਸੰਗਤਾਂ ਨੂੰ ਆਪਣੇ ਨੂਰਾਨੀ ਦਰਸ਼ਨ ਦੇ ਕੇ ਨਿਹਾਲ ਕੀਤਾ। ਸਾਰਾ ਪ੍ਰੋਗਰਾਮ ਏਨੀ ਛੇਤੀ ਬਣ ਗਿਆ ਕਿ ਹਾਂ ਜਾਂ ਨਾਂ ਦੀ ਕੋਈ ਗੁੰਜਾਇਸ਼ ਨਹੀਂ ਸੀ। ਦੂਰ ਦਾ ਸਫਰ ਹੋਣ ਕਰਕੇ ਮਨ ਵਿਚ ਕਸ਼ਮਕਸ਼ ਸੀ, ਪਰ ਇਕ ਅਨਜਾਣ ਖਿੱਚ ਨੇ ਮੈਨੂੰ ਸ੍ਰੀ ਪਟਨਾ ਸਾਹਿਬ ਅਤੇ ਬੋਧਗਯਾ ਪਹੁੰਚਾ ਦਿੱਤਾ।

ਅਸੀਂ ਤਿੰਨੋਂ ਜਣੀਆਂ 30 ਮਾਰਚ 2019 ਦੀ ਸਵੇਰ ਨੂੰ ਕਾਰ ਰਾਹੀਂ ਲੁਧਿਆਣਾ ਤੋਂ ਨਵੀਂ ਦਿੱਲੀ ਹਵਾਈ ਅੱਡੇ ਵਾਸਤੇ ਰਵਾਨਾ ਹੋਈਆਂ। ਸ਼ਾਮ ਨੂੰ ਹਵਾਈ ਉਡਾਨ ਰਾਹੀਂ ਅਸੀਂ ੬ ਵਜੇ ਸ੍ਰੀ ਪਟਨਾ ਸਾਹਿਬ ਪਹੁੰਚ ਗਏ। ਸ੍ਰੀ ਪਟਨਾ ਸਾਹਿਬ ਪਹੁੰਚਦਿਆਂ ਹੀ ਇਕ ਭਲੇ ਮਾਨਸ ਨੇ ਸਾਨੂੰ ਪੂਰੇ ਮਾਨ ਅਤੇ ਹਿਫਾਜ਼ਤ ਨਾਲ ਸਾਡੇ ਹੋਟਲ ਪਹੁੰਚਾ ਦਿੱਤਾ। ਰਸਤੇ ਵਿਚ ਉਸਨੇ ਸਾਨੂੰ ਸ੍ਰੀ ਪਟਨਾ ਸਾਹਿਬ ਦੇ ਇਤਿਹਾਸ ਅਤੇ ਉੱਥੋਂ ਦੇ ਸਭਿਆਚਾਰ ਤੋਂ ਜਾਣੂ ਕਰਵਾਇਆ। ਉਸ ਵਕਤ ਵੋਟਾਂ ਦਾ ਮਾਹੌਲ ਗਰਮਾਇਆ ਹੋਇਆ ਸੀ। ਹਰ ਪਾਸੇ ਕਿਸ ਪਾਰਟੀ ਦੀ ਸਰਕਾਰ ਆਵੇਗੀ ਅਤੇ ਲੋਕਾਂ ਦੀਆਂ ਸਰਕਾਰ ਤੋਂ ਕੀ ਉਮੀਦਾਂ ਹਨ, ਇਹੀ ਚਰਚਾ ਦਾ ਵਿਸ਼ਾ ਸੀ। ਉਸ ਅੱਧੇ ਘੰਟੇ ਦੇ ਸਫਰ ਵਿੱਚ ਉਸ ਨੇ ਬਿਹਾਰ ਦੇ ਵੱਖ-ਵੱਖ ਪਹਿਲੂਆਂ ਤੇ ਰੋਸ਼ਨੀ ਪਾਈ। ਰਸਤੇ ਵਿਚ ਅਸੀਂ ਕਈ ਵੱਡੇ-ਵੱਡੇ ਮਾੱਲ, ਪੀ.ਵੀ.ਆਰ., ਸਰਕਾਰੀ ਕਾਲਜ, ਮੈਡੀਕਲ ਕਾਲਜ ਅਤੇ ਸਰਕਾਰੀ ਇਮਾਰਤਾਂ ਵੇਖੀਆਂ ਜੋ ਬਦਲਦੇ ਹੋਏ ਬਿਹਾਰ ਤੇ ਪਟਨਾ ਸਾਹਿਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇੰਜ ਜਾਪ ਰਿਹਾ ਸੀ, ਜਿਵੇਂ ਹੁਣ ਬਿਹਾਰ ਆਪਣੀ ਪੁਰਾਣੀ ਵਿਰਾਸਤ, ਤਰੱਕੀ ਤੇ ਗੌਰਵ ਵਲ ਨੂੰ ਤੁਰ ਪਿਆ ਹੈ, ਜਦੋਂ ਉਹ ਭਾਰਤ ਦਾ ਗਿਆਨ ਅਤੇ ਵਪਾਰ ਦਾ ਮੁੱਖ ਕੇਂਦਰ ਹੁੰਦਾ ਸੀ।

ਰਸਤੇ ਵਿੱਚ ਅਸੀਂ ਕਈ ਇਤਿਹਾਸਕ ਸਥਾਨ ਵੀ ਦੇਖੇ। ਜਿਵੇਂ:-

ਗੋਲਘਰ:- ਇਹ ਪਟਨਾ ਸਾਹਿਬ ਦੀ ਇੱਕ ਖਾਸ ਪਹਿਚਾਣ ਹੈ। ਇਸ ਨੂੰ ਸੰਨ 1784 ਈ. ਵਿਚ ਵਾਰੇਨ ਹੇਸਟਿੰਗ (ਡ.ਗਗਕਓ .ਤਵਜਅਪ) ਨੇ ਬਨਵਾਉਣ ਦਾ ਹੁਕਮ ਦਿੱਤਾ ਸੀ ਜਿਸ ਨੂੰ ਈਸਟ ਇੰਡੀਆ ਕੰਪਨੀ ਦੇ ਇੰਜ਼ੀਨੀਅਰ ਕੈਪਟਨ ਜੋਨ ਗੈਰਸਟਿੰਗ (Captain John Garsting) ਨੇ ਡਿਜ਼ਾਈਨ ਕੀਤਾ ਸੀ। ਇਸਨੂੰ 20 ਜੁਲਾਈ 1786 ਈ. ਨੂੰ ਪੂਰਾ ਕੀਤਾ ਗਿਆ। ਅਨਾਜ ਨੂੰ ਹੜ੍ਹਾਂ ਤੋਂ ਬਚਾਉਣਾ ਅਤੇ ਅਕਾਲ ਪੈਣ ਵੇਲੇ ਇਕੱਠਾ ਕੀਤਾ ਅਨਾਜ ਵਰਤਣਾ ਹੀ ਉਸਨੂੰ ਬਨਾਉਣ ਦਾ ਮੁਖ ਉਦੇਸ਼ ਸੀ। 1770 ਈ. ਵਿਚ ਆਏ ਮਹਾ ਅਕਾਲ ਵਿਚ ਲਗਭਗ ਇਕ ਕਰੋੜ ਲੋਕ ਇਸ ਦਾ ਸ਼ਿਕਾਰ ਹੋਏ ਸਨ।

ਇਹ ਗੋਲਘਰ ਕਲਾਕਾਰੀ ਤੇ ਭਵਨ ਨਿਰਮਾਣ ਕਲਾ ਦੀ ਅਨੋਖੀ ਮਿਸਾਲ ਹੈ। ਇਹ ਸਤੂਪ ਦੀ ਤਰ੍ਹਾਂ ਬਿਨਾਂ ਕਿਸੇ ਖੰਭੇ ਦੇ ਟਿਕਿਆ ਹੋਇਆ ਹੈ, ਜੋ ਕਿ ਲਗਭਗ 29 ਮੀਟਰ ਉੱਚਾ ਹੈ ਅਤੇ ਇਸਦਾ ਵਿਆਸ 125 ਮੀਟਰ ਹੈ। ਗੋਲਘਰ ਦੇ ਉੱਪਰ ਜਾਣ ਲਈ 145 ਚੱਕਰਦਾਰ ਪੌੜੀਆਂ ਹਨ। ਇੱਥੇ 14,000 ਟਨ ਅਨਾਜ ਰੱਖਿਆ ਜਾ ਸਕਦਾ ਹੈ।

ਆਪਣੇ ਜਰੂਰੀ ਕੰਮ ਕਰਕੇ ਅਗਲੇ ਦਿਨ 31 ਮਾਰਚ ਨੂੰ ਅਸੀਂ ਅੰਮ੍ਰਿਤ ਵੇਲੇ ਸਤਿਗੁਰੂ ਜੀ ਦੀ ਜਨਮ ਭੂਮੀ ਦੇ ਦਰਸ਼ਨਾਂ ਦੀ ਤਾਂਘ ਲੈ ਕੇ ਤਖਤ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ।

ਟਿਮਟਿਮਾਂਉਂਦੇ ਤਾਰਿਆਂ ਦੀ ਲੋਅ ਵਿਚ ਹਰਿਮੰਦਰ ਸਾਹਿਬ ਦੇ ਪ੍ਰਕਾਸ਼ ਦਾ ਨਜ਼ਾਰਾ ਵੇਖਦੇ ਹੀ ਬਣ ਰਿਹਾ ਸੀ। ਉੱਥੋਂ ਦਾ ਸ਼ਾਂਤ ਮਾਹੌਲ ਅਤੇ ਆਸਾ ਦੀ ਵਾਰ ਦਾ ਕੀਰਤਨ ਸਰੀਰ ਨੂੰ ਨਵੀਂ ਸ਼ਕਤੀ ਅਤੇ ਰੂਹ ਨੂੰ ਸ਼ਾਂਤੀ ਦੇਣ ਵਾਲਾ ਸੀ। ਇੱਥੇ 22 ਦਸੰਬਰ 1666 ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ ਸੀ। ਇਹ ਸਥਾਨ ਪਹਿਲਾਂ ਸਾਲਸ ਰਾਏ ਜੀ ਦਾ ਘਰ ਸੀ। ਇਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਆਪਣਾ ਘਰ ਧਰਮਸ਼ਾਲਾ ਵਿਚ ਤਬਦੀਲ ਕਰ ਦਿੱਤਾ ਸੀ ਤੇ ਪੂਰਾ ਜੀਵਨ ਗੁਰੂ ਸੇਵਾ ਵਿਚ ਲਗਾ ਦਿੱਤਾ। ਜਦੋਂ ਗੁਰੂ ਤੇਗ ਬਹਾਦਰ ਜੀ ਪਟਨਾ ਆਏ ਤੇ ਉਨ੍ਹਾਂ ਨੂੰ ਇੱਥੇ ਠਹਿਰਣ ਦੀ ਬੇਨਤੀ ਕੀਤੀ। ਗੁਰੂ ਤੇਗ ਬਹਾਦਰ ਜੀ ਨੇ ਬੇਨਤੀ ਸਵੀਕਾਰ ਕਰਕੇ ਉਨ੍ਹਾਂ ਨੂੰ ਧੰਨ ਧੰਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਛੇ ਸਾਲ ਪਟਨਾ ਸਾਹਿਬ ਵਿਚ ਬਾਲ ਰੂਪ ਵਿਚ ਬਿਤਾਏ, ਜਿਸਦਾ ਵਰਨਣ ਸਾਨੂੰ ਗੁਰੂ ਜੀ ਦੀ ਬਾਣੀ 'ਬਚਿੱਤਰ ਨਾਟਕ' ਵਿਚ ਮਿਲਦਾ ਹੈ। ਇਸ ਗੁਰਦੁਆਰੇ ਵਿਚ ਜਿਸ ਡਿਊੜੀ ਨੂੰ ਲੰਘ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਦਰ ਆਏ ਸਨ, ਉਸੇ ਤਰ੍ਹਾਂ ਹੀ ਹੈ। ਅਸੀਂ ਇਸ ਗੁਰਦੁਆਰੇ ਵਿੱਚ ਗੁਰੂ ਜੀ ਦੇ ਪੰਘੂੜਾ ਸਾਹਿਬ, ਸ਼ਸਤਰ, ਖੜਾਵਾਂ, ਗੁਲੇਲਾਂ, ਚੰਦਨ ਦਾ ਕੰਘਾ ਤੇ ਕਈ ਹੋਰ ਇਤਿਹਾਸਿਕ ਵਸਤਾਂ ਦੇ ਦਰਸ਼ਨ ਕੀਤੇ। ਇਸ ਗੁਰਦੁਆਰੇ ਨੂੰ ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਜੀ ਦੁਆਰਾ ਬਣਵਾਇਆ ਗਿਆ ਸੀ।

ਗੁਰਦੁਆਰਾ ਕੰਗਨਘਾਟ:- ਇਸ ਤੋਂ ਕੁਝ ਹੀ ਦੂਰੀ ਤੇ ਗੁਰਦੁਆਰਾ ਕੰਗਨਘਾਟ ਹੈ। ਇਹ ਗੁਰਦੁਆਰਾ ਗੰਗਾ ਦੇ ਕਿਨਾਰੇ ਹੈ। ਇਸ ਨਾਲ ਵੀ ਗੁਰੂ ਜੀ ਦੇ ਬਚਪਨ ਦੇ ਬੜੇ ਕਿੱਸੇ ਜੁੜੇ ਹੋਏ ਹਨ। ਇਹ ਉਹ ਜਗ੍ਹਾ ਹੈ ਜਿੱਥੇ ਪੰਡਤ ਸ਼ਿਵ ਦੱਤ ਜੀ ਭਗਵਾਨ ਰਾਮ ਜੀ ਦੀ ਪੂਜਾ ਕਰਦੇ ਸਨ ਅਤੇ ਉਨ੍ਹਾਂ ਨੂੰ ਭੋਗ ਲਗਾਉਂਦੇ ਸਨ। ਜਦੋਂ ਵੀ ਉਹ ਰਾਮ ਜੀ ਨੂੰ ਭੋਗ ਲਗਾਉਂਦੇ, ਗੁਰੂ ਜੀ ਉਸ ਭੋਗ ਨੂੰ ਖਾ ਜਾਂਦੇ। ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ। ਇਕ ਦਿਨ ਪੰਡਤ ਸ਼ਿਵ ਦੱਤ ਜੀ ਨੇ ਤੰਗ ਆ ਕੇ ਮਾਤਾ ਗੁਜਰੀ ਜੀ ਨੂੰ ਉਨ੍ਹਾਂ ਦੀ ਸ਼ਿਕਾਇਤ ਕਰ ਦਿੱਤੀ। ਉਸ ਵਕਤ ਗੁਰੂ ਜੀ ਨੇ ਪੰਡਤ ਜੀ ਨੂੰ ਰਾਮ ਰੂਪ ਵਿਚ ਦਰਸ਼ਨ ਦੇ ਕੇ ਨਿਹਾਲ ਕੀਤਾ ਤੇ ਉਦੋਂ ਤੋਂ ਉਹ ਬਾਲਾ ਪ੍ਰੀਤਮ ਦੇ ਨਾਂ ਤੋਂ ਮਸ਼ਹੂਰ ਹੋ ਗਏ। ਇਸੇ ਥਾਂ ਤੇ ਗੁਰੂ ਜੀ ਨੇ ਆਪਣਾ ਹੀਰਿਆਂ ਨਾਲ ਜੜਿਆ ਸੋਨੇ ਦਾ ਕੰਗਨ (ਜੋ ਅਸਾਮ ਦੇ ਰਾਜੇ ਨੇ ਭੇਂਟ ਕੀਤਾ ਸੀ), ਗੰਗਾ ਨਦੀ ਵਿੱਚ ਸੁੱਟ ਦਿੱਤਾ ਤੇ ਜਦੋਂ ਮਾਤਾ ਜੀ ਨੇ ਪੁੱਛਿਆ ਤੇ ਦੂਜਾ ਕੜਾ ਵੀ ਸੁੱਟ ਦਿੱਤਾ। ਇਸ ਕਿੱਸੇ ਤੋਂ ਗੁਰੂ ਜੀ ਇਹ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਦੁਨਿਆਵੀ ਚੀਜਾਂ ਦਾ ਕੋਈ ਮੁੱਲ ਨਹੀਂ ਹੈ। ਇਹ ਸਭ ਮੋਹ ਮਾਇਆ ਹੈ। ਪਰਮਾਤਮਾ ਨੂੰ ਪ੍ਰੇਮ ਭਾਵ ਨਾਲ ਹੀ ਪਾਇਆ ਜਾ ਸਕਦਾ ਹੈ।

ਗੁਰਦੁਆਰਾ ਗਊ ਘਾਟ ਸਾਹਿਬ:- ਇਸ ਤੋਂ ਬਾਅਦ ਅਸੀਂ ਗੁਰਦੁਆਰਾ ਗਊ ਘਾਟ ਸਾਹਿਬ ਦੇ ਦਰਸ਼ਨ ਕੀਤੇ। ਇਹ ਉਹ ਅਸਥਾਨ ਹੈ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਗਮਨ ਹੋਇਆ ਸੀ। ਇਸ ਥਾਂ ਤੇ ਭਾਈ ਜੈਤਾ ਜੀ ਨਿਵਾਸ ਕਰਦੇ ਸਨ। ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਕਰਕੇ ਵਾਪਸ ਆਏ ਤਾਂ ਭਾਈ ਜੈਤਾ ਜੀ ਨੇ ਉਹਨਾਂ ਤੋਂ ਆਪਣੀ ਮੁਕਤੀ ਦੀ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਬਿਰਧ ਅਵਸਥਾ ਵਿਚ ਉਹ ਹੁਣ ਗੰਗਾ ਇਸ਼ਨਾਨ ਨਹੀਂ ਕਰਨ ਜਾ ਸਕਦੇ। ਇਸ ਤੇ ਗੁਰੂ ਜੀ ਨੇ ਅਸੀਸ ਦਿੱਤੀ ਕਿ ਗੰਗਾ ਜੀ ਨਿਤ ਗਊ ਰੂਪ ਵਿੱਚ ਆ ਕੇ ਆਪਣੇ ਮੁੱਖ ਨਾਲ ਗੰਗਾ ਜਲ ਪਾ ਕੇ ਤੁਹਾਨੂੰ ਇਸ਼ਨਾਨ ਕਰਾਏਗੀ। ਇਹ ਸਿਲਸਿਲਾ ਇਸੇ ਤਰ੍ਹਾਂ ਕਈ ਸਾਲ ਚਲਦਾ ਰਿਹਾ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਸੰਗਤਾਂ ਨਾਲ ਸ੍ਰੀ ਪਟਨਾ ਸਾਹਿਬ ਆਏ, ਉਸ ਵਕਤ ਉਨ੍ਹਾਂ ਨੇ ਭਾਈ ਜੈਤਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਦਰਸ਼ਨ ਦੇ ਕੇ ਮੁਕਤੀ ਦਿੱਤੀ ਅਤੇ ਉਨ੍ਹਾਂ ਦੀ ਦੇਹ ਦਾ ਸਸਕਾਰ ਵੀ ਕੀਤਾ। ਇਸ ਗੁਰਦੁਆਰੇ ਵਿਚ ਮਾਤਾ ਗੁਜਰੀ ਜੀ ਦੀ ਚੱਕੀ ਮੌਜੂਦ ਹੈ। ਉਹ ਦਰਖਤ ਜਿਸ ਨਾਲ ਗੁਰੂ ਤੇਗ ਬਹਾਦਰ ਜੀ ਆਪਣਾ ਘੋੜਾ ਬੰਨਦੇ ਸੀ, ਲੱਕੜ ਦੇ ਉਹ ਖੰਭੇ, ਜੋ ਗੁਰੂ ਜੀ ਦੀ ਕਿਰਪਾ ਨਾਲ ਵੱਡੇ ਹੋ ਗਏ, ਵੀ ਅਸੀਂ ਦੇਖੇ।

ਗੁਰਦੁਆਰਾ ਸੁਨਿਆਰ ਟੋਲੀ:- ਸੁਨਿਆਰਿਆਂ ਦੀਆਂ ਦੁਕਾਨਾਂ ਇਸ ਜਗ੍ਹਾ ਦੀ ਸ਼ਾਨ ਹੁੰਦੀਆਂ ਸਨ। ਇਸ ਲਈ ਇਸ ਗੁਰਦੁਆਰੇ ਦਾ ਨਾਂ ਸੁਨਿਆਰ ਟੋਲੀ ਪਿਆ। ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਪਟਨਾ ਸਾਹਿਬ ਆਏ ਅਤੇ ਉਹ ਗੰਗਾ ਕਿਨਾਰੇ ਬੈਠੇ ਵਿਚਾਰ ਵਟਾਂਦਰਾ ਕਰ ਰਹੇ ਸਨ। ਭਾਈ ਮਰਦਾਨੇ ਨੇ ਗੁਰੂ ਜੀ ਨੂੰ ਪੁੱਛਿਆ ਕਿ ਤੁਸੀਂ ਸਭ ਨੂੰ ਭਗਤੀ ਤੇ ਮੁਕਤੀ ਦਾ ਉਪਦੇਸ਼ ਦੇਂਦੇ ਹੋ, ਫਿਰ ਵੀ ਮਨੁੱਖ ਲੜਾਈ ਝਗੜੇ ਅਤੇ ਦੁਨਿਆਵੀ ਚੀਜਾਂ ਵਿਚ ਉਲਝਿਆ ਹੋਇਆ ਹੈ। ਗੁਰੂ ਜੀ ਨੇ ਕਿਹਾ ਕਿ ਇੰਨ੍ਹਾਂ ਗੱਲਾਂ ਦਾ ਕੋਈ ਮੋਲ ਨਹੀਂ। ਹਰੇਕ ਮਨੁੱਖ ਆਪਣੀ ਸਮਝ ਅਨੁਸਾਰ ਹੀ ਕਿਸੇ ਵਸਤੂ ਦਾ ਮੁੱਲ ਲਗਾਉਂਦਾ ਹੈ। ਮਰਦਾਨੇ ਨੇ ਫਿਰ ਪੁੱਛਿਆ, "ਉਹ ਕਿਵੇਂ?" ਤਦ ਗੁਰੂ ਜੀ ਨੇ ਇੱਕ ਪੱਥਰ ਚੁੱਕ ਕੇ ਮਰਦਾਨੇ ਨੂੰ ਦਿੱਤਾ ਅਤੇ ਉਸਦਾ ਮੁੱਲ ਪਵਾਉਣ ਲਈ ਕਿਹਾ। ਜਦੋਂ ਮਰਦਾਨਾ ਉਸ ਪੱਥਰ ਨੂੰ ਲੈ ਕੇ ਸੁਨਿਆਰਿਆਂ ਦੇ ਬਾਜ਼ਾਰ ਸੁਨਿਆਰ ਟੋਲੀ ਪੁੱਜਿਆ ਤਾਂ ਕਿਸੇ ਨੇ ਉਸਦਾ ਸਹੀ ਮੁੱਲ ਨਹੀਂ ਪਾਇਆ। ਅੰਤ ਚ ਭਾਈ ਮਰਦਾਨਾ ਜੀ ਨਿਰਾਸ਼ ਹੋ ਗਏ। ਉਸ ਵੇਲੇ ਮੁਰਲੀਧਰ ਸੁਨਿਆਰ ਉਨ੍ਹਾਂ ਨੂੰ ਸਾਲਸ ਰਾਏ ਜੌਹਰੀ ਕੋਲ ਲੈ ਗਏ। ਸਾਲਸ ਰਾਏ ਜੌਹਰੀ ਨੇ ਭਾਈ ਮਰਦਾਨਾ ਜੀ ਦਾ ਬਹੁਤ

Sri Satguru Jagjit Singh Ji Elibrary NamdhariElibrary@gmail.com

ਮਾਨ ਸਨਮਾਨ ਕੀਤਾ ਅਤੇ 100 ਰੁਪਏ ਦਰਸ਼ਨ ਭੇਂਟ ਦਿੱਤੀ। ਇਸ ਵਾਕਿਆ ਤੋਂ ਬਾਅਦ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਸਾਰੀ ਸੰਗਤ ਨੂੰ ਇਕੋ ਜਿਹਾ ਉਪਦੇਸ਼ ਮਿਲਦਾ ਹੈ ਪਰ ਉਸ ਸੰਗਤ ਵਿਚੋਂ ਕੋਈ-ਕੋਈ ਹੀ ਉਸ ਦਾ ਅਰਥ ਪਛਾਣਦਾ ਹੈ ਤੇ ਆਪਣੀ ਜ਼ਿੰਦਗੀ ਵਿਚ ਉਸਨੂੰ ਧਾਰਨ ਕਰਦਾ ਹੈ। ਸਾਲਸ ਰਾਏ ਜੀ ਗੁਰੂ ਜੀ ਦੇ ਸੱਚੇ ਸੇਵਕ ਸਨ ਤੇ ਉਨ੍ਹਾਂ ਨੇ ਆਪਣਾ ਘਰ ਧਰਮਸ਼ਾਲਾ ਵਿਚ ਤਬਦੀਲ ਕਰ ਦਿੱਤਾ ਤੇ ਸਾਰਾ ਜੀਵਨ ਸੰਗਤ ਦੀ ਸੇਵਾ ਕੀਤੀ।

ਗੁਰਦੁਆਰਾ ਬਾਲ ਲੀਲਾ:- ਇਸ ਤੋਂ ਬਾਅਦ ਅਸੀਂ ਗੁਰਦੁਆਰਾ ਬਾਲ ਲੀਲਾ (ਮੈਨੀ ਸੰਗਤ) ਪਹੁੰਚੇ। ਇਹ ਗੁਰਦੁਆਰਾ ਤਖਤ ਸਾਹਿਬ ਤੋਂ 200 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਸ ਥਾਂ ਤੇ ਰਾਜਾ ਫਤਹਿ ਚੰਦ ਆਪਣੀ ਰਾਣੀ ਨਾਲ ਰਹਿੰਦਾ ਸੀ। ਉਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ ਸੀ। ਰਾਣੀ ਰੋਜ਼ ਮਨ ਵਿਚ ਅਰਦਾਸ ਕਰਦੀ ਸੀ ਕਿ ਬਾਲਾ ਪ੍ਰੀਤਮ ਉਸ ਦੇ ਘਰ ਆਉਣ ਤੇ ਉਸਨੂੰ ਦਰਸ਼ਨ ਦੇਣ। ਇਕ ਵਾਰੀ ਬਾਲ ਗੋਬਿੰਦ ਜੀ ਆਪਣੇ ਬਾਲ ਸਾਥੀਆਂ ਨਾਲ ਖੇਡਦੇ-ਖੇਡਦੇ ਉਨ੍ਹਾਂ ਦੇ ਮਹਿਲ ਵਿਚ ਦਾਖਿਲ ਹੋ ਗਏ ਅਤੇ ਰਾਣੀ ਦੀ ਗੋਦ ਵਿਚ ਜਾ ਕੇ ਬੈਠ ਗਏ। ਰਾਣੀ ਬਹੁਤ ਪ੍ਰਸੰਨ ਹੋਈ ਤੇ ਰਾਣੀ ਨੇ ਆਪ ਜੀ ਵਰਗੇ ਪੁੱਤਰ ਦੀ ਕਾਮਨਾ ਕੀਤੀ। ਤਦ ਗੁਰੂ ਜੀ ਨੇ ਕਿਹਾ ਕਿ ਮੇਰੇ ਵਰਗਾ ਤਾਂ ਮੈਂ ਹੀ ਹੋ ਸਕਦਾ ਹਾਂ। ਉਹਨਾਂ ਨੇ ਰਾਣੀ ਨੂੰ ਮਾਂ ਕਹਿ ਕੇ ਸੰਬੋਧਨ ਕੀਤਾ ਅਤੇ ਕਿਹਾ, "ਅੱਜ ਤੋਂ ਮੈਂ ਆਪ ਦਾ ਪੁੱਤਰ ਹਾਂ।" ਇਹ ਸੁਣ ਕੇ ਰਾਣੀ ਦੇ ਭਾਗ ਜਾਗ ਪਏ। ਉਸਨੇ ਘੁੱਟ ਕੇ ਬਾਲ ਗੁਰੂ ਜੀ ਨੂੰ ਆਪਣੀ ਹਿਕ ਨਾਲ ਲਾ ਲਿਆ। ਉਸਨੇ ਗੁਰੂ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਛੋਲੇ ਪੂਰੀਆਂ ਦਾ ਪ੍ਰਸ਼ਾਦ ਖਿਲਾਇਆ। ਇਸੇ ਕਰਕੇ ਇੱਥੇ ਛੋਲਿਆਂ ਦਾ ਪ੍ਰਸ਼ਾਦ ਵਰਤਾਇਆ ਜਾਂਦਾ ਹੈ ਅਤੇ ਸੰਗਤ ਲਈ 24 ਘੰਟੇ ਲੰਗਰ ਚਲਦਾ ਹੈ।

ਗੁਰੂ ਕਾ ਬਾਗ:- ਇਸ ਤੋਂ ਬਾਅਦ ਅਸੀਂ ਗੁਰੂ ਕਾ ਬਾਗ ਦੇ ਦਰਸ਼ਨ ਕਰਨ ਗਏ, ਜੋ ਕਿ ਤਖਤ ਸ੍ਰੀ ਹਰਿਮੰਦਰ ਸਾਹਿਬ ਤੋਂ ਲਗਭਗ 4 ਕਿਲੋਮੀਟਰ ਦੀ ਦੂਰੀ ਤੇ ਹੈ। ਇਹ ਸਥਾਨ ਨਵਾਬ ਰਹੀਮ ਬਖਸ਼ ਅਤੇ ਕਰੀਮ ਬਖਸ਼ ਦੋ ਭਰਾਵਾਂ ਦਾ ਸ਼ੀ। ਇਸ ਬਾਗ ਵਿਚ ਬਹੁਤ ਸਾਰੇ ਫੁੱਲ ਬੂਟੇ ਲੱਗੇ ਹੋਏ ਸਨ ਜੋ ਕਿ ਇਕ ਸਾਧੂ ਦੇ ਸ਼ਰਾਪ ਕਰਕੇ ਸੁੱਕ ਗਏ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਆਪਣੀ ਆਸਾਮ ਯਾਤਰਾ ਤੋਂ ਵਾਪਿਸ ਆ ਰਹੇ ਸਨ, ਉਨ੍ਹਾਂ ਨੇ ਇਸ ਬਾਗ ਵਿਚ ਡੇਰਾ ਲਾਇਆ ਤੇ ਇਹ ਬਾਗ ਮੁੜ ਹਰਾ ਭਰਾ ਹੋ ਗਿਆ। ਇਸ ਦੇ ਨਾਲ ਹੀ ਉਸ ਸਾਧ ਦੇ ਹੰਕਾਰ ਨੂੰ ਖਤਮ ਕਰਕੇ ਮੁਕਤੀ ਦਿੱਤੀ ਸੀ। ਇਸੇ ਥਾਂ ਤੇ ਗੁਰੂ ਜੀ ਤੇ ਬਾਲਾ ਪ੍ਰੀਤਮ ਦਾ ਪਹਿਲੀ ਵਾਰੀ ਮੇਲ ਹੋਇਆ ਸੀ। ਇਸ ਘਟਨਾ ਤੋਂ ਬਾਅਦ ਉਹਨਾਂ ਨਵਾਬਾਂ ਨੇ ਇਹ ਬਾਗ ਗੁਰੂ ਜੀ ਨੂੰ ਭੇਂਟ ਕਰ ਦਿੱਤਾ। ਉਦੋਂ ਤੋਂ ਹੀ ਇਸ ਦਾ ਨਾਂ 'ਗੁਰੂ ਕਾ ਬਾਗ' ਹੋ ਗਿਆ।

ਗੁਰਦੁਆਰਾ ਹਾਂਡੀ ਸਾਹਿਬ ਜੀ:- ਇਹ ਸਥਾਨ ਤਖਤ ਤੋਂ 20 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਜਿਸ ਵੇਲੇ 1671 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਮਾਤਾ ਗੁਜਰੀ ਤੇ ਸਾਰੇ ਪਰਵਾਰ ਸਮੇਤ ਅਨੰਦਪੁਰ ਲਈ ਤੁਰੇ ਤਾਂ ਸਭ ਤੋਂ ਪਹਿਲਾਂ ਦਾਨਾਪੁਰ ਵਿਖੇ ਇਕ ਬਿਰਧ ਮਾਤਾ ਜਸਨੀ ਦੇ ਘਰ ਰੁਕੇ। ਮਾਤਾ ਨੇ ਬੜੀ ਸ਼ਰਧਾ ਨਾਲ ਖਿਚੜੀ ਬਣਾ ਕੇ ਹਾਂਡੀ ਸਤਿਗੁਰੂ ਜੀ ਦੇ ਅੱਗੇ ਰੱਖ ਦਿੱਤੀ। ਗੁਰੂ ਜੀ ਨੇ ਖਿਚੜੀ ਨੂੰ ਭੋਗ ਲਗਾਇਆ ਤੇ ਸੰਗਤ ਨੂੰ ਵੀ ਛਕਾਈ। ਆਪ ਜੀ ਨੇ ਬਚਨ ਕੀਤਾ ਕਿ ਜਦ ਤਕ ਹਾਂਡੀ ਵਿੱਚ ਖਿਚੜੀ ਬਣ ਕੇ ਵਰਤਾਈ ਜਾਂਦੀ ਰਹੇਗੀ, ਤਦ ਤਕ ਮਾਤਾ ਨੂੰ ਗੁਰੂ ਜੀ ਦੇ ਦਰਸ਼ਨ ਹੁੰਦੇ ਰਹਿਣਗੇ। ਇਸ ਲਈ ਇਸ ਅਸਥਾਨ ਦਾ ਨਾਂ ਹਾਂਡੀ ਸਾਹਿਬ ਪੈ ਗਿਆ।

ਇਸ ਤੋਂ ਇਲਾਵਾ ਪਟਨਾ ਵਿੱਚ ਪਵਨ ਦੇਵੀ ਦਾ ਮੰਦਰ ਹੈ। ਇਹ ਮਾਤਾ ਦੇ 51 ਸ਼ਕਤੀ ਪੀਠਾਂ 'ਚੋਂ ਇੱਕ ਹੈ। ਮੰਨਿਆ ਜਾਂਦਾ ਹੈ ਕਿ ਇਹ ਉਹ ਥਾਂ ਹੈ ਜਿੱਥੇ ਸਤੀ ਦੇਵੀ ਦਾ ਸੱਜਾ ਪੱਟ ਡਿੱਗਿਆ ਸੀ। ਇੱਥੇ ਮਹਾਕਾਲੀ ਜੀ ਦਾ ਮੰਦਰ ਬਣਾਇਆ ਹੋਇਆ ਹੈ। ਮੰਦਰ ਵਿਚ ਮਹਾਕਾਲੀ, ਮਹਾਂਲੱਛਮੀ ਅਤੇ ਮਾਂ ਸਰਸਵਤੀ ਜੀ ਦੀਆਂ ਮੂਰਤੀਆਂ ਹਨ। ਦੂਰ-ਦੂਰ ਤੋਂ ਭਗਤਜਨ ਦਰਸ਼ਨ ਕਰਨ ਆਉਂਦੇ ਹਨ। ਹਿੰਦੂ ਪੌਰਾਣਿਕ ਕਥਾ ਅਨੁਸਾਰ ਪਟਨੇਸ਼ਵਰੀ ਮਾਤਾ ਹੀ ਪਟਨਾ ਨਗਰ ਦੇ ਸੰਸਥਾਪਕ ਪੁੱਤਰਕ ਦੀ ਰੱਖਿਆ ਕਰਦੀ ਹੈ।

ਇਸ ਤੋਂ ਇਲਾਵਾ ਤਾਰਾ ਮੰਡਲ, ਕਾਲੀ ਘਾਟ, ਗਾਂਧੀ ਸੇਤੂ, ਪਟਨਾ ਅਜਾਇਬ ਘਰ ਆਦਿ ਪਟਨਾ ਦੀ ਸ਼ਾਨ ਹਨ। ਪਟਨਾ ਬਿਹਾਰ ਨੇ ਕਈ ਸਾਮਰਾਜਾਂ ਨੂੰ ਬਣਦੇ ਤੇ ਢਹਿੰਦੇ ਵੇਖਿਆ ਹੈ। ਜਿਵੇਂ ਗੁਪਤਾ, ਮੌਰੀਆ, ਮਗਧ ਤੇ ਨੰਦਾ ਸਾਮਰਾਜ। ਪਟਨਾ ਦੇ ਨਾਲ ਹੀ ਨਾਲੰਦਾ ਰਾਜਗੀਰੀ ਦਾ ਗੌਰਵਪੂਰਨ ਇਤਿਹਾਸ ਜੁੜਿਆ ਹੋਇਆ ਹੈ। ਬਿਹਾਰ ਦਾ ਅਰਥ ਹੈ- 'ਵਿਹਾਰ'। ਬੋਧ ਧਰਮ ਦੀ ਸਥਾਪਨਾ, ਪ੍ਰਚਾਰ, ਜੈਨ ਧਰਮ ਦੇ 24 ਤੀਰਥੰਕਰਾਂ ਦਾ ਸਥਾਨ ਵੀ ਬਿਹਾਰ ਵਿਚ ਹੀ ਹੈ।

ਪਟਨਾ ਆਪਣੀ ਮਧੂਬਨੀ ਕਲਾ ਲਈ ਵੀ ਪ੍ਰਸਿੱਧ ਹੈ। ਇਸ ਕਲਾ ਰਾਹੀਂ ਕਾਗਜ, ਪੱਥਰ, ਦੀਵਾਰਾਂ, ਕਪੜੇ ਤੇ ਕੈਨਵਸ ਉੱਪਰ ਚੰਦ-ਸੂਰਜ, ਪੇੜ ਪੌਦਿਆਂ ਅਤੇ ਹਿੰਦੂ ਧਰਮ ਨਾਲ ਜੁੜੀਆਂ ਕਥਾਵਾਂ ਨੂੰ ਦਰਸ਼ਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕਲਮਕਾਰੀ, ਜਰੀ, ਰੌਕ ਪੇਂਟਿੰਗ, ਮੀਨਾਕਾਰੀ, ਮਿੱਟੀ ਦੇ ਭਾਂਡਿਆਂ ਦੀ ਕਲਾਕਾਰੀ ਅਤੇ ਲਕੜੀ ਦੇ ਸਮਾਨ ਲਈ ਵੀ ਮਸ਼ਹੂਰ ਹੈ। ਮਧੂਬਨੀ ਕਲਾਕਾਰੀ ਦੇ ਨਮੂਨੇ ਗ੍ਰੇਫਾਈਟ ਦੇ ਰੂਪ ਵਿਚ ਸ਼ਹਿਰ ਦੇ ਮੁੱਖ ਸਥਲਾਂ ਤੇ ਮਿਲਦੇ ਹਨ। ਲਿੱਟੀ, ਚੋਖਾ,

Sri Satguru Jagjit Singh Ji Elibrary NamdhariElibrary@gmail.com

ਲਾਈ, ਪਰਵਲ ਦੀ ਮਿਠਾਈ, ਤਿਲਕੁਟ, ਮਾਲ ਪੂੜਾ ਇਥੋਂ ਦੀਆਂ ਮਸ਼ਹੂਰ ਮਿਠਾਈਆਂ ਹਨ।

ਅਗਲੇ ਦਿਨ ਸਵੇਰੇ-ਸਵੇਰੇ ਅਸੀਂ ਬੋਧਗਯਾ ਲਈ ਰਵਾਨਾ ਹੋਏ ਜੋ ਕਿ ਪਟਨਾ ਸਾਹਿਬ ਤੋਂ ਲਗਭਗ 120 ਕਿਲੋਮੀਟਰ ਦੀ ਦੂਰੀ ਤੇ ਹੈ। ਪਟਨਾ ਤੇ ਬੋਧਗਯਾ ਦੇ ਰਸਤੇ ਵਿਚ ਉੱਥੋਂ ਦੇ ਖੇਤ, ਮਿੱਟੀ ਦੇ ਟਿੱਲੇ, ਕੱਚੇ ਘਰ ਤੇ ਛੋਟੇ-ਛੋਟੇ ਨਦੀ ਨਾਲੇ ਦੇਖੇ।

ਬੋਧਗਯਾ ਉਹ ਸਥਾਨ ਹੈ ਜਿੱਥੇ ਮਹਾਤਮਾ ਬੁੱਧ ਨੂੰ ਬੋਧੀ ਦਰਖਤ ਹੇਠ ਗਿਆਨ ਦੀ ਪ੍ਰਾਪਤੀ ਹੋਈ ਸੀ। ਇਸ ਗਿਆਨ ਪ੍ਰਾਪਤੀ ਤੋਂ ਬਾਅਦ ਹੀ ਬੁੱਧ ਧਰਮ ਦੀ ਸਥਾਪਨਾ ਹੋਈ। ਜਿਵੇਂ ਹਿੰਦੂ ਧਰਮ ਦੇ ਚਾਰ ਧਾਮ ਅਤੇ ਸਿੱਖਾਂ ਦੇ ਪੰਜ ਤਖਤਾਂ ਦੇ ਦਰਸ਼ਨਾਂ ਦਾ ਮਹੱਤਵ ਹੈ, ਉਸੇ ਤਰ੍ਹਾਂ ਬੁੱਧ ਧਰਮ 'ਚ ਬੋਧਗਯਾ, ਖੁਸ਼ੀਨਗਰ, ਲੁੰਬਨੀ ਤੇ ਸਾਰਨਾਥ ਦੇ ਦਰਸ਼ਨਾਂ ਦੀ ਮਹੱਤਤਾ ਹੈ। ਬੋਧਗਯਾ ਨੂੰ ਯੂਨੈਸਕੋ ਵਰਲਡ ਹੈਰੀਟੇਜ ਸਾਈਟ (ਓਅਕਤਵਰ ਕ੍ਰਰਗ:ਦ .ਕਗਜਵਪਕ ਛਜਵਕ) ਦੇ ਅੰਦਰ ਸੰਨ 2002 ਵਿਚ ਸ਼ਾਮਿਲ ਕੀਤਾ ਗਿਆ।

ਮਹਾਤਮਾ ਬੁੱਧ ਦਾ ਜਨਮ 563 ਬੀ.ਸੀ. ਵਿੱਚ ਨੇਪਾਲ ਦੇ ਲੁੰਬਨੀ ਸ਼ਹਿਰ ਵਿੱਚ ਵਿਸਾਖ ਦੀ ਪੁੰਨਿਆ ਨੂੰ ਹੋਇਆ। ਉਨ੍ਹਾਂ ਦੇ ਪਿਤਾ ਜੀ ਸ਼ਾਕਯਾ ਕੁਲ ਤੋਂ ਸੀ। ਉਨ੍ਹਾਂ ਦੀ ਮਾਤਾ ਜੀ ਮਾਇਆ ਦੇਵੀ ਜੀ ਸਨ। ਆਪ ਜੀ ਦੇ ਜਨਮ ਤੋਂ ਸੱਤ ਦਿਨ ਬਾਅਦ ਹੀ ਆਪ ਦੀ ਮਾਤਾ ਜੀ ਪਰਗਮਤੀ ਨੂੰ ਪ੍ਰਾਪਤ ਹੋ ਗਏ। ਆਪ ਦਾ ਪਾਲਣ ਪੋਸ਼ਣ ਉਹਨਾਂ ਦੀ ਛੋਟੀ ਭੈਣ ਮਹਾਪਜਾਪਤੀ ਨੇ ਕੀਤਾ। 29 ਸਾਲ ਦੀ ਉਮਰ ਵਿੱਚ ਗੌਤਮ ਬੁੱਧ ਨੇ ਆਪਣਾ ਘਰ ਤਿਆਗ ਦਿੱਤਾ ਤੇ ਪਰਮਾਤਮਾ ਅਤੇ ਸੱਚ ਦੀ ਖੋਜ ਵਿਚ ਜਗ੍ਹਾ-ਜਗ੍ਹਾ ਤਪ ਤੇ ਪਾਠ ਪੂਜਾ ਕੀਤੀ।

ਗਿਆਨ ਪ੍ਰਾਪਤੀ ਤੋਂ ਲਗਭਗ ਛੇ ਸਾਲ ਪਹਿਲਾਂ ਗੌਤਮ ਬੁੱਧ ਨੇ ਬਰੌਰ ਪਿੰਡ ਵਿਖੇ ਇਕ ਬੋਹੜ ਦੇ ਦਰਖਤ ਹੇਠ ਖਾਣਾ ਪੀਣਾ ਸਭ ਤਿਆਗ ਕੇ ਕਠਿਨ ਤਪ ਕੀਤਾ, ਜਿਸ ਨਾਲ ਉਹਨਾਂ ਦਾ ਸਰੀਰ ਸੁੱਕ ਕੇ ਅਸਥੀ ਪਿੰਜਰ ਬਣ ਗਿਆ। ਉਸ ਪਿੰਡ ਦੇ ਮੁਖੀਆ ਦੀ ਧੀ ਸੁਜਾਤਾ ਸੰਤਾਨ ਪ੍ਰਾਪਤੀ ਲਈ ਉਸ ਬੋਹੜ ਤੇ ਪੂਜਾ ਕਰਨ ਆਉਂਦੀ ਸੀ। ਔਲਾਦ ਦਾ ਸੁਖ ਪ੍ਰਾਪਤ ਹੋਣ ਮਗਰੋਂ ਸੁਜਾਤਾ ਗੌਤਮ ਬੁੱਧ ਨੂੰ ਬੋਹੜ ਦਾ ਦੇਵਤਾ ਸਮਝ ਕੇ ਸੋਨੇ ਦੇ ਕਟੋਰੇ ਵਿਚ ਖੀਰ ਦਾ ਭੋਗ ਲਗਾਉਣ ਲੱਗੀ ਤਾਂ ਉਨ੍ਹਾਂ ਨੇ ਆਖਿਆ ਕਿ ਮੈਂ ਦੇਵੀ ਦੇਵਤਾ ਨਹੀਂ, ਇਕ ਆਮ ਇਨਸਾਨ ਹਾਂ ਜੋ ਗਿਆਨ ਅਤੇ ਪਰਮਾਤਮਾ ਦੀ ਪ੍ਰਾਪਤੀ ਲਈ ਤਪ ਕਰ ਰਿਹਾ ਹਾਂ। ਤਦ ਸੁਜਾਤਾ ਨੇ ਉਹਨਾਂ ਨੂੰ ਭੋਗ ਲਗਾਉਣ ਲਈ ਬੇਨਤੀ ਕੀਤੀ ਤੇ ਕਿਹਾ ਕਿ ਤੁਹਾਡਾ ਸਰੀਰ ਇਸ ਵੇਲੇ ਕਮਜ਼ੋਰ ਹੋ ਰਿਹਾ ਹੈ। ਇਸ ਅਵਸਥਾ ਵਿਚ ਤੁਸੀਂ ਤਪ ਨਹੀਂ ਕਰ ਸਕਦੇ। ਸੁਜਾਤਾ ਨੇ ਕਿਹਾ-

"ਹੇ ਵੀਨਾ ਦੇ ਵਾਦਕ, ਵੀਨਾ ਦੇ ਤਾਰ ਨੂੰ ਐਨਾ ਨਾ ਕੱਸੋ ਕਿ ਤਾਰ ਟੁੱਟ ਜਾਵੇ ਤੇ ਐਨਾ ਢਿੱਲਾ ਵੀ ਨਾ ਛੱਡੋ ਕਿ ਉਸ ਵਿੱਚੋਂ ਆਵਾਜ਼ ਹੀ ਨਾ ਆਵੇ।" ਭਾਵ- ਆਪਣੇ ਸਰੀਰ ਨੂੰ ਨਾ ਤੇ ਹਠਯੋਗ ਨਾਲ ਸਖਤ ਕਰੋ ਅਤੇ ਨਾ ਹੀ ਇਨਾਂ ਸੁਖ ਵਿਚ ਪਾਉ ਕਿ ਉਹ ਆਪਣੇ ਵੱਸ ਵਿਚ ਨਾ ਰਹੇ। ਹਰ ਕਿਸੇ ਨੂੰ ਵਿਚ ਦਾ ਰਾਹ ਅਪਨਾਉਣਾ ਚਾਹੀਦਾ ਹੈ।

ਸੁਜਾਤਾ ਦੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਬੁੱਧ ਜੀ ਨੇ ਖੀਰ ਦਾ ਸੇਵਨ ਕੀਤਾ ਤੇ ਉਸ ਸੋਨੇ ਦੇ ਕਟੋਰੇ ਨੂੰ ਨਿਰੰਜਨਾ ਨਦੀ ਵਿਚ ਵਹਾ ਦਿੱਤਾ ਤੇ ਅਰਦਾਸ ਕੀਤੀ ਕਿ ਪਰਮਾਤਮਾ ਜੇ ਮੈਨੂੰ ਗਿਆਨ ਦੀ ਪ੍ਰਾਪਤੀ ਹੋਵੇਗੀ ਤਾਂ ਇਹ ਕਟੋਰਾ ਨਦੀ ਦੇ ਬਹਾਵ ਤੋਂ ਉਲਟੀ ਦਿਸ਼ਾ ਵਿੱਚ ਜਾਵੇ ਅਤੇ ਇਸੇ ਤਰ੍ਹਾਂ ਹੀ ਹੋਇਆ। ਸੁਜਾਤਾ ਜੀ ਦਾ ਵਰਨਣ ਬੁੱਧ ਧਰਮ ਵਿਚ ਹਰ ਕਹਾਣੀ ਤੇ ਲੇਖ ਵਿਚ ਆਉਂਦਾ ਹੈ ਕਿਉਂਕਿ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਹੀ ਗੌਤਮ ਬੁੱਧ ਨੇ ਮਿਡਲ ਪਾਥ (ਡਜਦਦ:ਕ੍ਵੀ) ਦੀ ਸਥਾਪਨਾ ਕੀਤੀ। ਇਸ ਸਥਾਨ ਤੋਂ ਦੋ ਕੁ ਕਿਲੋਮੀਟਰ ਦੀ ਦੂਰੀ ਤੇ ਉਹ ਜਗ੍ਹਾ ਹੈ ਜਿੱਥੇ ਪਿੱਪਲ ਦੇ ਦਰਖਤ ਹੇਠਾਂ ਗੌਤਮ ਬੁੱਧ ਨੇ 7 ਹਫ਼ਤੇ ਧਿਆਨ ਲਗਾਇਆ ਸੀ ਤੇ ਗਿਆਨ ਦੀ ਪ੍ਰਾਪਤੀ ਕੀਤੀ। ਉਸ ਤੋਂ ਬਾਅਦ ਉਸ ਦਰਖਤ ਦਾ ਨਾਂ ਬੋਧੀ ਦਰਖਤ ਪੈ ਗਿਆ। ਗਿਆਨ ਤੋਂ ਬਾਅਦ ਮਹਾਤਮਾ ਬੁੱਧ ਨੇ ਆਸਪਾਸ ਦੀ ਜਗ੍ਹਾ ਤੇ ਵਿਚਰਨਾ ਸ਼ੁਰੂ ਕਰ ਦਿੱਤਾ।

ਪਹਿਲਾ ਹਫਤਾ:- ਪਿੱਪਲ ਹੇਠਾਂ ਬਿਤਾਇਆ ਤੇ ਸ਼ਾਂਤੀ ਦਾ ਅਹਿਸਾਸ ਕੀਤਾ।

ਦੂਜਾ ਹਫਤਾ:- ਬੁੱਧ ਜੀ ਬਿਨਾਂ ਅੱਖਾਂ ਝਪਕਾਏ ਲਗਾਤਾਰ ਉਸ ਪੇੜ ਨੂੰ ਵੇਖਦੇ ਰਹੇ। ਉਸ ਪੇੜ ਦਾ ਧੰਨਵਾਦ ਕੀਤਾ ਜਿਸ ਨੇ ਉਹਨਾਂ ਨੂੰ ਠਹਿਰਨ ਦਾ ਸਥਾਨ ਦਿੱਤਾ।

ਤੀਜਾ ਹਫਤਾ:- ਇਸ ਹਫਤੇ ਦੌਰਾਨ ਬੁੱਧ ਨੇ ਪਿੱਪਲ ਦੇ ਦਰਖਤ ਦੇ ਆਲੇ ਦੁਆਲੇ ਚੱਕਰ ਲਗਾਏ ਤੇ ਜਿਸ ਜਗ੍ਹਾ ਤੇ ਉਹਨਾਂ ਦੇ ਚਰਨ ਪੈਂਦੇ ਉੱਥੇ ਕਮਲ ਦੇ ਫੁੱਲ ਖਿੜ ਪੈਂਦੇ।

ਚੌਥਾ ਹਫਤਾ:- ਉਹਨਾਂ ਨੇ ਚੌਥਾ ਹਫਤਾ ਰਤਨਾ ਨਗਰ ਵਿਚ ਬਿਤਾਇਆ। ਤਪ ਤੇ ਗਿਆਨ ਨਾਲ ਉਹਨਾਂ ਦੇ ਸਾਰੇ ਵਿਕਾਰ ਖਤਮ ਹੋ ਗਏ ਤੇ ਉਹਨਾਂ ਦਾ ਤਨ, ਮਨ ਤੇ ਆਤਮਾ ਇਨਾਂ ਸ਼ੁੱਧ ਹੋ ਗਿਆ ਕਿ ਉਹਨਾਂ ਵਿਚੋਂ ਗਿਆਨ ਦੀਆਂ ਛੇ ਕਿਰਨਾਂ ਦਾ ਪ੍ਰਕਾਸ਼ ਹੋਇਆ।

ਪੰਜਵਾਂ ਹਫਤਾ:- ਮਹਾਤਮਾ ਬੁੱਧ ਨੇ ਛੇਵੇਂ ਹਫਤੇ ਅਜਾਪਾਲਾ ਨਿਗੋਸ ਦਰਖਤ ਹੇਠਾਂ ਬੈਠ ਕੇ ਪੰਡਤਾਂ ਦੇ ਸਵਾਲਾਂ ਦੇ ਜਵਾਬ ਦਿੱਤੇ।

ਛੇਵਾਂ ਹਫਤਾ:- ਗੌਤਮ ਬੁੱਧ ਜੀ ਨੇ ਛੇਵਾਂ ਹਫਤਾ ਕਮਲ ਦੇ ਤਲਾਅ ਕੋਲ ਬਿਤਾਇਆ ਤੇ ਮੁਕਲੰਦਾ ਪੇੜ ਹੇਠ ਭਾਰੀ ਤਪ

Sri Satguru Jagjit Singh Ji Elibrary NamdhariElibrary@gmail.com

ਕੀਤਾ। ਉਸ ਵੇਲੇ ਸੱਪ ਨੇ ਉਹਨਾਂ ਦੀ ਬਾਰਿਸ਼ ਤੋਂ ਰੱਖਿਆ ਕੀਤੀ ਤੇ ਇਹ ਸੰਦੇਸ਼ ਦਿੱਤਾ ਕਿ ਜੋ ਸਬਰ ਸੰਤੋਖ ਰਖਦੇ ਨੇ ਉਹ ਹੀ ਸੱਚ ਨੂੰ ਜਾਣ ਪਾਉਂਦੇ ਹਨ।

ਸਤਵਾਂ ਹਫਤਾ:- ਆਪ ਜੀ ਨੇ ਰਾਜਯਾਤਨਾ ਪੇੜ ਹੇਠ ਬਿਤਾਇਆ। ਦੋ ਸੌਦਾਗਰਾਂ ਤਾਰਤੁਸਾ ਅਤੇ ਬ੍ਰਿਹਲਹੀਰਾ ਨੇ ਉਹਨਾਂ ਨੂੰ ਚੌਲ ਤੇ ਪੂੜੇ ਦਾ ਭੋਗ ਲਗਾ ਕੇ ਉਹਨਾਂ ਦਾ ਵਰਤ ਖੁਲਵਾਇਆ। ਉਹ ਹੀ ਉਨ੍ਹਾਂ ਦੇ ਪਹਿਲੇ ਸੇਵਾਦਾਰ ਤੇ ਸ਼ਾਗਿਰਦ ਬਣੇ। ਇਸ ਤੋਂ ਬਾਅਦ ਬਨਾਰਸ ਨੇੜੇ ਪਹਿਲਾ ਉਪਦੇਸ਼ ਦਿੱਤਾ। ਬੁੱਧ ਨੇ ਮਿਡਲ ਪਾਥ ਅਪਣਾਇਆ ਤੇ ਚਾਰ ਨੋਬਲ ਸੱਚ ਤੇ ਅੱਠ ਪਰਤੀ ਨੋਬਲ ਸੱਚ ਦਾ ਗਿਆਨ ਤੇ ਧਰਮ ਚੱਕਰ ਦੀ ਸਥਾਪਨਾ ਕੀਤੀ ਤੇ ਸਮਝਾਇਆ ਕਿ ਮਨੁੱਖ ਧਰਮ, ਜਾਤ-ਪਾਤ ਤੋਂ ਉੱਚਾ ਨਹੀਂ ਬਣਦਾ, ਆਪਣੇ ਕਰਮਾਂ ਤੋਂ ਬਣਦਾ ਹੈ। ਉਨ੍ਹਾਂ ਨੇ ਕਿਹਾ ਕਿ ਤ੍ਰਿਸ਼ਨਾ ਹੀ ਦੁੱਖਾਂ ਦਾ ਮੁੱਢਲਾ ਕਾਰਨ ਹੈ। ਪਰਮਾਤਮਾ ਨੂੰ ਹਠ ਯੋਗ ਨਹੀਂ, ਭਗਤੀ ਤੇ ਸੱਚੇ ਭਾਵ ਨਾਲ ਹੀ ਪਾਇਆ ਜਾ ਸਕਦਾ ਹੈ।

ਗਯਾ ਦੇ ਆਸਪਾਸ ਛੋਟੇ-ਛੋਟੇ ਪਹਾੜ ਹਨ। ਮੰਗਲਾ ਗੌਰੀ, ਰਾਮਸ਼ਿਲਾ, ਬ੍ਰਹਮਯੋਨੀ ਤੇ ਫਲਗੂ ਨਦੀ ਮੁੱਖ ਹਨ। ਗਯਾ ਦਾ ਉਲੇਖ ਰਾਮਾਇਣ ਤੇ ਮਹਾਭਾਰਤ ਦੋਵਾਂ ਵਿਚ ਮਿਲਦਾ ਹੈ। ਇਹ ਉਹ ਜਗ੍ਹਾ ਹੈ, ਜਿੱਥੇ ਰਾਮ ਜੀ ਤੇ ਸੀਤਾ ਮਾਤਾ ਲਛਮਣ ਜੀ ਨਾਲ ਪਿਤਾ ਦਸ਼ਰਥ ਦਾ ਪਿੰਡ ਦਾਨ ਕਰਨ ਆਏ ਸੀ। ਜਦੋਂ ਰਾਮ ਜੀ ਪਿੰਡ ਦਾਨ ਕਰਨ ਲਈ ਆਏ, ਉਸ ਵਕਤ ਉਹ ਜਰੂਰੀ ਸਮਾਨ ਲੈਣ ਲਈ ਚਲੇ ਗਏ ਤੇ ਪਿੱਛੋਂ ਪਿੰਡ ਦਾਨ ਦਾ ਸਮਾਂ ਨਿਕਲਦਾ ਜਾ ਰਿਹਾ ਸੀ। ਇਸ ਕਰਕੇ ਮਾਤਾ ਸੀਤਾ ਜੀ ਨੇ ਫਲਗੂ ਨਦੀ, ਗਊ, ਵਟ ਦੇ ਦਰਖਤ ਤੇ ਕੇਤਲੀ ਦੇ ਫੁੱਲਾਂ ਨੂੰ ਗਵਾਹ ਬਣਾ ਕੇ ਪਿੰਡ ਦਾਨ ਕਰ ਦਿੱਤਾ। ਰਾਮ ਜੀ ਦੇ ਪੁੱਛਣ ਤੇ ਫਲਗੂ ਨਦੀ, ਗਊ ਤੇ ਕੇਤਲੀ ਦੇ ਫੁੱਲਾਂ ਨੇ ਝੂਠ ਬੋਲ ਦਿੱਤਾ ਪਰ ਵਟ ਦੇ ਪੇੜ ਨੇ ਸਚ ਬੋਲਿਆ ਤੇ ਮਾਤਾ ਸੀਤਾ ਦੀ ਗਵਾਹੀ ਦਿੱਤੀ। ਝੂਠ ਬੋਲਣ ਕਾਰਨ ਫਲਗੂ ਨਦੀ ਨੂੰ ਹਮੇਸ਼ਾ ਸੁੱਕੀ ਰਹਿਣ ਦਾ, ਕੇਤਲੀ ਦੇ ਫੁੱਲਾਂ ਨੂੰ ਪਿਤਰ ਪੂਜਣ ਚ ਵਰਜਿਤ ਹੋਣ ਦਾ ਅਤੇ ਗਊ ਨੂੰ ਮੈਲਾ ਖਾਣ ਦਾ ਸ਼ਰਾਪ ਮਿਲਿਆ।

ਸਫਰ ਦੇ ਆਖਿਰੀ ਦਿਨ ਅਸੀਂ ਗਯਾ ਵਿਸ਼ਨੂੰਪਦ ਮੰਦਿਰ ਦੇ ਦਰਸ਼ਨ ਕੀਤੇ। ਪੁਰਾਨਾਂ ਮੁਤਾਬਿਕ ਗਯਾ ਦਾ ਨਾਂ ਇੱਕ ਅਸੁਰ ਦੇ ਨਾਂ ਤੋਂ ਪਿਆ ਹੈ। ਗਯਾ ਇੱਕ ਅਸੁਰ ਸੀ ਜੋ ਕਿ ਤਿਰਪੁਰਾ ਅਸੁਰ ਦਾ ਪੁੱਤਰ ਸੀ ਤੇ ਉਹ ਭਗਵਾਨ ਵਿਸ਼ਨੂੰ ਜੀ ਦਾ ਭਗਤ ਸੀ। ਉਸਨੇ ਤਪ ਕਰਕੇ ਵਰਦਾਨ ਪਾਇਆ ਕਿ ਉਸ ਨੂੰ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਤੋਂ ਬਿਨਾਂ ਕੋਈ ਨਾ ਮਾਰ ਸਕੇ। ਇਸ ਵਰਦਾਨ ਨੂੰ ਪਾ ਕੇ ਉਹ ਬਹੁਤ ਹੰਕਾਰੀ ਹੋ ਗਿਆ ਤੇ ਦੇਵਤਿਆਂ ਤੇ ਆਮ ਜਨਤਾ ਨੂੰ ਦੁਖੀ ਕਰਨ ਲਗ ਪਿਆ। ਦੇਵਤਿਆਂ ਨੇ ਵਿਸ਼ਨੂੰ ਭਗਵਾਨ ਨੂੰ ਉਸ ਤੋਂ ਮੁਕਤੀ ਪਾਉਣ ਦੀ ਬੇਨਤੀ ਕੀਤੀ। ਜਦੋਂ ਅਸੁਰ ਵਿਸ਼ਨੂੰ ਜੀ ਦੀ ਪੂਜਾ ਕਰ ਰਿਹਾ ਸੀ, ਉਸ ਵੇਲੇ ਵਿਸ਼ਨੂੰ ਜੀ ਨੇ ਉਸਨੂੰ ਦਰਸ਼ਨ ਦੇ ਕੇ ਆਪਣੀ ਇਕ ਮੰਗ ਪੂਰੀ ਕਰਨ ਲਈ ਕਿਹਾ, ਜਿਸਨੂੰ ਉਸ ਨੇ ਖੁਸ਼ੀ-ਖੁਸ਼ੀ ਸਵੀਕਾਰ ਕਰ ਲਿਆ। ਵਿਸ਼ਨੂੰ ਜੀ ਨੇ ਉਸਨੂੰ ਪੱਥਰ ਬਣ ਜਾਣ ਲਈ ਕਿਹਾ ਤਾਂ ਜੋ ਲੋਕ ਕਲਿਆਣ ਹੋਵੇ। ਅਸੁਰ ਇਕ ਪਹਾੜ ਵਿਚ ਤਬਦੀਲ ਹੋਣ ਲਗ ਗਿਆ, ਉਸਨੇ ਭਗਵਾਨ ਤੋਂ ਤਿੰਨ ਇੱਛਾਵਾਂ ਪੂਰੀਆਂ ਕਰਨ ਦਾ ਵਚਨ ਲਿਆ ਅਤੇ ਆਪ ਸਦਾ ਲਈ ਅਮਰ ਹੋ ਗਿਆ।

ਪਹਿਲੀ ਇੱਛਾ ਇਹ ਮੰਗੀ ਕਿ ਪ੍ਰਭੂ ਮੇਰੇ ਦਿਲ ਵਿਚ ਹਮੇਸ਼ਾ ਤੁਹਾਡੇ ਚਰਨਾਂ ਦਾ ਵਾਸ ਹੋਵੇ। ਉਸਦੀ ਇਹ ਇੱਛਾ ਪੂਰੀ ਕਰਨ ਲਈ ਪ੍ਰਭੂ ਨੇ ਆਪਣੇ ਦੋਨੋਂ ਚਰਨ ਉਸਦੀ ਛਾਤੀ ਤੇ ਰੱਖ ਦਿੱਤੇ ਤੇ ਉਹ ਪੱਥਰ ਰੂਪ ਬਣ ਗਿਆ। ਅਜ ਵੀ ਵਿਸ਼ਨੂੰਪਦ ਮੰਦਿਰ ਵਿਚ ਭਗਵਾਨ ਵਿਸ਼ਨੂੰ ਦੇ ਦੋਹਾਂ ਚਰਨਾਂ ਦੇ ਦਰਸ਼ਨ ਕਰ ਸਕਦੇ ਹਾਂ। ਦੂਸਰੀ ਇੱਛਾ ਇਹ ਜਾਹਿਰ ਕੀਤੀ ਕਿ ਜੋ ਭਗਤ ਹਰ ਵੇਲੇ ਪਰਮਾਤਮਾ ਦੇ ਚਰਨਾਂ ਵਿਚ ਲੀਨ ਰਹੇਗਾ, ਉਹ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਏਗਾ। ਤੀਸਰੀ ਤੇ ਅੰਤਿਮ ਇੱਛਾ ਇਹ ਕਿ ਜੇਕਰ ਕਿਸੇ ਭਗਤ ਨੂੰ ਪ੍ਰਭੂ ਦੇ ਚਰਨਾਂ ਤੇ ਪਰਮਾਤਮਾ ਦੀ ਸੇਵਾ ਭਗਤੀ ਤੋਂ ਬਾਅਦ ਵੀ ਮੁਕਤੀ ਨਾ ਮਿਲੀ ਤਾਂ ਮੈਂ ਦੁਬਾਰਾ ਆਪਣੇ ਰਾਖਸ਼ਸੀ ਰੂਪ ਵਿਚ ਆ ਜਾਵਾਂਗਾ।

ਭਗਵਾਨ ਵਿਸ਼ਨੂੰ ਜੀ ਨੇ ਉਸ ਦੀਆਂ ਤਿੰਨੋਂ ਇੱਛਾਵਾਂ ਪੂਰਨ ਕਰਕੇ ਆਪਣੇ ਦੋਨੋਂ ਚਰਨ ਉਸਦੀ ਛਾਤੀ ਤੇ ਰਖ ਕੇ ਉਸਨੂੰ ਮੁਕਤੀ ਦਿੱਤੀ। ਵਿਸ਼ਨੂੰ ਜੀ ਦੇ ਪਦਚਿੰਨ੍ਹ 40 ਸੈਂਟੀਮੀਟਰ ਲੰਬੇ ਹਨ। ਇੱਥੇ ਇਕ 30 ਮੀਟਰ ਉੱਚਾ, ਅੱਠ ਖੰਭਿਆਂ ਦੇ ਸਹਾਰੇ ਤੇ ਟਿਕਿਆ, ਕਾਲੇ ਗ੍ਰੇਨਾਈਟ ਪੱਥਰ ਨਾਲ ਵਿਸ਼ਾਲ ਮੰਦਿਰ ਬਣਿਆ ਹੈ ਜਿਸਦੀ ਉਸਾਰੀ 1787 ਈ. ਵਿਚ ਇੰਦੌਰ ਸ਼ਾਸਨ ਦੀ ਦੇਵੀ ਅਹਿਲਿਆ ਬਾਈ ਹੋਲਕਰ ਨੇ ਕਰਵਾਈ ਸੀ।

ਇਹਨਾਂ ਸਾਰੀਆਂ ਧਾਰਮਿਕ ਤੇ ਇਤਿਹਾਸਿਕ ਸਥਾਨਾਂ ਦੀ ਯਾਤਰਾ ਕਰਕੇ ਅਸੀਂ ਪੰਜਾਬ ਵਾਪਿਸ ਪਰਤ ਆਏ। ਅੱਜ ਭਾਵੇਂ ਅਸੀਂ ਅਲਗ-ਅਲਗ ਧਰਮਾਂ ਨੂੰ ਮੰਨਦੇ ਹਾਂ ਪਰ ਸਭ ਧਰਮਾਂ ਦੀ ਇਕੋ ਹੀ ਸਿਖਿਆ ਹੈ-

ਹਿੰਦੂ ਤੁਰਕ ਕੋਊ ਹਾਫਜੀ ਇਮਾਮਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨ
ਭੇਦ ਕੋਈ ਭੂਲ ਭ੍ਰਮ ਮਾਨਬੋ।।

ਜੈਨ ਹਸਪਤਾਲ,
ਸ਼ਿਮਲਾਪੁਰੀ, ਲੁਧਿਆਣਾ
ਸੰਪਰਕ: 0161-2501980

Sri Satguru Jagjit Singh Ji Elibrary NamdhariElibrary@gmail.com

ਹਵਨ ਯੱਗ ਅਤੇ ਅੰਮ੍ਰਿਤ ਦੀ ਮਹਾਨਤਾ

- ਸ੍ਰ. ਹਰਭਜਨ ਸਿੰਘ ਨਾਮਧਾਰੀ, ਔਰੰਗਾਬਾਦ

ਹਿੰਦੂ ਧਰਮ ਦੀ ਰੱਖਿਆ ਅਤੇ ਜ਼ੁਲਮ ਦੇ ਖਿਲਾਫ ਲੜਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਖਾਲਸਾ ਪੰਥ ਤਿਆਰ ਕਰਨਾ ਪਿਆ। ਸ੍ਰੀ ਸਤਿਗੁਰੂ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਤੋਂ ਪਹਿਲਾਂ ਨੈਣਾ ਦੇਵੀ ਦੇ ਕਿਲੇ ਦੇ ਉਤਲੇ ਹਿੱਸੇ ਤੇ ਇਕ ਵਿਸ਼ਾਲ ਹਵਨ ਯੱਗ ਕੀਤਾ ਜੋ ਕਿ ਮਾਰਚ 1698 ਈਸਵੀ ਵਿਚ ਨਰਾਤਿਆਂ ਨੂੰ ਸ਼ੁਰੂ ਹੋਇਆ ਅਤੇ ਪੂਰਾ ਇਕ ਸਾਲ ਚਲਿਆ ਤੇ ਅਕਾਲ ਪੁਰਖ ਦੀ ਮਹਾਸ਼ਕਤੀ ਨੂੰ ਪਰਗਟ ਕੀਤਾ। ਸਤਿਗੁਰੂ ਜੀ ਜੋ ਚਾਹੁੰਦੇ ਕਰ ਸਕਦੇ ਸਨ, ਪਰ ਉਨ੍ਹਾਂ ਇਸ ਮਹਾਨ ਕਾਰਜ ਵਾਸਤੇ ਵਿਦਵਾਨਾਂ ਦੀ ਸਲਾਹ ਲੈਣ ਲਈ ਪੰਡਤ ਕੇਸ਼ੋਦਾਸ ਨੂੰ ਬੁਲਾਇਆ ਅਤੇ ਖਾਲਸਾ ਪੰਥ ਦੀ ਸਾਜਨਾ ਦਾ ਆਪਣਾ ਪ੍ਰੋਗਰਾਮ ਦੱਸਿਆ। ਪੰਡਤ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਇਸ ਮਹਾਨ ਕੰਮ ਤੋਂ ਪਹਿਲਾਂ ਹਵਨ ਯੱਗ ਕਰਨਾ ਬਹੁਤ ਜ਼ਰੂਰੀ ਹੈ। ਇਹ ਸੁਣਕੇ ਸਤਿਗੁਰੂ ਜੀ ਨੇ ਹਵਨ ਯੱਗ ਦੀ ਮਹਾਨਤਾ ਬਾਰੇ ਪੰਡਤ ਜੀ ਨੂੰ ਜੋ ਬਚਨ ਕੀਤੇ, ਉਹ ਪੰਥ ਪ੍ਰਕਾਸ਼ ਵਿੱਚ ਸ਼ਾਮਿਲ ਹਨ:-

ਜਿਹ ਤੋ ਧਰਮ ਹਮਾਰਾ ਸਾਰ
ਕਰਤ ਰਹੇ ਨ੍ਰਿਪ ਮੁਨਿ ਅਵਤਾਰ
ਸੋ ਤੋ ਹਮ ਭੀ ਕਰਨਾ ਚੈਹੈ
ਯਾ ਤੇ ਸਭ ਸ੍ਰਿਸ਼ਟੀ ਸੁਖ ਪੈਹੈ
ਇਕ ਤੋ ਹੈ ਦੁਰਭਿਖ ਅਤਿ ਭਾਰੀ
ਪੜ ਰਹਿਓ ਨਾ ਬਰਸੇਤ ਬਾਰੀ
ਯਗ ਹੋਮ ਲੇ ਸੁਕ੍ਰਿਤ ਜੋ ਹੈ
ਹਾਕਿਮ ਤੁਰਕ ਕਰਨ ਨਹੀਂ ਦੇ ਹੈ
ਜਬ ਹਮ ਹਵਨ ਯੱਗ ਕਰਵੈਹੈ
ਖੁਸ਼ ਹੋ ਘਨ ਜਲ ਬਹੁ ਬਰਸੈਹੈ
ਦੁਰਭਿਖ ਨਸੈ ਮਨਿ ਬਹੁ ਥੈ ਹੈ
ਸੁਮਿਤ੍ਰ ਸਭ ਕਰਨੇ ਲਗ ਜੈ ਹੈ
ਨਸੈ ਅਵਿਦਿਆ ਵਿਦਿਆ ਐ ਹੈ
ਸਰਬੀਰਤਾ ਜੱਗ ਪ੍ਰਗਟੈ ਹੈ
ਬਾਲ ਭਾਗਿਆਵਾਨ ਉਪਜੈ ਹੈ
ਰੋਗ ਸੀਤਲਾ ਆਦਿ ਨਸੈ ਹੈ
ਨਿਰਭੈਤਾ ਜਸ ਸੁਣ ਦੇਵੀ ਸਭ
ਹੋਹਿ ਪ੍ਰਾਪਤ ਗੁਰੂ ਘਰ ਮੈਂ ਤਬ
ਕਾਮਦ ਜੋ ਅਸੁਰੀ ਸੰਪਤ
ਯਗ ਹੋਮ ਕੋ ਦੇਖ ਕਰ ਕੰਪਤ
ਸੋ ਅਵੱਸ਼ ਯਗ ਮੈਂ ਪ੍ਰਗਟੈ ਹੈ
ਹੋਮ ਯਗ ਵਿਸਵਤ ਜਬ ਥੈ ਹੈ।

ਹਵਨ ਯੱਗ ਦੀ ਮਹਾਨਤਾ ਸੁਣ ਕੇ ਪੰਡਤ ਜੀ ਬਹੁਤ ਹੈਰਾਨ ਹੋਏ ਕਿ ਮੈਂ ਇਨ੍ਹਾਂ ਨੂੰ ਕੀ ਸਮਝਾ ਸਕਦਾ ਹਾਂ। ਇਨ੍ਹਾਂ ਦੇ ਵਿਚਾਰ ਤਾਂ ਬਹੁਤ ਵਿਸ਼ਾਲ ਹਨ। ਫੇਰ ਸਤਿਗੁਰੂ ਜੀ ਨੇ ਬਟਾਲਾ, ਹੁਸ਼ਿਆਰਪੁਰ ਆਦਿ ਥਾਵਾਂ ਤੋਂ ਘਿਉ ਅਤੇ ਹਵਨ ਸਮਗਰੀ ਮੰਗਵਾਈ। ਅਨੰਦਪੁਰ ਸਾਹਿਬ ਤੋਂ ਥੋੜ੍ਹੀ ਦੂਰ ਨੈਣਾ ਦੇਵੀ ਦੀ ਪਹਾੜੀ ਤੇ ਬਹੁਤ ਵਿਸ਼ਾਲ ਹਵਨ ਕੁੰਡ ਤਿਆਰ ਕੀਤਾ ਅਤੇ ਹਵਨ ਕਰਨ ਵਾਲੇ ਪੰਡਤਾਂ ਦੀ ਚੋਣ ਕੀਤੀ।

Sri Satguru Jagjit Singh Ji Elibrary NamdhariElibrary@gmail.com

ਮਾਰਚ 1698 ਈਸਵੀ ਦੇ ਨਰਾਤਿਆਂ ਤੋਂ ਪੰਡਤ ਕੇਸ਼ੋਦਾਸ ਦੇ ਪ੍ਰਬੰਧ ਹੇਠ ਵੇਦ ਮੰਤਰਾਂ ਦੇ ਉਚਾਰਨ ਦੇ ਨਾਲ ਹੋਮ ਯੱਗ ਸ਼ੁਰੂ ਹੋ ਗਿਆ। ਸਤਿਗੁਰੂ ਜੀ ਨੇ ਉਸੇ ਦਿਨ ਤੋਂ ਬ੍ਰਹਮਚਰਯ ਧਾਰਨ ਕਰ ਲਿਆ। ਸਤਿਗੁਰੂ ਜੀ ਇਕ ਦਿਨ ਸ਼ਿਕਾਰ ਖੇਡ ਕੇ ਆਏ ਤੇ ਬਹੁਤ ਸਾਰੇ ਪੰਛੀ ਤੇ ਜਾਨਵਰ ਮਾਰ ਕੇ ਲੈ ਆਏ। ਪੰਡਤ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ-ਯੱਗ ਹਵਨ ਦੇ ਸਮੇਂ ਹਿੰਸਾ ਨਹੀਂ ਹੋਣੀ ਚਾਹੀਦੀ। ਸਤਿਗੁਰੂ ਜੀ ਨੇ ਸੇਵਕਾਂ ਨੂੰ ਹੁਕਮ ਕੀਤਾ ਕਿ ਸਾਰਿਆਂ ਦੀਆਂ ਰੱਸੀਆਂ ਖੋਲ੍ਹ ਦਿਉ- ਉੱਡਣ ਵਾਲੇ ਉੱਡ ਜਾਣ ਅਤੇ ਤੁਰਨ ਵਾਲੇ ਜੰਗਲ ਵਲ ਨੂੰ ਚਲੇ ਜਾਣ। ਪੰਡਤ ਜੀ ਸਤਿਗੁਰੂ ਜੀ ਦੀ ਸ਼ਕਤੀ ਵੇਖ ਕੇ ਹੈਰਾਨ ਹੋ ਗਏ। ਸਤਿਗੁਰੂ ਜੀ ਨੇ ਉਸੇ ਦਿਨ ਤੋਂ ਸ਼ਿਕਾਰ ਕਰਨਾ ਬੰਦ ਕਰ ਦਿੱਤਾ। ਹਵਨ ਯੱਗ ਹੁੰਦਿਆਂ ਇਕ ਸਾਲ ਪੂਰਾ ਹੋਣ ਵਾਲਾ ਸੀ। ਪੰਡਤ ਜੀ ਦਾ ਵਾਅਦਾ ਸੀ ਕਿ ਇਕ ਸਾਲ ਦੇ ਅੰਦਰ ਰਾਖਸ਼ਸਾਂ ਦਾ ਨਾਸ ਕਰਨ ਵਾਲੀ ਦੇਵੀ ਪ੍ਰਗਟ ਹੋਵੇਗੀ ਅਤੇ ਸਤਿਗੁਰੂ ਜੀ ਨੂੰ ਖਾਲਸਾ ਪੰਥ ਦੀ ਸਾਜਨਾ ਲਈ ਤੇਜ ਪ੍ਰਤਾਪ ਦਾ ਵਰ ਦੇਵੇਗੀ। ਸਾਲ ਪੂਰਾ ਹੋ ਜਾਣ ਤੋਂ ਬਾਅਦ ਵੀ ਦੇਵੀ ਮਾਤਾ ਪਰਗਟ ਨਹੀਂ ਹੋਈ। ਸਤਿਗੁਰੂ ਜੀ ਨੇ ਪੰਡਤ ਜੀ ਨੂੰ ਪੁੱਛਿਆ ਤਾਂ ਪੰਡਤ ਜੀ ਕਹਿਣ ਲੱਗੇ ਕਿ ਆਖਰੀ ਆਹੂਤੀ ਲਈ ਕਿਸੀ ਮਹਾਂਪੁਰਖ ਦੇ ਸਿਰ ਦੀ ਬਲੀ ਦੇਣੀ ਪਵੇਗੀ, ਤਾਂ ਚੰਡੀ ਪਰਗਟ ਹੋਵੇਗੀ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਪੰਡਤ ਜੀ, "ਤੁਹਾਡੇ ਤੋਂ ਸ੍ਰੇਸ਼ਠ ਮਹਾਂਪੁਰਖ ਹੋਰ ਕੌਣ ਹੋ ਸਕਦਾ ਹੈ ?" ਸਤਿਗੁਰੂ ਜੀ ਦਾ ਇਹ ਬਚਨ ਸੁਣ ਕੇ ਪੰਡਤ ਜੀ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਹੋ ਸਕਦਾ ਹੈ ਸਤਿਗੁਰੂ ਜੀ ਮੈਨੂੰ ਹੀ ਹਵਨ ਕੁੰਡ ਵਿਚ ਪਾ ਦੇਣ। ਪੰਡਤ ਜੀ ਕਹਿਣ ਲੱਗੇ ਕਿ ਮੈਂ ਪਹਿਲਾਂ ਸ਼ੌਚ ਮਦਾਨ ਜਾ ਕੇ ਇਸ਼ਨਾਨ ਕਰ ਆਵਾਂ, ਫੇਰ ਜਿਵੇਂ ਤੁਸੀਂ ਕਰਨਾ ਚਾਹੁੰਦੇ ਹੋ ਕਰ ਲੈਣਾ। ਇਹ ਕਹਿ ਕੇ ਪੰਡਤ ਕੇਸ਼ੋਦਾਸ ਉੱਥੋਂ ਦੀ ਚਲੇ ਗਏ ਤੇ ਫੇਰ ਵਾਪਸ ਨਾ ਆਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਕੱਲੇ ਬੈਠ ਕੇ 13 ਪਹਿਰ (31 ਘੰਟੇ) ਆਪਣੀਆਂ ਕਾਵਿ ਰਚਨਾਵਾਂ ਚੰਡੀ ਚਰਿਤਰ, ਚੰਡੀ ਦੀ ਵਾਰ, ਉਗਰ ਦੰਤੀ ਆਦਿ ਬਾਣੀਆਂ ਦਾ ਪਾਠ ਕਰਦੇ ਰਹੇ, ਜਦੋਂ ਉਨ੍ਹਾਂ ਦੇਖਿਆ ਕਿ ਪੰਡਤ ਜੀ ਅਜੇ ਤਕ ਨਹੀਂ ਆਏ ਤਾਂ ਸਤਿਗੁਰੂ ਜੀ ਨੇ ਜਿੰਨੀ ਸਮਗਰੀ ਤੇ ਘਿਉ ਬਚਿਆ ਸੀ, ਸਾਰਾ ਹੀ ਹਵਨ ਕੁੰਡ ਵਿਚ ਪਾ ਦਿੱਤਾ। ਬਹੁਤ ਵੱਡੀਆਂ ਵੱਡੀਆਂ ਲਾਟਾਂ ਦਾ ਪ੍ਰਕਾਸ਼ ਦੂਰ ਦੂਰ ਤਕ ਗਿਆ। ਉਸ ਤੋਂ ਬਾਅਦ ਚੰਡੀ ਦੇ ਰੂਪ ਵਿੱਚ ਅਕਾਲ ਪੁਰਖ ਦੀ ਸ਼ਕਤੀ ਪਰਗਟ ਹੋਈ। ਇਸ ਦੇ ਸੰਕੇਤ "ਮੁਖਵਾਕ ਬਾਣੀ ਦੇਵੀਜੂ" ਦੀ ਉਸਤਤ ਵਿਚੋਂ ਮਿਲਦੇ ਹਨ। ਅਗਨੀ ਸ਼ਾਂਤ ਹੋਣ ਤੋਂ ਬਾਅਦ ਸਤਿਗੁਰੂ ਜੀ ਹੱਥ ਵਿੱਚ ਬਿਜਲੀ ਵਾਂਗ ਚਮਕਦੀ ਤਲਵਾਰ ਲੈ ਕੇ ਅਨੰਦਪੁਰ ਸਾਹਿਬ ਆਏ। ਇਸ ਤਲਵਾਰ ਦੀ ਪਰਖ 30 ਮਾਰਚ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਹੋਈ, ਜਦੋਂ ਸਤਿਗੁਰੂ ਜੀ ਨੇ ਇਕ ਬਹੁਤ ਵੱਡੇ ਸਮਾਗਮ ਵਿੱਚ ਕਿਹਾ ਕਿ ਜਿਹੜਾ ਆਤਮ ਅਨੰਦ ਵਿਚ ਡੁੱਬਿਆ ਹੈ ਉਹ ਇਸ ਦੇਵੀ ਦੀ ਤਲਵਾਰ ਦੀ ਭੇਟ ਚੜ੍ਹਨ ਲਈ ਅੱਗੇ ਆਵੇ, ਸਾਨੂੰ ਇਕ ਸੰਤ ਸਿਪਾਹੀ ਜੋ ਧਰਮ ਦੀ ਖਾਤਿਰ ਆਪਣੀ ਕੁਰਬਾਨੀ ਦੇਵੇ, ਉਸਦੀ ਜ਼ਰੂਰਤ ਹੈ। ਸਾਰੇ ਲੋਕੀਂ ਹੈਰਾਨ ਹੋ ਗਏ ਕਿ ਅਜ ਸਤਿਗੁਰੂ ਜੀ ਨੂੰ ਕੀ ਹੋ ਗਿਆ ਹੈ। ਦੇਸ਼ ਦੇ ਅਲਗ ਅਲਗ ਹਿੱਸਿਆਂ ਵਿੱਚੋਂ ਲਗਭਗ 80 ਹਜ਼ਾਰ ਲੋਕ ਉੱਥੇ ਇਕੱਠੇ ਹੋਏ ਸਨ। 80 ਹਜ਼ਾਰ ਵਿੱਚੋਂ ਪੰਜ ਜਣੇ ਆਏ। ਲਾਹੌਰ ਤੋਂ ਦਇਆ ਰਾਮ-ਖਤਰੀ, ਹਸਤਿਨਾਪੁਰ ਤੋਂ ਧਰਮ ਦਾਸ ਜੱਟ-ਖੇਤੀ ਕਰਨ ਵਾਲੇ, ਜਗਨਨਾਥ ਪੁਰੀ ਤੋਂ ਹਿੰਮਤਰਾਇ ਝੀਰ (ਘਰਾਂ 'ਚੋਂ ਪਾਣੀ ਭਰਨ ਵਾਲੇ), ਦਵਾਰਿਕਾਪੁਰੀ ਤੋਂ ਮੋਹਕਮ ਚੰਦ ਸ਼ੀਂਬਾ (ਕਪੜੇ ਸਿਊਣ ਵਾਲੇ), ਬਿਦਰ ਤੋਂ ਸਾਹਿਬ ਚੰਦ ਨਾਈ (ਵਾਲ ਕੱਟਣ ਵਾਲੇ)। ਇਹਨਾਂ ਪੰਜਾਂ ਨੇ ਆਪਣੇ ਆਪ ਨੂੰ ਸਤਿਗੁਰੂ ਜੀ ਲਈ ਨਿਛਾਵਰ ਕਰ ਦਿੱਤਾ। ਪਰੀਖਿਆ ਵਿੱਚ ਇਹ ਪੰਜ ਹੀ ਪਾਸ ਹੋਏ। ਸਤਿਗੁਰੂ ਜੀ ਨੇ ਇੱਕ ਇੱਕ ਨੂੰ ਸਟੇਜ ਤੇ ਲਿਜਾ ਕੇ ਸਿਰ ਧੜ ਤੋਂ ਅਲਗ ਕਰ ਦਿੱਤਾ, ਫੇਰ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ, ਉਹੀ ਅੰਮ੍ਰਿਤ ਛਿੜਕ ਕੇ ਸਭ ਨੂੰ ਸੁਰਜੀਤ ਕਰ ਦਿੱਤਾ। ਕਿਸੇ ਦਾ ਸਿਰ ਤੇ ਕਿਸੇ ਦਾ ਧੜ ਜੋੜ ਕੇ ਖੜ੍ਹਾ ਕਰ ਦਿੱਤਾ। ਪੰਜਾਂ ਨੂੰ ਅੰਮ੍ਰਿਤ ਛਕਾਇਆ ਅਤੇ ਪੰਜ ਕਕਾਰ ਕੇਸ਼, ਕੰਘਾ, ਕੜਾ, ਕਿਰਪਾਨ ਤੇ ਕਛਹਿਰਾ ਦੇ ਕੇ ਨਵਾਂ ਬਾਣਾ ਪੁਆ ਦਿੱਤਾ। ਇਹਨਾਂ ਪੰਜਾਂ ਦੇ ਚਿਹਰੇ ਤੇ ਬੜਾ ਜਲੋਅ ਆ ਗਿਆ ਸੀ, ਸਤਿਗੁਰੂ ਜੀ ਨੇ ਇਨ੍ਹਾਂ ਦਾ ਨਾਂ ਬਦਲ ਕੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਰਖ ਦਿੱਤਾ ਤੇ ਉਪਦੇਸ਼ ਦਿੱਤਾ- 1) ਗੁਰੂ ਮਰਿਆਦਾ ਦੀ ਉਲੰਘਣਾ ਨਹੀਂ ਕਰਨੀ, 2) ਕਿਸੇ ਨਾਲ ਛਲ ਕਪਟ ਨਹੀਂ ਕਰਨਾ, 3) ਮਨ ਦੇ ਵਿਕਾਰਾਂ ਨੂੰ ਦੂਰ ਰਖਣਾ, 4) ਸਭ ਦੇ ਭਲੇ ਲਈ ਲੜਨਾ ਅਤੇ ਭਲੇ ਲਈ ਕੰਮ ਕਰਨਾ, 5) ਪਰਨ ਆਤਮਗਿਆਨੀ

Sri Satguru Jagjit Singh Ji Elibrary NamdhariElibrary@gmail.com

ਹੋਣਾ, 6) ਕਾਮ, ਕਰੋਧ, ਲੋਭ, ਮੋਹ, ਅਹੰਕਾਰ ਤੋਂ ਦੂਰ ਰਹਿਣਾ, 7) ਨਿੰਦਿਆ ਚੁਗਲੀ ਨਹੀਂ ਕਰਨੀ ਤੇ ਸੇਵਾ ਭਾਵ ਰਖਣਾ। ਇਸ ਬ੍ਰਹਮ ਖਾਲਸੇ ਲਈ ਸਤਿਗੁਰੂ ਜੀ ਲਿਖਦੇ ਹਨ:-

"ਖਾਲਸਾ ਮੇਰੋ ਰੂਪ ਹੈ ਖਾਸ,
ਖਾਲਸੇ ਮੇਂ ਹੀ ਕਰੋ ਨਿਵਾਸ,
ਖਾਲਸਾ ਮੇਰੋ ਮੁਖ ਹੈ ਅੰਗ,
ਖਾਲਸੇ ਕੋ ਹੋ ਸਦਾ ਅੰਗ ਸੰਗ।
ਹੋਰ ਵੀ ਵਰ ਦਿੱਤੇ:-
ਜਬ ਲਗ ਖਾਲਸਾ ਰਹੇ ਨਿਆਰਾ,
ਤਬ ਲਗ ਤੇਜ ਦਿਯੋ ਮੈਂ ਸਾਰਾ,
ਜਬ ਇਹ ਗਹੈ ਵਿਪਰਨ ਕੀ ਰੀਤਿ,
ਮੈਂ ਨ ਕਰੋਂ ਇਨਕੀ ਪਰਤੀਤ।"

ਇਹ ਸਾਰਾ ਕੌਤਕ ਬਾਦਸ਼ਾਹ ਔਰੰਗਜ਼ੇਬ ਦਾ ਗੁਪਤਚਰ ਅੱਬੂ ਤੌਰਾਨੀ ਵੇਖ ਰਿਹਾ ਸੀ। ਉਸਨੇ ਬਾਦਸ਼ਾਹ ਨੂੰ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਅੱਲਾ ਦਾ ਰੂਪ ਹਨ। ਉਸਨੇ ਅੱਖੀਂ ਡਿੱਠਾ ਹਾਲ ਸਹੀ ਸਹੀ ਕਹਿ ਦਿੱਤਾ ਅਤੇ ਬਾਦਸ਼ਾਹ ਨੂੰ ਬੇਨਤੀ ਕੀਤੀ ਕਿ ਤੁਸੀਂ ਉਹਨਾਂ ਨਾਲ ਦੁਸ਼ਮਣੀ ਛੱਡ ਦਿਉ ਤੇ ਉਹਨਾਂ ਨਾਲ ਮਿੱਤਰਤਾ ਕਰ ਲਉ। ਅੱਗੇ ਜਿਵੇਂ ਹੋਇਆ-ਇਤਿਹਾਸ ਗਵਾਹ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਬਾਅਦ ਤੇ ਮਹਾਰਾਜਾ ਰਣਜੀਤ ਸਿੰਘ ਜੀ ਤਕ ਖਾਲਸਾ ਆਪਣੇ ਰੂਪ ਵਿੱਚ ਰਿਹਾ ਅਤੇ ਪੂਰੀ ਮਰਿਆਦਾ ਤੇ ਕਾਇਮ ਰਿਹਾ। ਮਹਾਰਾਜਾ ਰਣਜੀਤ ਸਿੰਘ ਦੇ ਚੜ੍ਹਾਈ ਕਰਨ ਤੋਂ ਬਾਅਦ ਅੰਗ੍ਰੇਜ਼ਾਂ ਨੇ ਪੰਜਾਬ ਤੇ ਵੀ ਕਬਜਾ ਕਰ ਲਿਆ। ਉਦੋਂ ਖਾਲਸਾ ਵੀ ਆਪਸ ਵਿਚ ਲੜ ਲੜ ਕੇ ਸਤਿਗੁਰੂ ਜੀ ਦੀ ਮਰਿਆਦਾ ਤੋਂ ਬਾਹਰ ਹੋ ਗਿਆ, ਸਾਰੇ ਬੁਰੇ ਕਰਮ ਖਾਲਸੇ ਵਿੱਚ ਆ ਗਏ।

ਗਿਆਨੀ ਗਿਆਨ ਸਿੰਘ ਜੀ ਨੇ ਖਾਲਸੇ ਦੀ ਹਾਲਤ ਵੇਖ ਕੇ ਇਸਦੀ ਹਕੀਕਤ ਆਪਣੇ ਪੰਥ ਪ੍ਰਕਾਸ਼ ਵਿੱਚ ਲਿਖੀ ਹੈ- ਖਾਲਸਾ ਆਪਣੇ ਸਿੱਖੀ ਰੂਪ ਤੇ ਸਿੱਖੀ ਦੇ ਰਸਤੇ ਤੋਂ ਉਖੜ ਗਿਆ, ਇੱਕ ਤੇ ਰਾਜ ਖਤਮ ਹੋ ਗਿਆ, ਦੂਜਾ ਤੇਜ ਤਪ ਖਤਮ ਹੋ ਗਿਆ, ਜਗੀਰਾਂ ਤੇ ਰਾਇਬਹਾਦੁਰੀ ਦੀਆਂ ਉਪਾਧੀਆਂ ਲਈ ਅੰਗ੍ਰੇਜ਼ ਦੀ ਖਿਦਮਤ ਵਿੱਚ ਲਗ ਗਏ। ਫੇਰ ਸਤਿਗੁਰੂ ਰਾਮ ਸਿੰਘ ਜੀ ਪਰਗਟ ਹੋਏ ਤੇ ਉਹਨਾਂ ਨੇ ਨਵੇਂ ਸਿਰੇ ਤੋਂ 2 ਅਪਰੈਲ 1857 ਨੂੰ ਸ੍ਰੀ ਭੈਣੀ ਸਾਹਿਬ ਦੀ ਪਵਿਤਰ ਧਰਤੀ ਤੇ ਖੰਡੇ ਦਾ ਅੰਮ੍ਰਿਤ ਸਭ ਸਿੱਖਾਂ ਨੂੰ ਦੁਬਾਰਾ ਪਿਲਾ ਕੇ 158 ਸਾਲਾਂ ਬਾਅਦ ਖਾਲਸੇ ਦੀ ਨੀਂਹ ਰੱਖੀ ਤੇ ਪੰਜ ਪਿਆਰੇ ਸਥਾਪਿਤ ਕੀਤੇ। ਪਹਿਲੀ ਵਾਰੀ ਔਰਤਾਂ ਨੂੰ ਵੀ ਅੰਮ੍ਰਿਤ ਛਕਾਇਆ। ਇਸ ਤੋਂ ਪਹਿਲਾਂ ਔਰਤਾਂ ਨੇ ਕਦੇ ਅੰਮ੍ਰਿਤ ਨਹੀਂ ਛਕਿਆ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਵਿਚ ਆਤਮ ਵਿਸ਼ਵਾਸ ਵਧਾਇਆ, ਉਨ੍ਹਾਂ ਦਾ ਮਨੋਬਲ ਉੱਚਾ ਕੀਤਾ, ਤਿਆਗ, ਕੁਰਬਾਨੀ, ਭਗਤੀ ਭਾਵਨਾ ਨੂੰ ਰੋਮ ਰੋਮ ਵਿੱਚ ਭਰ ਦਿੱਤਾ ਅਤੇ ਦੇਸ਼ ਦੀ ਆਜ਼ਾਦੀ ਵਾਸਤੇ ਤਿਆਰ ਕੀਤਾ। ਪੰਥ ਪ੍ਰਕਾਸ਼ ਵਿੱਚ ਗਿਆਨੀ ਗਿਆਨ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਅੱਖੀਂ ਡਿੱਠਾ ਹਾਲ ਇੰਜ ਪੇਸ਼ ਕਰਦੇ ਹਨ:-

ਪਾਇ ਏਹ ਹੁਕਮ ਪ੍ਰਮੇਸ ਕਾ ਬਿਸੇਸ ਫਿਰ,
ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।
ਹੁੱਕੇ ਛਡਵਾਏ ਰਖਵਾਏ ਕੇਸ ਮੋਨਯੋਂ ਕੇ,
ਸੁਧਾ ਛਕ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੱਖ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆਗਿਓ।

ਸਤਿਗੁਰੂ ਰਾਮ ਸਿੰਘ ਜੀ ਨੇ ਸਾਰਿਆਂ ਲਈ ਨਾਮ ਸਿਮਰਨ, ਪੁਰਾਨੇ ਸਮੇਂ ਤੋਂ ਚਲੀ ਆ ਰਹੀ ਗੁਰੂ ਮਰਿਆਦਾ, ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿਚੋਂ ਜਪੁ, ਜਾਪ, ਰਹਿਰਾਸ, ਆਰਤੀ ਸੋਹਿਲਾ, ਚੰਡੀ ਦੀ ਵਾਰ, ਆਸਾ ਦੀ ਵਾਰ, ਸੁਖਮਨੀ ਸਾਹਿਬ, ਉਗ੍ਰਦੰਤੀ ਦਾ ਪਾਠ ਕਰਨਾ ਜ਼ਰੂਰੀ ਕਰ ਦਿੱਤਾ। ਉਨ੍ਹਾਂ ਨੇ ਮਾਸ, ਸ਼ਰਾਬ ਨੂੰ ਤਿਆਗਣ ਦਾ ਆਦੇਸ਼ ਦਿੱਤਾ। ਕੁੜੀਆਂ ਨੂੰ ਮਾਰਨਾ, ਵੇਚਣਾ, ਅਦਲਾ ਬਦਲੀ ਕਰਨਾ, ਵੱਟਾ ਕਰਨਾ ਤੇ ਹੋਰ ਸਮਾਜਿਕ ਕੁਰੀਤੀਆਂ ਨੂੰ ਦੂਰ ਕੀਤਾ। ਸਾਦੀ ਖੁਰਾਕ, ਸਾਦਾ ਪਹਿਰਾਵਾ, ਸਫੇਦ ਵਸਤਰ ਤੇ ਸਿੱਧੀ ਭਾਰਤੀ ਪਗੜੀ ਬੰਨਣ ਦਾ ਆਦੇਸ਼ ਦਿੱਤਾ। ਸਤਿਗੁਰੂ ਜੀ ਨੇ ਸੰਤ ਖਾਲਸੇ ਨੂੰ ਸਵੈਮਾਨੀ ਬਨਣ ਦੀ ਪ੍ਰੇਰਨਾ ਦਿੱਤੀ। ਇਸੇ ਕਾਰਨ ਬਹੁਤ ਸਾਰੇ ਨਾਮਧਾਰੀ ਸਿੰਘਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ, ਤੋਪਾਂ ਨਾਲ ਉੱਡੇ, ਆਪਣੇ ਹੱਥੀਂ ਫਾਂਸੀ ਦੇ ਰੱਸੇ ਆਪਣੇ ਗਲਿਆਂ ਵਿਚ ਪਾਏ ਤੇ ਦੇਸ਼ ਦੀ ਆਜ਼ਾਦੀ ਲਈ ਜੂਝ ਮਰੇ।

Sri Satguru Jagjit Singh Ji Elibrary NamdhariElibrary@gmail.com

ਬਾਬਾ ਨਾਨਕ ਕੌਣ ਸਨ ?

-ਰਾਜਿੰਦਰ ਕੌਰ ਪੰਨੂ

ਮੇਰੇ ਬੜੇ ਹੀ ਆਜੀਜ਼ ਭਾਜੀ, ਬਲਵੀਰ ਬੱਬੀ ਨੇ ਮੈਨੂੰ ਇੱਕ ਵੀਡੀਓ ਵਟਸਐਪ ਤੇ ਭੇਜੀ। ਜਦ ਮੈਂ ਵੀਡੀਓ ਵੇਖਣ ਲੱਗੀ ਤਾਂ ਜਿਉਂ-ਜਿਉਂ ਵੇਖਦੀ ਸੁਣਦੀ ਜਾਵਾਂ, ਤਿਉਂ-ਤਿਉਂ ਸਾਰੇ ਸਿੱਖ ਭਾਈਚਾਰੇ ਵਲੋਂ ਸ਼ਰਮਿੰਦੀ ਹੋਈ ਜਾਵਾਂ। ਦਿਲ ਵਿੱਚ ਖਿਆਲ ਆਇਆ ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਦੇ ਸਿੱਖ ਕਹਾਉਣ ਵਾਲੇ ਆਪਣੇ ਬੱਚਿਆਂ ਲਈ ਕੀ ਕਰ ਰਹੇ ਹਾਂ ? ਮੈਂ ਆਪਣੇ ਪਾਠਕਾਂ ਨੂੰ ਵੀਡੀਓ ਤਾਂ ਨਹੀਂ ਵਿਖਾ ਸਕਦੀ, ਪਰ ਉਸ ਵਿੱਚ ਮੈਂ ਕੀ ਵੇਖਿਆ, ਜ਼ਰੂਰ ਪੜ੍ਹਾ ਸਕਦੀ ਹਾਂ। ਸੁਲਤਾਨਪੁਰ ਲੋਧੀ ਵਿਖੇ ਇੱਕ ਨਿੱਜੀ ਚੈਨਲ ਦਾ ਟੀ.ਵੀ. ਰਿਪੋਰਟਰ ਹੱਥ 'ਚ ਮਾਈਕ ਫੜੀ ਇੱਕ ਨੌਵੀਂ ਕਲਾਸ ਦੇ ਦਸਤਾਰ ਸਜਾਈ ਮੁੰਡੇ ਤੋਂ ਸਵਾਲ ਪੁੱਛ ਰਿਹਾ ਹੈ, "ਨੌਵੀਂ ਕਲਾਸ ਵਿੱਚ ਹੋ ਕੇ ਬਾਬੇ ਨਾਨਕ ਬਾਰੇ ਕੁਝ ਵੀ ਨਹੀਂ ਪੜ੍ਹਿਆ ਅਜੇ ਤੱਕ ?" ਬੱਚਾ ਨਾਂਹ ਵਿੱਚ ਸਿਰ ਹਿਲਾਉਂਦਾ ਹੈ। ਰਿਪੋਰਟਰ ਫੇਰ ਪੁੱਛਦਾ ਹੈ। "ਕਿੰਨਵੇਂ ਗੁਰੂ ਹਨ ? ਬਾਬਾ ਨਾਨਕ ?" ਬੱਚਾ ਝੂਠਾ ਤੇ ਸ਼ਰਮਿੰਦਾ ਜਿਹਾ ਹੋ ਕੇ ਕਹਿੰਦਾ ਹੈ, "ਪਤਾ ਨਹੀਂ।" ਫੇਰ ਰਿਪੋਰਟਰ ਪੀਲੀ ਦਸਤਾਰ ਸਜਾਈ ਦੂਸਰੇ ਮੁੰਡੇ ਨੂੰ ਪੁੱਛਦਾ ਹੈ, "ਕੌਣ ਸਨ ਗੁਰੂ ਨਾਨਕ ਦੇਵ ਜੀ ?" ਬੱਚੇ ਦਾ ਜਵਾਬ ਸੁਣੋ, "ਗੁਰੂ ਨਾਨਕ ਦੇਵ ਜੀ ਦਾ ਸੁਲਤਾਨਪੁਰ ਲੋਧੀ ਜਨਮ ਹੋਇਆ ਸੀ।" ਮੈਨੂੰ ਹਾਸਾ ਵੀ ਆਇਆ ਤੇ ਗੁੱਸਾ ਵੀ। ਏਸੇ ਤਰ੍ਹਾਂ ਰਿਪੋਰਟਰ ਤੀਸਰੇ ਸਿੱਖ ਮੁੰਡੇ ਨੂੰ ਪੁੱਛਦਾ ਹੈ, "ਬਾਬੇ ਨਾਨਕ ਬਾਰੇ ਕੀ ਜਾਣਦੇ ਹੋ ?" ਬੱਚਾ ਸੋਚੀਂ ਪੈ ਜਾਂਦਾ ਹੈ। ਕਾਫ਼ੀ ਚਿਰ ਬਾਅਦ ਰਿਪੋਰਟਰ ਪੁੱਛਦਾ, "ਕਦੇ ਪੜ੍ਹਿਆ ਨਹੀਂ ਬਾਬੇ ਨਾਨਕ ਬਾਰੇ ?" ਤਾਂ ਬੱਚਾ ਬਿਨਾਂ ਬੋਲੇ ਨਾਂਹ ਵਿੱਚ ਸਿਰ ਹਿਲਾਉਂਦਾ ਹੈ। ਜਿਵੇਂ ਮਨ ਵਿੱਚ ਹੀ ਕਹਿ ਰਿਹਾ ਹੋਵੇ। ਕਦੇ ਨਹੀਂ ਪੜ੍ਹਿਆ ਬਾਬੇ ਨਾਨਕ ਬਾਰੇ। ਇੱਕ ਹੋਰ ਸਿਰ ਚੁੰਨੀ ਲਈ 13-14 ਸਾਲਾਂ ਦੀ ਕੁੜੀ ਨੂੰ ਰਿਪੋਰਟਰ ਪੁੱਛਦਾ ਹੈ, "ਬਾਬੇ ਨਾਨਕ ਦੀ ਬਾਣੀ ਬਾਰੇ ਕੁਝ ਜਾਣਦੇ ਹੋ ?" ਕੁੜੀ ਫਟਾਫਟ ਜਵਾਬ ਦਿੰਦੀ ਹੈ, "ਨਹੀਂ।" ਫੇਰ ਇੱਕ ਹੋਰ ਕੁੜੀ ਤੋਂ ਸਵਾਲ ਪੁੱਛਦਾ ਹੈ। ਸੁਲਤਾਨਪੁਰ ਲੋਧੀ ਨਾਲ ਬਾਬੇ ਨਾਨਕ ਦਾ ਕੀ ਰਿਸ਼ਤਾ ਹੈ ? ਕੁੜੀ ਕੋਈ ਜਵਾਬ ਨਾ ਦੇ ਸਕੀ। "ਚਲੋ ਕੋਈ ਨਾ", ਇਹ ਆਖਕੇ ਰਿਪੋਰਟਰ ਇੱਕ ਨੀਲੇ ਰੰਗ ਦਾ ਪਟਕਾ ਬੰਨੀ ਮੁੰਡੇ ਨੂੰ ਸਵਾਲ ਪੁੱਛਦਾ ਹੈ, "ਕਦੇ ਬਾਬੇ ਨਾਨਕ ਬਾਰੇ ਪੜ੍ਹਿਆ ਹੈ ?" ਮੁੰਡਾ ਆਖਦਾ, "ਸਾਨੂੰ ਬਾਬੇ ਨਾਨਕ ਦੇ ਐਸੇ ਨਹੀਂ ਲਿਖਾਉਂਦੇ। ਪਰ ਭੁੱਖੇ ਸਾਧੂਆਂ ਨੂੰ ਖਾਣਾ ਖਵਾਇਆ ਸੀ।" ਰਿਪੋਰਟਰ ਬੱਚੇ ਨੂੰ, ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਬਾਰੇ ਪੁੱਛਦਾ ਹੈ ਤਾਂ ਬੱਚਾ ਚੁੱਪ ਹੋ ਜਾਂਦਾ ਹੈ। ਫੇਰ ਇੱਕ ਹੋਰ ਸਿੱਖ ਮੁੰਡੇ ਨੂੰ ਪੁੱਛਿਆ, "ਬਾਬੇ ਨੇ ਉਦਾਸੀਆਂ ਕਿੰਨੀਆਂ ਕੀਤੀਆਂ ?" ਤਾਂ ਬੱਚਾ ਆਖਦਾ ਹੈ, "ਪਤਾ ਨਹੀਂ ਕਿੰਨੀਆਂ ਕੀਤੀਆਂ।" ਨੇੜੇ ਹੀ ਖਲੋਤਾ ਇੱਕ ਹੋਰ ਪਟਕਾਧਾਰੀ ਮੁੰਡਾ ਕਹਿੰਦਾ ਹੈ, "ਏਥੇ ਬਾਬੇ ਨੇ ਦੁਕਾਨ ਖੋਲ੍ਹੀ ਸੀ ਤੇਰਾਂ ਤੇਰਾਂ ਵਾਲੀ।" ਏਸੇ ਤਰ੍ਹਾਂ ਇੱਕ ਹੋਰ ਦਸਤਾਰਧਾਰੀ ਮੁੰਡੇ ਨੂੰ ਸਵਾਲ, "ਕੀ ਰਿਸ਼ਤਾ ਸੁਲਤਾਨਪੁਰ ਲੋਧੀ ਨਾਲ ਨਾਨਕ ਦਾ ?" ਇਹ ਵੀ ਏਧਰ-ਓਧਰ ਵੇਖਦਾ ਏਨਾ ਹੀ ਆਖਦਾ ਹੈ, "ਯਾਦ ਨਹੀਂ।" ਦੱਸਵਾਂ ਮੁੰਡਾ, ਸਿਰ ਤੇ ਨਿਹੰਗਾਂ ਵਾਲੀ ਦਸਤਾਰ ਅਤੇ ਕੈਂਬ੍ਰਿਜ ਸਕੂਲ ਦਾ ਵਿਦਿਆਰਥੀ ਵੀ ਰਿਪੋਰਟਰ ਨੂੰ ਦੱਸਦਾ ਹੈ, "ਸਾਨੂੰ ਨਾਨਕ ਸਾਰੇ ਕੁਝ ਨਹੀਂ ਪੜ੍ਹਾਇਆ ਜਾਂਦਾ।" ਇਸੇ ਤਰ੍ਹਾਂ ਗਿਆਰ੍ਹਵਾਂ ਪਟਕਾਧਾਰੀ ਮੁੰਡਾ ਵੀ ਨਾਨਕ ਬਾਰੇ ਕੁਝ ਨਹੀਂ ਦੱਸ ਸਕਿਆ। ਹੁਣ ਹੱਦ ਤਾਂ ਉਦੋਂ ਹੋਈ ਜਦੋਂ ਇੱਕ 55 ਕੁ ਸਾਲ ਦੀ ਔਰਤ ਨੂੰ ਰਿਪੋਰਟਰ ਪੁੱਛਦਾ ਹੈ, "ਬੱਚਿਆਂ ਨੂੰ ਜੇਕਰ ਬਾਬੇ ਨਾਨਕ ਬਾਰੇ ਨਹੀਂ ਪਤਾ, ਤਾਂ ਤੁਸੀਂ ਇਸ ਪਿੱਛੇ ਕੀ ਕਾਰਣ ਮੰਨਦੇ ਹੋ ?" ਤਾਂ ਔਰਤ ਵੀ ਬੜੀ ਝੂਠੀ ਹਾਸੀ ਹੱਸਦੀ ਹੋਈ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜਦੀ ਕਹਿੰਦੀ ਹੈ,

Sri Satguru Jagjit Singh Ji Elibrary NamdhariElibrary@gmail.com

"ਮੈਨੂੰ ਤਾਂ ਆਪ ਨਹੀਂ ਪਤਾ।"

ਹੁਣ ਮੈਂ ਇਹ ਸਵਾਲ ਪਾਠਕਾਂ ਉੱਪਰ ਸੁੱਟਦੀ ਹਾਂ। ਕੀ ਸਾਰੀਆਂ ਗੱਲਾਂ ਸਕੂਲਾਂ ਵਿਚ ਹੀ ਪੜ੍ਹਾਈਆਂ ਜਾਣ ? ਕੀ ਸਾਡੀ ਮਾਪਿਆਂ ਦੀ ਕੋਈ ਜ਼ਿੰਮੇਵਾਰੀ ਨਹੀਂ ? ਮੈਂ ਤਾਂ ਸਿਰਫ਼ ਇਨ੍ਹਾਂ ਗਿਆਰਾਂ ਬੱਚਿਆਂ ਦਾ ਹੀ ਹਾਲ ਦੱਸਿਆ ਹੈ। ਹੋ ਸਕਦਾ ਹੈ ਇਨ੍ਹਾਂ ਦੀ ਗਿਣਤੀ ਸੈਂਕੜੇ ਵੀ ਨਹੀਂ ਹਜ਼ਾਰਾਂ ਵਿੱਚ ਹੋਵੇ, ਜਾਂ ਉਸ ਤੋਂ ਵੀ ਵੱਧ। ਮੈਂ ਪੂਰੇ ਸਿੱਖ ਸਮਾਜ ਨੂੰ ਪੁੱਛਦੀ ਹਾਂ। ਕੀ ਸਾਡੇ ਬੱਚਿਆਂ ਨੂੰ ਅਰਦਾਸ ਆਉਂਦੀ ਹੈ ? ਕੀ ਸਾਡੇ ਬੱਚੇ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਹਨ ? ਕੀ ਅੱਜ ਦੀਆਂ ਮਾਂਵਾਂ ਨੇ ਬੱਚਿਆਂ ਨੂੰ ਸਵੇਰੇ ਜਪੁਜੀ ਸਾਹਿਬ ਅਤੇ ਸ਼ਾਮ ਨੂੰ ਰਹਿਰਾਸ ਪੜ੍ਹਨ ਵਾਸਤੇ ਕਦੇ ਪ੍ਰੇਰਿਆ ? ਨਹੀਂ... ਕਦੇ ਨਹੀਂ। ਸਾਡੇ ਬੱਚੇ ਤਾਂ ਰਾਤ ਦੋ ਦੋ ਵਜੇ ਤੱਕ ਪੱਬਜੀ ਖੇਡਦੇ ਹਨ। ਜਾਂ ਸੋਸ਼ਲ ਮੀਡੀਆ ਤੇ ਰੁੱਝੇ ਰਹਿੰਦੇ ਹਨ। ਸਕੂਲ ਜਾਣ ਤੋਂ ੨੦ ਮਿੰਟ ਪਹਿਲਾਂ ਹੀ ਬਿਸਤਰ ਛੱਡਦੇ ਹਨ। ਇਨ੍ਹਾਂ ਬੱਚਿਆਂ ਦੇ ਵੱਡੇ-ਵੱਡੇ ਸਕੂਲ ਹਨ ਅਤੇ ਇਨ੍ਹਾਂ ਡਨਛਥ ਜਾਂ 'ਛਛਥ ਵਰਗੇ ਮਹਿੰਗੇ ਬੋਰਡਾਂ ਵਿੱਚ ਪੜ੍ਹਨ ਵਾਲੇ ਹੋਰ ਤਾਂ ਬਹੁਤ ਕੁਝ ਜਾਣਦੇ ਹਨ। ਇਹ ਸਿੱਖਾਂ ਦੇ ਬੱਚੇ ਦੁਨੀਆਂ ਭਰ ਦੀ ਜਾਣਕਾਰੀ ਰੱਖਦੇ ਹਨ, ਪ੍ਰੰਤੂ ਦੁਨੀਆਂ ਦੇ ਸਿਰਜਣਹਾਰ ਬਾਬੇ ਨਾਨਕ ਬਾਰੇ ਕੁਝ ਨਹੀਂ ਜਾਣਦੇ। ਇਹ ਨਹੀਂ ਜਾਣਦੇ ਗੁਰੂ ਨਾਨਕ ਦਾ ਸੁਲਤਾਨਪੁਰ ਲੋਧੀ ਨਾਲ਼ ਕੀ ਰਿਸ਼ਤਾ ਸੀ। ਕਰਤਾਰਪੁਰ ਸਾਹਿਬ ਦੀ ਕੀ ਅਹਿਮੀਅਤ ਹੈ। ਨਨਕਾਣਾ ਸਾਹਿਬ ਸਾਡੇ ਲਈ ਕੀ ਮਹੱਤਤਾ ਰੱਖਦਾ ਹੈ ? ਸਾਡੇ ਬੱਚੇ ਇਨ੍ਹਾਂ ਗੱਲਾਂ ਦਾ ਜਵਾਬ ਇਸ ਕਰਕੇ ਨਹੀਂ ਦੇ ਸਕਦੇ ਕਿਉਂਕਿ ਬਹੁਤ ਸਾਰੇ ਮਾਪੇ ਹੀ ਇਨ੍ਹਾਂ ਗੱਲਾਂ ਤੋਂ ਅਣਜਾਣ ਹਨ। ਜਾਂ ਜਿਨ੍ਹਾਂ ਨੂੰ ਜਾਣਕਾਰੀ ਹੈ, ਉਹ ਆਪਣੇ ਬੱਚਿਆਂ ਨੂੰ ਦੱਸਣਾ ਜ਼ਰੂਰੀ ਨਹੀਂ ਸਮਝਦੇ। ਕਿਉਂਕਿ ਅੱਜ ਦੇ ਬਹੁਤੇ ਮਾਂ-ਬਾਪ ਆਪਣੇ ਬੱਚਿਆਂ ਨੂੰ ਸਿੱਖ ਨਹੀਂ ਨੋਟ ਕਮਾਉਣ ਵਾਲੀਆਂ ਮਸ਼ੀਨਾਂ ਬਣਾਉਣਾ ਚਾਹੁੰਦੇ ਹਨ। ਜਿਹੜੀ ਮਾਂ ਆਪਣੇ ਪੁੱਤਰ ਦੇ ਜੂੜੇ ਨੂੰ ਜੂੰਆਂ ਦਾ ਘਰ ਦੱਸਦੀ ਹੋਵੇ, ਉਹ ਆਪਣੇ ਬੱਚੇ ਨੂੰ ਗੁਰੂ ਨਾਨਕ ਦਾ ਫਲਸਫਾ ਕਿਵੇਂ ਸਮਝਾ ਸਕਦੀ ਹੈ।

ਸਾਡੇ ਲਈ ਬੜੇ ਸ਼ਰਮ ਦੀ ਗੱਲ ਹੈ ਜਦ ਇਹ ਬੱਚੇ ਡਿਫਾਲਟਰ ਬੰਦਿਆਂ ਨਾਲ਼ ਰਲ਼ਕੇ ਡਿਫਾਲਟਰ ਹੋ ਰਹੇ ਹਨ। ਇਹ ਬੱਚੇ ੧੯ਵੇਂ ਸਾਲ ਵਿੱਚ ਤਾਂ ਬਦਨਾਮ ਹੋ ਜਾਂਦੇ ਹਨ, ਇਨ੍ਹਾਂ ਨੂੰ ਇਹ ਤਾਂ ਪਤਾ ਹੈ ਕਿਸ ਕੁੜੀ ਦਾ ਭਾਰ ਕਿੰਨਾ ਹੈ ਅਤੇ ਕਮਰ ਕਿੰਨੀ। ਕਿਹੜੀ ਕੁੜੀ ਲਾਹੌਰ ਦੀ ਹੈ ਤੇ ਕਿਹੜੀ ਪੰਜਾਬ ਦੀ। ਪਰ ਬਾਬੇ ਨਾਨਕ ਨੂੰ ਨਹੀਂ ਜਾਣਦੇ। ਇਹ ਲੁੱਟਾਂ ਖੋਹਾਂ ਕਰਨ ਵਾਲੇ ਕੀ ਜਾਨਣ, ਕਿਰਤ ਕਰਨ ਤੇ ਵੰਡ ਛਕਣ ਦਾ ਅਸਲ ਮਨੋਰਥ ਕੀ ਹੈ ? ਬਾਬੇ ਨਾਨਕ ਦੇ ਪੰਜਾਬ ਨੂੰ ਨਸ਼ੇੜੀਆਂ ਦਾ ਪੰਜਾਬ ਬਣਾ ਕੇ ਰੱਖ ਦਿੱਤਾ ਹੈ। ਭਾਈ ਲਾਲੋ ਦੇ ਵਿਹੜੇ ਵਿੱਚ ਨਸ਼ੇੜੀ ਪੁੱਤ ਦੀ ਲਾਸ਼ ਪਈ ਹੈ ਅਤੇ ਕੀਰਨੇ ਪਾਉਣ ਵਾਲੀ ਮਾਂ ਤਾਂ ਆਪ ਕੈਂਸਰ ਦੀ ਮਰੀਜ਼ ਹੈ।

ਇੱਕ ਪਾਸੇ ਅਸੀਂ ਸਾਰਾ ਸੰਸਾਰ ਖਾਸ ਕਰ ਸਿੱਖ ਸਮਾਜ ਗੁਰੂ ਨਾਨਕ ਦੇਵ ਜੀ ਦਾ ੫੫੦ਵਾਂ ਪ੍ਰਕਾਸ਼ ਪੁਰਬ ਮਨਾ ਰਹੇ ਹਾਂ। ਦੂਜੇ ਪਾਸੇ ਪਰਾਲ਼ੀ ਸਾੜ ਕੇ ਪਵਣ, ਪਾਣੀ ਅਤੇ ਧਰਤੀ ਨੂੰ ਗੰਧਲਾ ਕਰ ਰਹੇ ਹਾਂ। ਥਾਂ ਥਾਂ ਸਟੇਜਾਂ ਲਾ ਕੇ ਵਿਰੋਧੀ ਪਾਰਟੀਆਂ ਨੂੰ ਨੀਵਾਂ ਵਿਖਾਉਣ ਦੀਆਂ ਚਾਲਾਂ ਖੇਡ ਰਹੇ ਹਾਂ। ਇਹ ਸਮਾਗਮ ਸਾਡੇ ਲੀਡਰ ਲੋਕਾਂ ਵੱਲੋਂ ਵੋਟ ਬੈਂਕ ਮਜ਼ਬੂਤ ਬਣਾਉਣ ਦਾ ਜ਼ਰੀਆ ਸਾਬਤ ਹੋਣਗੇ। ਕਿੰਨਾਂ ਚੰਗਾ ਹੁੰਦਾ ਜੋ ਪੈਸਾ ਅਸੀਂ ਸਮਾਗਮਾਂ, ਪਕਵਾਨਾਂ ਤੇ ਖਰਚ ਕੀਤਾ ਹੈ, ਉਸੇ ਨਾਲ ਕਿਸਾਨਾਂ ਦੇ ਕਰਜ਼ੇ ਮਾਫ਼ ਕਰ ਦਿੱਤੇ ਜਾਂਦੇ। ਪ੍ਰਤੀ ਪਿੰਡ ਪੰਚਾਇਤਾਂ ਨੂੰ ਪਰਾਲ਼ੀ ਦੀ ਰਹਿੰਦ-ਖੂੰਹਦ ਸਮੇਟਣ ਲਈ ਮੁਫ਼ਤ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਂਦੀਆਂ। ਏਨਾ ਕਰ ਦੇਣ ਨਾਲ਼ ਹੀ ਅਸੀਂ ਸਾਰਾ ਪੰਜਾਬ, ਹਰਿਆਣਾ ਅਤੇ ਦਿੱਲੀ ਪ੍ਰਦੂਸ਼ਤ ਹੋਣ ਤੋਂ ਬਚਾ ਲੈਣੇ ਸਨ। ਦੂਸਰੀ ਗੱਲ ਇਹ ਗੁਰਪੁਰਬ ਗੁਰਦਵਾਰਿਆਂ ਦੀ ਥਾਂ ਸਿਰਫ਼ ਸਕੂਲਾਂ ਵਿੱਚ ਮਨਾ ਕੇ ਗੁਰੂ ਜੀ ਦੇ ਜੀਵਨ ਤੇ ਚਾਨਣਾ ਪਾਇਆ ਜਾਂਦਾ। ਕਿਉਂਕਿ ਜੇ ਸਾਡੇ ਬੱਚਿਆਂ ਨੂੰ, ਗੁਰੂ ਨਾਨਕ ਦੇਵ ਜੀ ਕੌਣ ਸਨ ?, ਏਨਾ ਵੀ ਨਹੀਂ ਪਤਾ, ਫੇਰ ਤਾਂ ਇਹ ਵੱਡੇ-ਵੱਡੇ ਸਮਾਗਮ, ਨਗਰ ਕੀਰਤਨ, ਸੋਨੇ ਦੀਆਂ ਪਾਲਕੀਆਂ ਇੱਕ ਅਡੰਬਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ।

ਸੰਪਰਕ: 95013-92150

Sri Satguru Jagjit Singh Ji Elibrary NamdhariElibrary@gmail.com

ਸਵੈ-ਜੀਵਨੀ-ਹਿਮਤ ਯਾਰ ਬਣਾਈ

ਫੈਸਲੇ ਦੀ ਘੜੀ

—ਪ੍ਰੋ. ਲਖਬੀਰ ਸਿੰਘ

5 ਦਸੰਬਰ 2006 ਸਵੇਰੇ 10:00 ਵਜੇ ਦੇ ਆਸ ਪਾਸ ਡਾ. ਏ ਕੇ ਵੈਦ ਦੀ ਅਗਵਾਈ ਵਿਚ ਡਾਕਟਰਾਂ ਦੀ ਵੱਡੀ ਟੀਮ ਮੇਰੇ ਕਮਰੇ 'ਚ ਦਾਖਿਲ ਹੋਈ। ਰੁਟੀਨ ਫਾਈਲ ਦੀ ਨਬਜ਼ ਟਟੋਲੀ ਤੇ ਬੋਲੇ, " ਸਾਡੇ ਵਲੋਂ ਰੋਗ ਨਿਦਾਨ ਰੀਪੋਰਟ (ਪ੍ਰੋਗਨੋਸਿਸ) ਤਿਆਰ ਹੈ। " ਮੇਰੇ ਸਹਾਇਕਾਂ ਨੇ ਕਿਹਾ, ਦੱਸੋ ਕੀ ਰੀਪੋਰਟ ਹੈ, " ਕਹਿੰਦੇ ਮਰੀਜ਼ ਤੋਂ ਦੂਰ ਬਾਹਰ ਆ ਜਾਓ" ਕਹਿੰਦੇ, "ਸਾਡੇ ਤਾਂ ਹੌਂਸਲੇ ਪਸਤ ਨੇ, ਕੁਝ ਸੁਝਦਾ ਨਹੀਂ, ਬਾਹਰ ਰੀਪੋਰਟ ਸੁਣ ਕੇ ਇਸ ਨੂੰ ਕਿਵੇਂ ਦੱਸਾਂਗੇ। ਤੁਸੀਂ ਇਥੇ ਹੀ ਦੱਸ ਦਿਓ"। ਡਾ. ਨੇ ਦੱਸਿਆ, "ਰੀਪੋਰਟ ਕੋਈ ਅੱਛੀ ਨਹੀਂ ਹੈ। " ਕੈਂਸਰ ਬੋਨਮੈਰੋ ਨੂੰ ਬਹੁਤ ਅਸਰ-ਅੰਦਾਜ਼ ਕਰ ਚੁੱਕਾ ਹੈ, ਬੋਨਮੈਰੋ ਜੋ ਸਾਡੇ ਜੀਵਨ ਦਾ ਆਧਾਰ ਹੁੰਦਾ ਹੈ, ਕੈਂਸਰ ਨਾਲ ਵਿਗੜ ਚੁੱਕਾ ਹੈ। ਅਣਲੋੜੀਂਦੇ ਪਲਾਜ਼ਮਾ ਸੈਲ 42% ਹੱਦ ਤੱਕ ਬੋਨਮੈਰੋ ਵਿਚ ਜਮ੍ਹਾਂ ਹੋ ਚੁੱਕੇ ਹਨ। ਰੀੜ੍ਹ ਦੀ ਹੱਡੀ ਨੂੰ ਪਹਿਲਾਂ ਹੀ ਲਾਗ ਲਾ ਕੇ ਦੋ ਮਣਕੇ ਤੋੜ ਚੁੱਕਾ ਹੈ। ਕੋਈ ਛੇ ਮਹੀਨੇ, ਸਾਲ ਦਾ ਸਮਾਂ ਹੈ। ਮਲਟੀਪਲ ਮਾਈਲੋਮਾ ਜਿਸ ਨੂੰ ਬੋਨਮੈਰੋ ਕੈਂਸਰ ਵੀ ਕਹਿੰਦੇ ਹਨ, ਤੀਜੀ ਸਟੇਜ ਤੱਕ ਪਹੁੰਚ ਚੁੱਕਾ ਹੈ। ਇਸ ਕੈਂਸਰ ਦਾ ਪਹਿਲੀ, ਦੂਜੀ ਸਟੇਜ ਤੇ ਕੰਟਰੋਲ ਆਸਾਨ ਹੁੰਦਾ ਹੈ ਪਰ ਤੀਜੀ ਸਟੇਜ 'ਤੇ ਇਲਾਜ ਮੁਸ਼ਕਿਲ, ਮਹਿੰਗਾ ਅਤੇ ਦਰਦਨਾਕ ਹੋਣ ਦੇ ਬਾਵਜੂਦ ਘੱਟ ਫਲਦਾਇਕ ਹੁੰਦਾ ਹੈ। " ਡਾ. ਅਸ਼ੋਕ ਵੈਦ ਨੇ ਸਾਰੀ ਕਹਾਣੀ ਨਕਾਰਾਤਮਕ ਅੰਦਾਜ਼ ਵਿਚ ਕਹਿੰਦਿਆਂ, ਜ਼ਿੰਦਗੀ ਦੇ ਹੁੰਦੇ ਬੰਦ ਦਰਵਾਜ਼ਿਆਂ ਵੱਲ ਇਸ਼ਾਰਾ ਕੀਤਾ। ਸੁਣ ਕੇ ਮੈਂ ਬੋਲੇ ਬਿਨਾਂ ਨਾ ਰਹਿ ਸਕਿਆ ਤੇ ਦ੍ਰਿੜਤਾ ਨਾਲ ਕਿਹਾ, "ਡਾ. ਸ਼ਾਹਿਬ ਜ਼ਰਾ ਸੰਭਲ ਕੇ ਬੋਲੋ, ਮੈਂ ਰੀੜ੍ਹ ਦੀ ਹੱਡੀ ਟੁੱਟਣ ਕਾਰਨ ਸਥਿਰ ਹੋਇਆ ਪਿਆ ਹਾਂ, ਇਕ ਵਾਰ ਉਠਣ ਦਿਓ ਪਹਿਲਾਂ ਤੁਹਾਨੂੰ ਸੰਬੋਧਨ ਕਰਾਂਗਾ, ਫਿਰ 60 ਸਾਲ ਹੋਰ ਜੀਅ ਕੇ ਦਿਖਾਵਾਂਗਾ"। ਇੰਨੇ ਨੂੰ ਡਾ. ਤੇਜਿੰਦਰ ਕੌਰ ਕਟਾਰੀਆ ਅੱਗੇ ਵਧੇ ਅਤੇ ਕਿਹਾ ਕਿ ਮੈਂ ਇਸ ਮਰੀਜ਼ ਨੂੰ ਦੇਖਦੀ ਹਾਂ, ਰੇਡਿਓਥੈਰੇਪੀ ਦੇ ਮਾਧਿਅਮ ਰਾਹੀਂ। ਡਾਕਟਰ ਕਿਰਨਮ-ਕਿਰਨੀ ਕਮਰੇ 'ਚੋ ਬਾਹਰ ਨਿਕਲ ਗਏ ਤੇ ਡਾ. ਕਟਾਰੀਆ ਬੜੇ ਇਤਮੀਨਾਨ ਨਾਲ ਮੇਰੇ ਕੋਲ ਰੁੱਕ ਗਏ। ਕਹਿੰਦੇ ਹੁਣ ਇਲਾਜ ਵਿਚ ਹੋਰ ਦੇਰੀ ਨਹੀਂ ਕਰਨੀ। ਹੁਣੇ ਵਿਕਿਰਨ/ ਰੇਡਿਓ ਥੈਰੇਪੀ ਸ਼ੁਰੂ ਕਰਨੀ ਲੋੜੀਂਦੀ ਹੈ। ਉਨ੍ਹਾਂ ਉਸ ਵੇਲੇ ਜੰਗੀ ਪੱਧਰ 'ਤੇ ਤਿਆਰੀ ਕਰਕੇ, ਸਾਰੀਆਂ ਕਾਰਵਾਈਆਂ ਪੂਰੀਆਂ ਕੀਤੀਆਂ ਤੇ 5 ਦਿਸੰਬਰ 2006 ਸ਼ਾਮ ਨੂੰ 5:00 ਵਜੇ ਰੇਡਿਓਥੈਰੇਪੀ ਦੀ ਪਹਿਲੀ ਬੰਬਾਰਮੈਂਟ ਮੇਰੇ ਇਸ ਪਹਿਲਾਂ ਹੀ ਮਧੋਲੇ ਹੋਏ ਸਰੀਰ 'ਤੇ ਕਰ ਦਿੱਤੀ ਅਤੇ ਇੱਕਫਰਿਕਸ਼ਨ ਦੇ ਕੇ ਇਲਾਜ ਸ਼ੁਰੂ ਹੋ ਗਿਆ। ਪਹਿਲਾਂ ਇਕ ਮਸਨੂਈ ਮਸ਼ੀਨ ਨਾਲ ਮੇਰੇ ਸਰੀਰ ਤੇ ਇਕ ਰੰਗਦਾਰ ਡੱਬੀ ਬਣਾ ਕੇ, ਜਿੰਨੇ ਹਿੱਸੇ ਵਿਚੋਂ ਕੈਂਸਰ ਨੂੰ ਰੇਡਿਓਥੈਰੇਪੀ ਨਾਲ ਸਾੜਨਾ ਸੀ, ਨਿਸ਼ਾਨ ਲਾਏ ਅਤੇ ਫਿਰ ਤਹਿਖਾਨੇ 'ਚ ਬਣੇ ਕਮਰੇ 'ਚ ਕਈ ਮੋੜਾਂ ਘੋੜਾਂ ਵਿਚੋਂ ਗੁਜ਼ਰਦਿਆਂ ਮੇਰੇ ਸਟਰੈਚਰ ਨੂੰ ਰੇਡਿਓਥੈਰੇਪੀ ਕੇਂਦਰ ਵਿਚ ਪਹੁੰਚਾਇਆ ਗਿਆ। ਬੜੇ ਵੱਡੇ ਹਾਲ ਦੇ ਐਨ ਵਿਚਕਾਰ ਹਾਲ ਦੀ ਛੱਤ ਤੱਕ ਦੈਂਤ ਵਾਂਗ ਮੂੰਹ ਅੱਡੀ ਖੜ੍ਹੀ ਮਸ਼ੀਨ ਦੇ ਪਲੇਟਫਾਰਮ ਉਤੇ ਮੈਨੂੰ ਲਿਟਾਇਆ, ਬੜੀ ਬਾਰੀਕੀ ਨਾਲ ਮੇਰੇ ਸ਼ਰੀਰ ਨੂੰ ਅੱਗੇ-ਪਿਛੇ ਖੱਬੇ-ਸੱਜੇ ਹਿਲਾ ਕੇ ਰੇਡਿਓਥੈਰੇਪੀ ਕੇਂਦਰ ਦੀ ਸੇਧ ਵਿਚ ਕੀਤਾ ਗਿਆ ਤੇ ਅੰਤ ਨੂੰ ਕੁਝ ਸ਼ਿਕੰਜੇ ਕੱਸ ਕੇ ਕਿ ਮੈਂ ਉਠ ਕੇ ਨਾ ਭੱਜਾਂ, ਸਾਰੇ ਵਾਰਡ ਬੁਆਇਜ਼ ਝੱਟ ਦੇਣੀ ਬਾਹਰ ਆਏ, ਜਿਵੇਂ ਕੋਈ ਬੰਬਾਂ ਦੀ ਮਾਰ 'ਚੋ ਬਚ ਨਿਕਲਣਾ ਚਾਹੁੰਦਾ ਹੈ। ਦਰਵਾਜ਼ੇ ਸੀਲ ਕਰ ਦਿੱਤੇ। ਮੇਰਾ ਧਿਆਨ ਹਾਲ ਦੀ ਛੱਤ ਵੱਲ ਸੀ, ਜਿਥੇ ਐਨ ਵਿਚਕਾਰ ਬੜੇ ਖ਼ੂਬਸੂਰਤ ਦੁਪਹਿਰ ਖਿੜੀ ਦੇ ਗੁਲਾਨਾਰੀ ਫੁੱਲ ਨਜ਼ਰ ਆ ਰਹੇ ਸਨ।

ਬਸ ਚੰਦ ਮਿੰਟਾਂ ਬਾਅਦ ਕਾੜ੍ਹ ਕਾੜ੍ਹ ਦਰਵਾਜ਼ੇ ਖੁੱਲਣ ਦੀਆਂ ਅਵਾਜ਼ਾਂ ਆਈਆਂ ਤੇ ਛੇ ਵਾਰਡ ਬੁਆਏ ਮੈਨੂੰ ਚੁੱਕਣ ਲਈ ਇੰਜ ਆਸੇ-ਪਾਸੇ ਹਾਜ਼ਰ ਹੋਏ ਜਿਵੇਂ ਬੰਬਾਰਮੈਂਟ ਨਾਲ ਨਿਸ਼ਾਨਾ ਫੁੰਡਣ ਤੋਂ ਬਾਅਦ ਰਹਿੰਦ-ਖੂੰਹਦ ਚੁੱਕੀ ਜਾਂਦੀ ਹੈ। ਮੈਨੂੰ ਮੇਰੇ ਕਮਰੇ ਵਿਚ ਪਹੁੰਚਾ ਦਿੱਤਾ ਗਿਆ। ਮਨ ਵਿਚ ਖਿਆਲਾਂ ਦਾ ਸਿਲਸਿਲਾ ਨਵੇਂ ਢੰਗ ਨਾਲ ਸ਼ੁਰੂ ਹੋ ਗਿਆ। ਕਿਸੇ ਨੂੰ ਬਿਜਲੀਆਂ ਲੱਗਣ ਦੀ ਗੱਲ ਅਕਸਰ ਸੁਣੀ ਸੀ ਪਰ ਅੱਜ ਤਾਂ ਮੈਨੂੰ ਹੀ ਬਿਜਲੀਆਂ ਲਾਈਆਂ ਜਾ ਰਹੀਆਂ ਹਨ, ਨਿਵੇਕਲਾ ਤਜ਼ਰਬਾ ਸੀ। ਅਕਸਰ ਰੇਡੀਏਸ਼ਨ ਤੋਂ ਬਚਣ ਬਾਰੇ ਲੈਕਚਰ ਦਿੰਦਾ ਸਾਂ ਤੇ ਅੱਜ ਲੱਖਾਂ ਰੁਪਏ ਖਰਚ ਕੇ ਆਪਣੀ ਰੇਡਿਓਥੈਰੇਪੀ ਕਰਾ ਰਿਹਾ ਸਾਂ। ਪਿੰਡਾਂ ਵਿਚ ਬਿਜਲੀਆਂ ਲੱਗਣ ਬਾਰੇ ਕਈ ਮਿਥਾਂ ਕਹਾਣੀਆਂ ਸੁਣਦੇ ਸਾਂ। ਪੜ੍ਹੇ ਲਿਖੇ ਵਰਗ ਵਿਚ ਰੇਡਿਓਥੈਰੇਪੀ ਦੀ ਗੱਲ ਚਲਦੀ ਸੀ ਤੇ ਹੁਣ ਆਪਣੇ ਹੀ ਸਰੀਰ ਉੱਤੇ ਇਹ ਸਿਲਸਿਲਾ ਚੱਲ ਰਿਹਾ ਸੀ। ਇਥੇ ਰੇਡੀਓਥੈਰੇਪੀ ਕੇਂਦਰ ਬਾਹਰ ਇਕ ਸਹਾਇਕ ਲੜਕੀ, ਕੋਈ 25 ਕੁ ਸਾਲ ਦੀ ਹੋਏਗੀ, ਘਰੋਂ ਗਰੀਬ, ਸਿਹਤ ਦਾ ਖਿਆਲ ਨਾ ਰੱਖਣ ਕਰਕੇ ਮਸਾਂ 18 ਕੁ ਸਾਲ ਦੀ ਲੱਗਦੀ ਸੀ, ਬਾਅਦ 'ਚ ਪਤਾ ਲੱਗਾ ਕਿ ਪੰਜਾਬ ਤੋਂ ਅੱਤਵਾਦ ਪ੍ਰਭਾਵਿਤ ਪਰਿਵਾਰ ਦੀ ਬੇਸਹਾਰਾ ਹੋਈ ਲੜਕੀ ਸੀ। ਮੇਰੇ ਸਟਰੈਚਰ ਦੀ ਉਸ ਨੂੰ ਅਕਸਰ ਉਡੀਕ ਰਹਿੰਦੀ ਤੇ ਕਦੀ ਹੱਥ, ਬਾਂਹ ਸਟਰੈਚਰ ਤੋਂ ਬਾਹਰ ਹੁੰਦਾ ਤਾਂ ਫੜ੍ਹ ਕੇ ਠੀਕ ਕਰ ਦਿੰਦੀ। ਉਹ ਲੜਕੀ ਬੜੀ ਅਪਣੱਤ ਭਰੀਆਂ ਨਜ਼ਰਾਂ ਨਾਲ ਮੈਨੂੰ ਨਿਹਾਰਦੀ ਤੇ ਅਕਸਰ ਕਹਿੰਦੀ ਕਿ ਮੈਂ ਐਸਾ ਮਰੀਜ਼ ਕਦੀ ਨਹੀਂ ਦੇਖਿਆ ਜੋ ਇਲਾਜ ਵਿਚ ਇੰਨਾ ਸਹਿਯੋਗੀ

Sri Satguru Jagjit Singh Ji Elibrary NamdhariElibrary@gmail.com

ਹੋਵੇ। ਕਹਿੰਦੀ, "ਸਮਝ ਨਹੀਂ ਆਉਂਦੀ ਇੰਨੇ ਸਿਹਤਮੰਦ ਬੰਦੇ ਨੂੰ ਇੰਨਾ ਭੈੜਾ ਕੈਂਸਰ ਕਿਵੇਂ ਹੋ ਗਿਆ।" ਮੈਂ ਤੁਹਾਡੀ ਤੰਦਰੁਸਤੀ ਦੀ ਅਕਸਰ ਦੁਆ ਕਰਦੀ ਹਾਂ। "ਇਲਾਜ ਪੂਰਾ ਹੋਣ ਉੱਤੇ ਮੈਂ ਉਸਦੀ ਕੁਝ ਇਮਦਾਦ ਕਰਨੀ ਚਾਹੀ ਲੇਕਿਨ ਉਸਦੀ ਅਣਖ ਨੇ ਇਸਨੂੰ ਗਵਾਰਾ ਨਾ ਕੀਤਾ। ਉਸ ਮਾੜਕੂ ਜਿਹੀ ਕੁੜੀ ਅੰਦਰ ਵੱਡੇ ਇਨਸਾਨ ਦਾ ਦਿਲ ਮੈਨੂੰ ਅੱਜ ਵੀ ਯਾਦ ਹੈ। ਰੱਬ ਉਸਦਾ ਭਲਾ ਕਰੇ।"

ਅਗਲੇ ਦਿਨ ਫਿਰ ਡਾਕਟਰਾਂ ਦੀ ਟੀਮ ਆਪਣੇ ਜਾਹੋ-ਜਲਾਲ ਸਮੇਤ ਮੇਰੇ ਕਮਰੇ ਵਿਚ ਦਾਖ਼ਿਲ ਹੋਈ। ਕਹਿੰਦੇ ਅਮੂਮਨ ਅਸੀਂ ਇਕੋਂ ਵਕਤ ਇਕ ਹੀ ਕਿਸਮ ਦਾ ਇਲਾਜ ਕਰਦੇ ਹਾਂ ਲੇਕਿਨ ਤੁਹਾਡੀ ਹਾਲਤ ਜ਼ਿਆਦਾ ਗੰਭੀਰ ਹੁੰਦਿਆਂ ਦੇਖ ਅਸੀਂ ਰੇਡੀਓਥੈਰੇਪੀ ਦੇ ਨਾਲ ਨਾਲ ਕੀਮੋਥੈਰੇਪੀ ਵੀ ਸ਼ੁਰੂ ਕਰਨਾ ਚਾਹੁੰਦੇ ਹਾਂ, ਇਹ ਜ਼ਿਆਦਾ ਜੋਖ਼ਮਜਦਾ ਕੰਮ ਏ 'ਤੇ ਸਾਨੂੰ ਤੁਹਾਡੀ ਦੂਹਰੀ ਸਵੀਕ੍ਰਿਤੀ ਲੋੜੀਂਦੀ ਹੈ। ਮੈਂ ਹਾਂ ਵਿਚ ਸਿਰ ਹਿਲਾਉਂਦਿਆਂ ਕਿਹਾ ਕਿ ਤੁਸੀਂ ਹਰ ਸੰਭਵ ਇਲਾਜ ਕਰੋ। ਮੈਂ ਚੜ੍ਹਦੀ ਕਲਾ ਵਿਚ ਹੀ ਰਹਾਂਗਾ ਅਤੇ ਹਰ ਕੀਮਤ ਉੱਤੇ ਠੀਕ ਹੋਵਾਂਗਾ। ਲਿਹਾਜ਼ਾ ਕੁਝ ਹੋਰ ਦਵਾਈਆਂ ਮੰਗਵਾਈਆਂ ਗਈਆਂ। ਅਗਲੇ ਦਿਨ ਤੋਂ ਮੇਰੀ ਕੀਮੋਥੈਰੇਪੀ ਵੀ ਸ਼ੁਰੂ ਹੋ ਗਈ। ਫਿਰ ਕੀ ਸੀ, ਚੱਲ ਸੋ ਚੱਲ, ਸਰੀਰ ਅੰਦਰ ਕੈਂਸਰ ਦਾ ਫੈਲਾਓ ਤੇ ਉਸ ਨੂੰ ਰੋਕਣ ਲਈ ਜੰਗੀ ਪੱਧਰ 'ਤੇ ਉਪਚਾਰ ਅਤੇ ਉਹ ਵੀ ਇਕੋ ਵੇਲੇ ਇਕ ਤੋਂ ਵੱਧ ਇਲਾਜ਼। ਕਦੀ ਕੀਮੋਥੈਰੇਪੀ ਦੀ ਇਨਫੈਂਟਰੀ ਚਾਂਗਮਾਰੀ ਕਰਦੀ ਅਤੇ ਕਦੀ ਰੇਡੀਓਥੈਰੇਪੀ ਦਾ ਤੋਪਖ਼ਾਨਾ ਆਪਣੀ ਬੰਬਾਰਮੈਂਟ ਕਰਦਾ। ਇਸ ਵਾਰ ਵਿਚ ਦੁਸ਼ਮਣ ਅਤੇ ਦੋਸਤ ਦੋਹਾਂ ਦਾ ਹੀ ਨਿਸ਼ਾਨਾ ਹੁੰਦਾ।

ਕਹਿੰਦੇ ਨੇ "ਜਬੈ ਬਾਣ ਲਾਗੈ ਤਬੈ ਰੋਸ ਜਾਗੈ", ਮੇਰੀ ਤਬੀਅਤ ਕੁਝ ਐਸੇ ਹਾਲਾਤ ਵਿਚ ਘੜੀ ਗਈ ਹੈ ਕਿ ਵਿਰੋਧੀ ਪ੍ਰਸਥਿਤੀਆਂ ਨਾਲ ਮੇਰਾ ਬਚਪਨ ਤੋਂ ਹੀ ਚੋਲੀ-ਦਾਮਨ ਦਾ ਸਬੰਧ ਰਿਹਾ ਤੇ ਮੇਰੇ ਲਈ ਇਹੀ ਤਕੜੇ ਹੋਣ ਦਾ ਮਾਧਿਅਮ ਵੀ ਬਣਦਾ ਰਿਹਾ। ਜਦ ਕੋਈ ਵਿਰੋਧੀ ਹਾਲਾਤ ਪੈਦਾ ਹੁੰਦੇ ਤਾਂ ਨਕਾਰਾਤਮਕਤਾ ਦੀ ਬਜਾਇ ਮੈਂ ਸੁਭਾਵਕ ਹੀ ਉਸਾਰੂਪਣ ਦਾ ਪੱਲਾ ਘੁੱਟ ਕੇ ਫੜਿਆ ਅਤੇ ਹਰ ਸਥਿਤੀ 'ਚ ਖੁਦ ਨੂੰ ਉਸ ਵਕਤ ਇੰਨਾ ਮਜ਼ਬੂਤ ਕੀਤਾ, ਜਿੰਨਾਂ ਉਸ ਵਿਰੋਧੀ ਹਾਲਾਤ ਵਿਚੋਂ ਨਿਕਲਣ ਲਈ ਚਾਹੀਦਾ ਹੁੰਦਾ ਸੀ। ਜਦ ਕੋਈ ਚੁਣੌਤੀ ਆਉਂਦੀ ਮੇਰਾ ਚਿਹਰਾ ਮੁਸਕਰਾਉਂਦਾ ਲਾਲ ਹੋ ਜਾਂਦਾ, ਜੋਸ਼ੋ-ਖਰੋਸ਼ ਦੀ ਕੋਈ ਹੱਦ ਨਾ ਰਹਿੰਦੀ, ਜਿੱਤਣ ਅਤੇ ਪਾਰ ਹੋਣ ਦੀ ਇਕੋ ਲਲਕ ਲੱਗ ਜਾਂਦੀ ਕਿ ਬਿਨਾਂ ਨਿਰਾਸ਼, ਉਦਾਸ ਹੋਇਆਂ, ਇਨ੍ਹਾਂ ਹਾਲਾਤ ਵਿਚੋਂ ਬਾਹਰ ਨਿਕਲਣਾ ਹੈ ਅਤੇ ਹਮੇਸ਼ਾਂ ਇਸ ਤਰ੍ਹਾਂ ਹੋਇਆ ਵੀ।

ਅੱਜ ਤੱਕ ਐਸੀ ਕੋਈ ਵੀ ਚੁਣੌਤੀ ਨਹੀਂ ਜਿਸਨੂੰ ਮੈਂ ਠੁੱਠ ਨਾ ਦਿਖਾਈ ਹੋਵੇ ਜਾਂ ਜਿਸਨੂੰ ਮੈਂ ਸਟੈੱਪ ਬਣਾ ਕੇ, ਉਸ 'ਤੇ ਪੈਰ ਰੱਖ ਅੱਗੇ ਨਾ ਵਧਿਆ ਹੋਵਾਂ। ਲੇਕਿਨ ਇਹ ਚੁਣੌਤੀ ਤਾਂ ਅਣਕਹੀ ਹੱਦ ਤੱਕ ਖੌਫ਼ਨਾਕ ਤੇ ਅਸੀਮ ਹੱਦ ਤੱਕ ਡਰਾਉਣੀ ਸੀ। ਅਜੀਬ ਸਿਲਸਿਲਾ ਮੈਂ ਦੇਖਿਆ ਤੇ ਖ਼ੁਦ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਮੇਰੀ ਹੋਂਦ, ਮੇਰੀ ਸਿਆਣਪ, ਮੇਰੀ ਸਿਖਿਆ, ਮੇਰੇ ਸੰਪੂਰਨ ਵਿਕਾਸ ਦਾ ਸਰਟੀਫਿਕੇਟ ਇਹ ਸਥਿਤੀ ਤਦ ਬਣੇਗੀ ਜੇਕਰ ਮੈਂ ਇਸ ਵਿਚੋਂ ਭਲੀਭਾਂਤ ਬਾਹਰ ਨਿਕਲ ਕੇ, ਸਮਾਜ ਸਾਹਮਣੇ ਆਉਂਦਾ ਹਾਂ। ਅਗਰ ਇੰਨੇ ਵੱਡੇ ਦੁੱਖ ਦੀਆਂ ਦੁਸ਼ਵਾਰੀਆਂ, ਅੰਤਹੀਣ ਦਰਦਾਂ ਸਾਹਮਣੇ ਹਾਰ ਗਿਆ ਤਾਂ ਗਲਤ ਹੋਵੇਗਾ।

ਮੈਂ ਅਕਸਰ ਇਹ ਐਲਾਨ ਵੀ ਕਰਦਾ ਸਾਂ ਕਿ ਸਾਨੂੰ ਸਵੈ ਦੇ ਸੰਪੂਰਨ ਵਿਕਾਸ ਦੀ ਲੋੜ ਹੈ। ਐਸਾ ਵਿਅਕਤੀਤਵ ਕਿ ਕੁਝ ਵੀ ਹੋ ਜਾਵੇ ਵਿਅਕਤੀ ਦੇ ਚਿਹਰੇ ਦਾ ਜਲੌਅ ਵਧਦਾ ਹੀ ਜਾਵੇ ਤੇ ਕੋਈ ਵੀ ਹਾਲਤ ਚਿਹਰੇ ਦੀ ਮੁਸਕਰਾਹਟ ਨੂੰ ਮੱਠਾ ਨਾ ਪਾ ਸਕੇ। ਇਹ ਭਰੇ ਬਜ਼ਾਰ ਸਭ ਨੂੰ ਕਹਿੰਦਾ ਸਾਂ ਤੇ ਖ਼ੁਦ ਸਾਹਮਣੇ ਐਸੀ ਚੁਣੌਤੀ ਆਈ ਕਿ ਇਮਤਿਹਾਨ ਹੋਣ ਲੱਗ ਪਿਆ। ਤੀਜੇ ਦਰਜੇ ਦੇ ਕੈਂਸਰ ਅਤੇ ਰੀੜ੍ਹ ਦੀ ਹੱਡੀ ਦੇ ਟੁੱਟੇ ਮਣਕਿਆਂ ਵਾਲੀ ਅਵਸਥਾ ਵਿਚੋਂ ਚੜ੍ਹਦੀ ਕਲਾ ਵਿਚ, ਹੱਸਦਿਆਂ ਬਾਹਰ ਨਿਕਲਣਾ ਅਤੇ ਆਪਣੀਆਂ ਕਹੀਆਂ ਗੱਲਾਂ 'ਤੇ ਪੂਰਾ ਉਤਰ ਕੇ ਦਿਖਾਉਣਾ ਵਾਕਿਆ ਹੀ ਇਕ ਬਹੁਤ ਵੱਡੀ ਚੁਣੌਤੀ ਸੀ, ਜੇ ਮੈਂ ਡੋਲ ਗਿਆ ਤਾਂ ਮੇਰਾ ਪ੍ਰਚਾਰਿਆ ਸਾਰਾ ਦਰਸ਼ਨ ਨਿਕੰਮਾ ਸਾਬਿਤ ਹੋ ਜਾਵੇਗਾ।

ਇਹ ਗੱਲ ਮੇਰੀ ਇਸ ਵਕਤ ਦੀ ਸੋਚ ਦੀ ਨਹੀਂ ਸਗੋਂ ਯੁਵਾ ਕਰਮੀ ਸੰਸਥਾ 'ਪਹਿਲ' ਦੀ ਸੀ। ਜਿਸਦੀ ਅੰਸ਼ਕ ਮਾਤਰ ਸੋਚ 1986 ਵਿਚ ਪਨਪਣ ਲੱਗੀ ਸੀ ਅਤੇ 1996 ਤੱਕ ਇਹ ਜੀਵਨ ਫਲਸਫਾ ਬਣ ਕੇ ਵਜੂਦ ਵਿਚ ਆ ਚੁੱਕੀ ਸੀ, ਜਿਸਦਾ ਮੂਲ ਮਨੋਰਥ ਮਾਨਵ ਦੀਆਂ ਸਾਰੀਆਂ ਸ਼ਕਤੀਆਂ ਜਿਸ ਵਿਚ ਸਿਹਤ, ਸਿੱਖਿਆ, ਵਾਤਾਵਰਨ ਅਤੇ ਵਾਣੀ ਦਾ ਸੰਜੋਗ ਆ ਜਾਂਦਾ ਹੈ, ਦੇ ਵਿਕਾਸ ਦੀ ਗੱਲ ਹੈ। ਮੇਰਾ ਅਜਿਹਾ ਮੰਨਣਾ ਇਸ ਘਟਨਾ ਨਾਲ ਸਹੀ ਸਾਬਿਤ ਹੋਇਆ ਕਿ ਅਗਰ ਵਿਅਕਤੀ ਦੀਆਂ ਚਾਰੇ ਸ਼ਕਤੀਆਂ ਸੰਗਠਿਤ ਰੂਪ 'ਚ ਵਿਕਸਿਤ ਹੋ ਜਾਣ ਤਾਂ ਮਾਨਵ ਨੂੰ ਵੱਡੀ ਤੋਂ ਵੱਡੀ ਚੁਣੌਤੀ ਡੇਗ ਨਹੀਂ ਸਕਦੀ। ਮੇਰੇ ਨਾਲ ਵਾਪਰੀ ਘਟਨਾ ਨੇ ਮੈਨੂੰ ਇਸ ਗੱਲ ਦਾ ਦਾਅਵੇਦਾਰ ਬਣਾ ਦਿੱਤਾ ਕਿ ਅਸੰਭਵ ਲਗਦੇ ਕੰਮਾਂ ਨੂੰ ਵੀ ਸੰਭਵ ਕੀਤਾ ਜਾ ਸਕਦਾ ਹੈ। ਇਹ ਗੱਲ ਵੀ ਸੋਲ੍ਹਾਂ ਆਨੇ ਸੱਚ ਹੈ ਅਗਰ ਵਿਅਕਤੀ ਦਾ, ਪਰਿਵਾਰ ਦਾ, ਸਮਾਜ ਦਾ, ਮੁਲਕ ਦਾ ਜਾਂ ਦੁਨੀਆਂ ਦਾ ਸਹੀ ਵਿਕਾਸ ਕਰਨਾ ਹੈ ਤਾਂ ਇਸਦਾ ਸਿੱਧਾ ਤੇ ਸਫਲ ਰਸਤਾ ਹੋਰ ਕੋਈ ਨਹੀਂ। ਇਹ ਸੰਪੂਰਨ ਵਿਅਕਤੀਤਵ ਵੱਲ ਜਾਂਦਾ ਨਿਸ਼ਚਿਤ ਅਤੇ ਸਫਲ ਮਾਰਗ ਹੈ।

ਖੈਰ ਐਸਾ ਤਾਂ ਕੋਈ ਸਵਾਲ ਹੀ ਨਹੀਂ ਸੀ ਕਿ ਮੈਂ, ਇਕ ਛਿੱਕ ਆਉਣ ਨਾਲ ਰੀੜ੍ਹ ਦੀ ਹੱਡੀ ਦੇ ਚਾਣਚੱਕ ਟੁੱਟੇ ਮਣਕਿਆਂ ਨੂੰ ਦੇਖ ਖੌਫਜ਼ਦਾ ਨਾ ਹੋਇਆ ਹੁੰਦਾ, ਲੇਕਿਨ ਜਲਦੀ ਸੰਭਲ ਗਿਆ ਤੇ ਹਾਲਾਤ ਨੂੰ ਸਮਝ ਗਿਆ :-

ਜ਼ਿੰਦਗੀ ਦਾ ਫ਼ਲਸਫ਼ਾ ਰਗ ਰਗ 'ਚ ਹੈ,
ਕਿਉਂ ਨਾ ਗਾਵਾਂ ਜ਼ਿੰਦਗੀ ਹੀ ਜ਼ਿੰਦਗੀ।

ਇਹ ਗੀਤ ਗਾਉਂਦਿਆਂ ਮੈਂ ਅੱਗੇ ਵਧਿਆ। ਕੈਂਸਰ ਦੇ ਦੋਹਾਂ ਕਿਸਮਾਂ ਦੇ ਚਲਦੇ, ਖੌਫ਼ਨਾਕ ਇਲਾਜਾਂ ਦੌਰਾਨ ਬੜਾ ਕੁਝ ਸੀ ਜੋ ਹਰ ਰੋਜ਼ ਸਵੇਰੇ ਉਠ ਕੇ ਸ਼ਾਮ ਤੱਕ ਕਰਨ ਲਈ ਹੁੰਦਾ ਸੀ। ਸਵੇਰੇ ਉਠ ਕੇ ਸ਼ਾਮ ਸੌਣ ਤੱਕ ਕਹਿਣ ਦੀ ਬਜਾਇ ਸਵੇਰੇ

Sri Satguru Jagjit Singh Ji Elibrary NamdhariElibrary@gmail.com

ਅੱਖਾਂ ਖੋਲ੍ਹਣ ਤੋਂ ਸੌਣ ਲਈ ਅੱਖਾਂ ਭੀੜਨ ਤੱਕ ਕਹਾਂ, ਕਿਉਂਕਿ ਰੀੜ੍ਹ ਦੇ ਮਣਕੇ ਟੁੱਟੇ ਹੋਣ ਕਾਰਨ ਮੈਂ ਤਾਂ 24 ਘੰਟੇ ਇਕ ਲੱਕੜ ਦੀ ਗੇਲੀ ਵਾਂਗ ਬਿਨਾਂ ਹਿਲਜੁਲ ਸਿਧਾ ਰੱਖਿਆ ਹੋਇਆ ਸੀ ਤੇ ਇਸੇ ਹਾਲਤ ਵਿਚ ਖਾਣ-ਪੀਣ, ਟੱਟੀ-ਪਿਸ਼ਾਬ, ਦਵਾ-ਦਾਰੂ ਯਾਨਿ ਕਿ ਸਭ ਕੁਝ ਕਰਨਾ ਸੀ। ਮੈਂ ਸਭ ਕਾਸੇ ਨੂੰ ਖਿੜੇ ਮੱਥੇ ਸਵੀਕਾਰ ਕੀਤਾ। ਬਾਣੀ ਦੀ ਸਤਰ ਹੈ :-

"ਕੇਤੀਆ ਦੁਖ ਭੁਖ ਸਦਮਾਰਿ
ਏਹਿ ਭੀ ਦਾਤਿ ਤੇਰੀ ਦਾਤਾਰ"

ਅਜਿਹੀ ਸੋਚ ਮੋਹਰੇ ਨਤਮਸਤਕ ਹੁੰਦਿਆਂ ਆਪਣੇ ਆਪ ਨੂੰ ਇਸ ਅਵਸਥਾ ਦੇ ਹਾਣ ਦਾ ਬਣਾਉਣ ਦੀ ਕੋਸ਼ਿਸ਼ ਕੀਤੀ, ਯਕੀਨਨ ਇਹ ਹੋਇਆ ਵੀ। ਸਵੈ ਬਲ, ਮਨੋਬਲ, ਸਵੈਆਦੇਸ਼ ਨੂੰ ਇੰਨਾ ਪ੍ਰਬਲ ਕੀਤਾ ਕਿ ਜੜ੍ਹ ਵਸਤਾਂ ਨੂੰ ਵੀ ਆਦੇਸ਼ ਦੇਣ ਲੱਗਾ। ਮਸਲਨ ਇਲਾਜ ਵਧਾਉਂਦਿਆਂ ਡਾਕਟਰਾਂ ਕੁਝ ਵਾਧੂ ਦਵਾਈਆਂ ਜਿਨ੍ਹਾਂ ਦੀ ਐਮਰਜੈਂਸੀ ਲੋੜ ਪੈ ਸਕਦੀ ਸੀ, ਮੇਰੇ ਕਮਰੇ ਦੀ ਇਕ ਨੁੱਕਰੇ ਰੱਖੀਆਂ, ਮੈਂ ਉਸ ਗੱਤੇ ਦੇ ਡੱਬੇ ਨੂੰ ਆਦੇਸ਼ ਦੇਣ ਲੱਗ ਪਿਆ ਕਿ ਮੈਨੂੰ ਕਿਸੇ ਵਾਧੂ ਦਵਾਈ ਦੀ ਲੋੜ ਨਹੀਂ ਅਤੇ ਡੱਬਿਆਂ ਤੈਨੂੰ ਖੁੱਲ੍ਹਣ ਨਹੀਂ ਦੇਵਾਂਗਾ ਤੇ ਉਹ ਡੱਬਾ ਖੁੱਲ੍ਹਿਆ ਵੀ ਨਹੀਂ। ਦੂਸਰਾ ਜਦ ਡਾਕਟਰ ਆਉਂਦਾ ਤਾਂ ਅਕਸਰ ਕਹਿੰਦਾ ਕਿ ਇਸ ਦੇ ਸਪੰਜਿਗ ਕਰਦੇ ਰਿਹਾ ਕਰੋ, ਬੈੱਡ-ਸੋਰ ਨਾ ਹੋ ਜਾਣ, ਮੈਂ ਆਪਣੇ ਸਰੀਰ ਨੂੰ ਸੰਬੋਧਨ ਕਰਨ ਲੱਗਾ ਕਿ ਦੇਖੀਂ ਮੇਰੀ ਕੰਡ ਨਾ ਲਗਵਾਂ ਦੇਵੀ। ਤੇਰੇ 'ਤੇ ਕੋਈ ਨਿਸ਼ਾਨ ਨਹੀਂ ਪੈਣਾ ਚਾਹੀਦਾ, ਸਬੱਬੀ ਮੇਰੇ ਸਰੀਰ ਉੱਤੇ ਕੋਈ ਬੈੱਡ-ਸੋਰ ਜਾਂ ਬਾਹਰੀ ਸਰੀਰ ਤੇ ਕੋਈ ਨਿਸ਼ਾਨ ਨਹੀਂ ਪਿਆ। ਇੰਜ ਇਕ ਪੂਰੇ ਦਿਨ ਦੀ ਰੁਟੀਨ ਬਣ ਗਈ, ਵੱਖ ਵੱਖ ਥਾਵਾਂ 'ਤੇ ਇਲਾਜ਼ ਖਾਤਿਰ ਜਾਣ ਦੀ ਵਾਰੀ ਬੱਝ ਗਈ। ਸਿਸਟਰਾਂ, ਵਾਰਡ ਬੁਆਏ, ਨਰਸਾਂ, ਡਾਕਟਰ, ਹਸਪਤਾਲ, ਦਵਾਈਆਂ ਅਤੇ ਟੀਕੇ, ਗੱਲ ਕੀ ਚੌਤਰਫ਼ੀ ਐਸਾ ਮਾਹੌਲ। ਮੇਰੇ ਪ੍ਰੋਟੀਨ ਅਸੰਤੁਲਤ ਸਨ, ਐਮ ਸਪਾਈਕ ਬੇਹੱਦ ਵਧਿਆ ਹੋਇਆ, ਹੱਡੀਆਂ ਵਿਚ ਕੈਲਸ਼ੀਅਮ ਦੀ ਕਮੀ ਅਤੇ ਖ਼ੂਨ ਵਿਚ ਕੈਲਸ਼ੀਅਮ ਜ਼ਿਆਦਾ, ਬੜੀ ਵਚਿਤਰ ਹਾਲਤ। ਕਮਰੇ ਵਿਚ ਅਸੀਂ ਦੋਵੇਂ ਜੀਅ, ਇਕ ਬਣ ਕੇ ਰਹਿੰਦੇ ਸਾਂ। ਹਰਵਿੰਦਰ ਹੀ ਮੇਰੇ ਹੱਥ-ਪੈਰ ਸੀ। ਹਰ ਦਵਾਈ, ਖਾਣੇ ਦਾ ਹਰ ਨਿਵਾਲਾ, ਲੀੜੇ-ਕਪੜੇ ਦੀ ਜ਼ਰੂਰਤ ਸਭ ਹਰਵਿੰਦਰ ਦੇ ਕਰ ਕਮਲਾਂ ਨਾਲ ਹੀ ਨੇਪਰੇ ਚੜ੍ਹਦੀ। ਉਹ 24 ਘੰਟੇ ਆਹਰੇ ਲੱਗੀ ਰਹਿੰਦੀ ਭਾਂਵੇ ਇਥੇ ਬੈਠ ਕੇ ਰੋਟੀ-ਟੁੱਕ ਦਾ ਆਹਰ ਨਹੀਂ ਸੀ ਕਰਨਾ, ਲੇਕਿਨ ਆਪਣੇ ਇਕ ਤਨ ਨਾਲ ਦੋ ਜ਼ਿੰਦਗੀਆਂ ਜੀਅ ਰਹੀ ਸੀ। ਉਸ ਦਾ ਮਨ ਦੋ ਤਨਾਂ ਦੇ ਮਾਧਿਅਮ ਵਿਚ ਵਿਚਰ ਰਿਹਾ ਸੀ। ਮੈਂ ਤਾਂ ਪੂਰਾ ਅਟੰਕ ਸਾਂ, ਬਿਲਕੁੱਲ ਬੇਫ਼ਿਕਰ ਮਸਤ-ਮੌਲਾ। ਇਕੋ ਲਗਨ ਤੇ ਤੋਰ ਅਨੰਤ। ਮੰਜ਼ਿਲ ਇਹ ਕਿ ਕੈਂਸਰ ਨੂੰ ਇਕ ਪਾਸੇ ਕਰ, ਸੰਪੂਰਨ ਜ਼ਿੰਦਗੀ ਜੀਣੀ ਤੇ ਵੱਡੇ ਕੰਮਾਂ ਨੂੰ ਸਰਅੰਜ਼ਾਮ ਦੇਣਾ। ਮੈਂ ਕਿਤੇ ਇਕ ਦਾਰਸ਼ਨਿਕ ਕਿਸਮ ਦਾ ਲੇਖ ਪੜ੍ਹਿਆ ਸੀ, 'ਜਨਮ ਬਾਰੇ'। ਚੁਪਾਇਆ ਦੇ ਸਾਰੇ ਬੱਚੇ ਜੰਮਦੇ ਸਾਰ ਚੰਦ ਮਿੰਟਾਂ ਵਿਚ ਸੁਤੰਤਰ ਹੋ ਕੇ ਆਪਣੀ ਮਾਂ ਦਾ ਦੁੱਧ ਆਪੇ ਪੀ ਕੇ ਵੱਡੇ ਹੋ ਸਕਦੇ ਹਨ ਲੇਕਿਨ ਇਨਸਾਨ ਐਸਾ ਚੁਪਾਇਆ ਹੈ ਜੋ ਆਪਣੇ ਬੱਚੇ ਨੂੰ ਇੰਨਾ ਸਮਾਂ ਆਪਣੀ ਕੁੱਖ ਵਿਚ ਨਹੀਂ ਰੱਖ ਸਕਦਾ। ਜੇਕਰ ਕੁਦਰਤ ਐਸਾ ਵਿਧਾਨ ਕਰੇ ਤਾਂ ਮਾਂ ਨੂੰ ਨਹੀਂ ਬਚਾਇਆ ਜਾ ਸਕਦਾ। ਇਸ ਕਾਰਜ ਲਈ ਤਕਰੀਬਨ 21 ਮਹੀਨੇ ਚਾਹੀਦੇ ਹਨ। ਇਸ ਖ਼ਾਤਿਰ ਇਕ ਕੁਦਰਤੀ ਸ਼ਰਤ ਬਣ ਗਈ ਕਿ ਨੌਂ ਮਹੀਨੇ ਦੇ ਬੱਚੇ ਨੂੰ ਜਨਮ ਦੇ ਕੇ 12 ਮਹੀਨੇ ਸੀਨੇ ਲਾ ਕੇ ਦੁੱਧ ਪਿਲਾਉਣਾ ਅਤੇ ਨਿੱਘ ਦੇਣਾ, ਫਿਰ ਕਿਤੇ ਜਾ ਕੇ ਬੱਚਾ ਕੁਝ ਇਕ ਸੁਤੰਤਰ ਕਿਰਿਆਵਾਂ ਦੇ ਕਾਬਿਲ ਹੁੰਦਾ ਹੈ। ਮੇਰੇ ਕੇਸ ਵਿਚ ਤਾਂ 44 ਸਾਲਾਂ ਦੇ ਬਾਲ ਨੂੰ ਜਨਮ ਦੇਣਾ ਸੀ ਤੇ ਜਨਮ ਦੇਣ ਲਈ ਅਸੀਂ ਦੋਵੇਂ ਜ਼ਿੰਮੇਦਾਰ ਸਾਂ। ਬੜੀ ਵੱਡੀ ਚੁਣੌਤੀ ਸੀ। ਅਗਰ ਸਮਾਂ ਵੰਡ ਵੀ ਲਿਆ ਜਾਵੇ ਤਾਂ 22-22 ਸਾਲ ਦੇ ਹਿੱਸਿਆਂ ਵਿਚ ਬਣਦਾ ਸੀ। ਇਹ ਇਕ ਅਣਕਿਆਸਿਆਂ ਅਸੰਭਵ ਜਿੰਨਾ ਮੁਸ਼ਕਿਲ ਕੰਮ ਸੀ। ਲੇਕਿਨ ਅਸੀਂ ਦੋਵੇਂ ਕਾਮਯਾਬ ਹੋਏ। ਇੰਨੇ ਵੱਡੇ ਬਾਲ ਦਾ ਜਨਮ ਹੋਇਆ। ਜਨਮ ਪੀੜਾ ਤਾਂ ਅਜੇ ਵੀ ਮੁਕੀਆਂ ਨਹੀਂ ਨਿਰੰਤਰ ਹੱਡ-ਕੜਕਾਊ ਢੰਗ ਨਾਲ ਚੱਲ ਹੀ ਰਹੀਆਂ ਹਨ। ਜਦੋਂ ਜਲੰਧਰੋਂ ਦਿੱਲੀ ਗਏ ਸਾਂ ਤਾਂ ਰਸਤੇ ਵਿਚ ਐਂਬੂਲੈਂਸ ਦਾ ਸਾਇਰਨ ਵੱਜਦਾ ਰਿਹਾ। ਕੰਨ ਸਾਇਰਨ ਸੁਣਨ ਦੇ ਆਦੀ ਹੋ ਗਏ। ਜਦ ਵੀ ਕੋਈ ਹੂਟਰ ਵੱਜਦਾ ਤਾਂ ਮੈਨੂੰ ਐਂਬੂਲੈਂਸ ਹੀ ਲੱਗੇ। ਮੇਰੇ ਕਮਰੇ ਵਾਲੇ ਪਾਸੇ 24 ਘੰਟੇ ਮਿੰਟ ਮਿੰਟ ਬਾਅਦ ਸਾਇਰਨ ਵਜਦਾ, ਮੈਂ ਮਨ ਹੀ ਮਨ ਸੋਚਦਾ ਕਿ ਸਮਾਜ ਦੀ ਇੰਨੀ ਭਿਆਨਕ ਹਾਲਤ ਬਣ ਚੁੱਕੀ ਹੈ ਕਿ ਕੈਂਸਰ ਹਸਪਤਾਲ ਵਿਚ ਮਿੰਟ ਮਿੰਟ ਬਾਅਦ ਐਂਬੂਲੈਂਸ ਆਉਂਦੀ ਹੈ। ਬਾਅਦ 'ਚ ਪਤਾ ਲੱਗਾ ਕਿ ਇਹ ਸਾਇਰਨ ਤਾਂ ਨਾਲ ਲੱਗਦੇ ਮੈਟਰੋ ਸਟੇਸ਼ਨ ਤੋਂ ਮੈਟਰੋ ਦਾ ਸੁਣਾਈ ਦਿੰਦਾ ਹੈ ਜੋ ਪਤਾ ਨਾ ਹੋਣ ਕਰਕੇ ਮੈਨੂੰ ਐਂਬੂਲੈਂਸ ਦਾ ਸਾਇਰਨ ਲੱਗ ਰਿਹਾ ਸੀ। ਪਿਛਲੇ ਸਾਲਾਂ ਵਿਚ ਕਿਸੇ ਨਾ ਕਿਸੇ ਕੈਂਸਰ ਮਰੀਜ਼ ਦੇ ਬਹਾਨੇ ਮੈਂ ਕੈਂਸਰ ਬਾਰੇ ਕਾਫੀ ਪੜ੍ਹ ਚੁੱਕਾ ਸਾਂ। ਮੈਂ ਇਹ ਜਾਣ ਚੁੱਕਾ ਸਾਂ ਕਿ ਜ਼ਿਆਦਾਤਰ ਕੈਂਸਰ ਲਾਇਲਾਜ, ਘਾਤਕ ਅਤੇ ਮਾਰੂ ਹਨ, ਪਰ ਕੈਂਸਰ ਦਾ ਇਲਾਜ ਵੀ ਕੈਂਸਰ ਤੋਂ ਘੱਟ ਮਾਰੂ ਨਹੀਂ। ਮੈਂ ਅਕਸਰ ਕਹਿੰਦਾ ਹਾਂ ਕਿ ਜਦ ਤੱਕ ਕਿਸੇ ਅੰਦਰ ਕੈਂਸਰ ਹੈ ਤਾਂ ਸਰੀਰ ਅੰਦਰ ਮਾਰਨ ਵਾਲਾ ਇਕ ਹੈ ਤੇ ਉਹ ਹੈ ਕੈਂਸਰ ਜੋ ਹੋਲੀ ਹੋਲੀ ਮਾਰਦਾ ਹੈ ਪ੍ਰੰਤੂ ਜਦੋਂ ਇਲਾਜ ਸ਼ੁਰੂ ਹੁੰਦਾ ਹੈ ਤਾਂ ਮਾਰਨ ਵਾਲਿਆਂ ਦੀ ਗਿਣਤੀ ਦੋ ਹੋ ਜਾਂਦੀ ਹੈ। ਇਨ੍ਹਾਂ ਦੋਹਾਂ ਵਿਚ ਫਸੀ ਨਿਮਾਣੀ ਇਨਸਾਨੀ ਜਾਨ, ਜੋ ਆਪਣੀ ਔਕਾਤ ਮੁਤਾਬਕ ਕੈਂਸਰ ਸਾਹਮਣੇ ਕੁਝ ਵੀ ਨਹੀਂ। ਮੈਂ ਇਸ ਹਾਲਤ ਵਿਚ ਵੀ ਖ਼ੁਦ ਇਨ੍ਹਾਂ ਦੋਵੇਂ ਵੁਜ਼ੂਆਤ ਵਿਚ ਫਸਿਆ ਕੈਂਸਰ ਦੇ ਇਲਾਜ ਦਾ ਖਾਜਾ ਬਣਿਆ ਹੋਇਆ ਸੀ। ਮੇਰੇ ਅੰਦਰ ਇਕ ਮਾਰੂ ਕੈਂਸਰ, ਦੂਜੀ ਮਾਰੂ ਰੇਡੀਓਥੈਰੇਪੀ, ਤੀਜੀ ਮਾਰੂ ਕੀਮੋਥੈਰੇਪੀ ਅਤੇ ਇਸ ਤਿੱਕੜੀ ਵਿਚ ਫਸੀ ਮੇਰੀ ਨਿਮਾਣੀ ਜਿੰਦ। ਹਰ ਰੋਜ਼ ਨਵੇਂ ਤੋਂ ਨਵੇਂ ਟੈਸਟ, ਦਵਾਈਆਂ, ਬੱਸ ਇਕ ਜੰਗ ਜਾਰੀ ਸੀ ਜਿਸ ਨੂੰ ਜਿੱਤਣ ਲਈ ਮੈਂ ਪੂਰਾ ਵਿਸ਼ਵਾਸੀ ਹੁੰਦਿਆਂ, ਬੜੇ ਜ਼ੋਸ਼ੋ-ਖਰੋਸ਼ ਵਿਚ ਰਹਿੰਦਾ ਸਾਂ। ਹਰ ਕਿਸੇ ਨੂੰ ਇਹ ਕਹਿਣਾ ਕਿ ਮੈਂ ਚੜ੍ਹਦੀ ਕਲਾ 'ਚ ਹਾਂ, ਬੈੱਡ ਤੇ ਪਿਆਂ ਵੀ ਵਧੀਆ ਦਿਨ ਬੀਤ ਰਹੇ ਸਨ ਤੇ ਮੈਂ ਜਲਦੀ ਹੀ ਇਸ ਚੰਦਰੀ ਬੀਮਾਰੀ ਤੋਂ ਨਿਜ਼ਾਤ ਪਾ ਕੇ ਜ਼ਿੰਦਗੀ ਦੀ ਗੱਡੀ ਨੂੰ ਜਰਨੈਲੀ ਸੜਕ ਤੇ ਵਾਹੋ ਵਾਹ ਦੌੜਾਵਾਂਗਾ।

ਚਲਦਾ....

Sri Satguru Jagjit Singh Ji Elibrary NamdhariElibrary@gmail.com

ਦੋ ਅਮਲੀ

- ਬਲਦੇਵ ਮਾਧੋਪੁਰੀ

ਦੋ ਅਮਲੀ ਬੈਠੇ.... ਇਕ ਕਹੀ ਜਾਵੇ: "ਬੱਕਰੀ ਚੜ੍ਹੀ ਪਹਾੜ ਤੇ... ਵਾਹ ਭਈ ਵਾਹ ! ਵਾਹ ਭਈ ਵਾਹ !!"

ਦੂਜਾ ਬੋਲਿਆ (ਥੋੜ੍ਹਾ ਜਿਹਾ ਔਖਾ ਹੋਕੇ)- "ਓਏ, ਇਕੋ ਰਟ ਲਾਈ ਜਾਨੈ- ਬੱਕਰੀ ਚੜ੍ਹੀ ਪਹਾੜ ਤੇ... ਵਾਹ ਭਈ ਵਾਹ ! ਵਾਹ ਭਈ ਵਾਹ !!... ਅੱਗੋਂ ਵੀ ਕੁਝ ਬੋਲ ? ਐਵੇਂ ਦਮਾਕ ਖਾਈ ਜਾਨੈ ?"

ਪਹਿਆ ਅਮਲੀ- ਓ ਅੱਗੋਂ ਕੀ ਬੋਲਾਂ, ਮੁੜ ਕੇ ਪਹਾੜ ਤੋਂ ਉਤਰੀ ਈ ਨਹੀਂ। ਅੱਜ ਚਾਰ ਦਿਨ ਹੋ ਗਏ ਆ, ਦੋ ਘੁੱਟ ਚਾਹ ਬਣਾਉਣ ਤੋਂ ਵੀ ਔਖੇ ਆਂ... ਜਦੋਂ ਮਰਜ਼ੀ ਲੱਤੋਂ ਫੜਕੇ ਚੋਅ ਲਈਦੀ ਸੀ। ਚਾਹ ਤੋਂ ਬਗੈਰ ਨਸ਼ਾ ਈ ਨਹੀਂ ਖਿੜਦਾ !"

ਦੂਜਾ ਅਮਲੀ ਬੋਲਿਆ- "ਓਏ ਤੂੰ ਬੱਕਰੀ ਨੂੰ ਰੋਈ ਜਾਨੈ... ਏਧਰ ਮੇਰੇ ਘਰ ਵਾਲੀ ਨੂੰ, ਆਟੇ ਦੇ ਦੁੱਖੋਂ ਪੇਕੇ ਗਈ ਨੂੰ ਹਫਤਾ ਹੋ ਗਿਐ, ਮੁੜ ਕੇ ਆਈ ਨਈਂ ! ਕਹਿੰਦੀ, ਆਹ ਲੈ ਸਾਂਭ ਨਿਆਣਿਆਂ ਦੀ ਪੰਡ, ਮੈਂ ਚੱਲੀ ਆਂ ਆਪਣੇ ਮਾਪਿਆਂ ਦੇ , ਘਰ 'ਚ ਭੰਗ ਭੁੱਜਦੀ ਆ, ਜਦੋਂ ਇੰਤਜਾਮ ਹੋ ਜੂ, ਓਦੋਂ ਆ ਜੂੰਗੀ।"

ਪਹਿਲਾ ਅਮਲੀ- "ਅੱਛਾ ਤਾਂ ਤੇ ਬੜਾ ਔਖਾ ! ਫੇਰ ਤਾਂ ਰੋਟੀਆਂ ਵੀ ਆਪ ਈ ਪਕੌਣੀਆਂ ਪੈਂਦੀਆਂ ਹੋਣਗੀਆਂ ?"

ਦੂਜਾ ਅਮਲੀ- ਹੋਰ ਕੀ, ਆਪੇ ਲੂਹ-ਬਾਲਣ ਕਰਨਾ ਪੈਂਦਾ।

ਪਹਿਲੇ ਅਮਲੀ ਨੇ ਨਵੀਂ ਗੱਲ ਛੋਹੀ- ਅਮਲੀਆ ਹੋਰ ਗੱਲਾਂ ਦਾ ਪਤਾ ਲੱਗਾ... ਆਪਣੇ ਵੇਲੇ ਤਾਂ ਸ਼ਰਾਬ, ਫੀਮ ਡੋਡਿਆਂ ਦਾ ਅਮਲ ਹੁੰਦਾ ਸੀ... ਅੱਜ ਕਲ ਹੋਰ ਈ ਅਮਲ (ਨਸ਼ੇ) ਤੁਰ ਪਏ... ਐਥੀ ਮੁੰਡੇ ਡੋਲਿਆਂ ਤੇ ਟੀਕੇ ਲਾ ਕੇ ਆਪਣਾ ਝਸ ਪੂਰਾ ਕਰਦੇ ਆ, ਕੈਪਸੂਲ ਖਾਂਦੇ ਆ ਦੁਕਾਨਾਂ ਤੋਂ ਲੈ ਕੇ। ਥੋੜ੍ਹੇ ਚਿਰਾਂ ਤੋਂ ਇਕ ਨਵਾਂ ਈ ਨਸ਼ਾ ਤੁਰ ਪਿਆ 'ਚਿੱਟਾ'। ਇਹ ਪਤਾ ਨਈਂ ਕੀ ਬਲਾ ਐ ? ਜੋ ਮੁੰਡੀਰ ਆ ਸਭ ਇਸ ਨਸ਼ੇ ਵੱਲ ਨੂੰ ਤੁਰ ਪਈ ਆ... ਪਤਾ ਨਈਂ ਕਿਧਰੋਂ ਆਈ ਜਾਂਦਾ ?"

ਦੂਜਾ ਅਮਲੀ- "ਆਹੋ ਬਈ ! ਔਹ ਫਲਾਣਿਆਂ ਦਾ ਮੁੰਡਾ ਚੰਗਾ ਪੜ੍ਹਿਆ ਲਿਖਿਆ, ਉਹਨੂੰ ਖਬਰੇ ਕਿਧਰੋਂ ਲਤ ਪੈ ਗਈ, ਹਰ ਵੇਲੇ ਗੋਲੀਆਂ ਖਾ ਕੇ ਲੱਟੂ ਹੋਇਆ ਰਹਿੰਦਾ। ਘਰੋਂ ਬਹਾਨੇ ਬਣਾ ਕੇ ਪੈਸੇ ਲਈ ਜਾਂਦਾ ਆ ਤੇ ਆਪਣਾ ਨਸ਼ਾ ਪੂਰਾ ਕਰਦਾ। ਗੋਲੀਆਂ ਖਾ ਕੇ ਜਿੱਥੇ ਮਰਜ਼ੀ ਪਿਆ ਰਹਿੰਦਾ ! ਕਦੇ-ਕਦਾਈਂ ਚੋਰੀ-ਚਕਾਰੀ ਨੂੰ ਵੀ ਹੱਥ ਮਾਰ ਲੈਂਦਾ, ਲੋਕਾਂ ਦੀਆਂ ਚੀਜ਼ਾਂ ਚੁੱਕ ਕੇ ਵੇਚ ਦਿੰਦਾ।"

ਪਹਿਲਾ ਅਮਲੀ- "ਤੈਨੂੰ ਇਕ ਹੋਰ ਗੱਲ ਦੱਸਾਂ, ਪਤਾ ਲੱਗਾ, ਆਹ ਜਿਹੜੀਆਂ ਬਿਜਲੀ ਦੀਆਂ ਮੋਟਰਾਂ ਨੂੰ ਤਾਰਾਂ ਲੱਗਦੀਆਂ, ਕਹਿੰਦੇ ਉਨ੍ਹਾਂ ਵਿਚ ਇੱਕ ਚਿੱਟੇ ਰੰਗ ਦਾ ਪੋਡਰ ਪਾਇਆ ਹੁੰਦਾ... ਉਸ ਦਾ ਨਸ਼ਾ ਬਹੁਤ ਐ। ਨਸ਼ੇੜੀ ਓਹੀ ਤਾਰਾਂ ਕੱਟ ਕੇ ਉਸ ਵਿਚੋਂ ਪੋਡਰ ਕੱਢ ਕੇ ਖਾਂਦੇ ਆ। ਇਹ ਨਵੀਂ ਸਕੀਮ ਪਤਾ ਨਈਂ ਕਿਧਰੋਂ ਕੱਢ ਲਈ ਇਨ੍ਹਾਂ ਨੇ ?"

ਦੂਜਾ ਅਮਲੀ- "ਆਹੋ ਯਾਰ, ਹੁਣ ਤਾਂ ਇਨ੍ਹਾਂ ਨਸ਼ਿਆਂ ਦਾ ਬੜਾ ਭੁਆਰਾ ਹੋ ਗਿਆ। ਹੁਣ ਤਾਂ ਕੁੜੀਆਂ ਵੀ ਇਹੋ ਨਸ਼ੇ ਕਰਨ ਲੱਗ ਪਈਆਂ। ਗੋਲੀਆਂ ਖਾ ਕੇ ਨਸ਼ੇ ਦੀ ਮਸਤੀ ਵਿੱਚ ਘੁੰਮਦੀਆਂ ਰਹਿੰਦੀਆਂ ਮੁੰਡਿਆਂ ਨਾਲ ਬਾਹਾਂ 'ਚ ਬਾਹਾਂ ਪਾ ਕੇ। ਹੁਣ ਤਾਂ ਬਾਹਲਾ ਈ ਵਧ ਗਿਆ ਏਹ ਕੰਮ।"

ਪਹਿਲਾ ਅਮਲੀ- "ਅਮਲੀਆ, ਹੈ ਤਾਂ ਬੜੀ ਮਾੜੀ ਇਹ ਗੱਲ, ਪੰਜਾਬ ਦੇ ਬਹੁਤ ਸਾਰੇ ਨੌਜਵਾਨ ਪੜ੍ਹ ਲਿਖ ਕੇ ਬਾਹਰਲੇ ਮੁਲਕਾਂ ਨੂੰ ਤੁਰੇ ਜਾਂਦੇ ਹਨ... ਤੇ ਬਚਦੇ ਇਸ ਨਸ਼ੇ ਦੀ ਭੈੜੀ ਲਤ ਵਿਚ ਫਸਦੇ ਜਾ ਰਹੇ ਹਨ, ਕੀ ਬਣੂੰਗਾ ਸਾਡੇ ਦੇਸ਼ ਦਾ ? ਸਰਕਾਰਾਂ ਨੂੰ ਇਸ ਬਾਰੇ ਕੁਝ ਸੋਚਣਾ ਚਾਹੀਦਾ।"

ਦੂਜਾ ਅਮਲੀ- "ਮੈਂ ਸੁਣਿਆ ਸਰਕਾਰ ਨੇ ਇਨ੍ਹਾਂ ਭੈੜੇ ਨਸ਼ਿਆਂ ਤੋਂ ਛੁਟਕਾਰਾ ਦੁਆਉਣ ਲਈ ਕਈ ਥਾਵਾਂ ਤੇ 'ਨਸ਼ਾ ਛੁੜਾਊ ਕੇਂਦਰ' ਖੋਲ੍ਹ ਦਿੱਤੇ ਹਨ, ਜਿੱਥੇ ਨਸ਼ੇੜੀ ਨੂੰ ਭਰਤੀ ਕਰਕੇ ਨਸ਼ੇ ਤੋਂ ਮੁਕਤ ਕਰਾਉਣ ਲਈ ਦੁਆਈਆਂ ਦਿੱਤੀਆਂ ਜਾਂਦੀਆਂ।"

ਪਹਿਆ ਅਮਲੀ- "ਗੱਲ ਤਾਂ ਗੌਰਮਿੰਟ ਦੀ ਇਹ ਚੰਗੀ ਆ, ਪਰ ਸੁਣਨ ਵਿਚ ਆਇਆ ਕਿ ਕੇਂਦਰ ਤੋਂ ਆ ਕੇ ਕੁਝ ਨਸ਼ੇੜੀ ਫੇਰ ਏਸੇ ਪਾਸੇ ਵਲ ਨੂੰ ਤੁਰ ਪੈਂਦੇ ਹਨ ਤੇ ਪੁਰਾਣੇ ਅੱਡਿਆਂ ਤੇ ਪਹੁੰਚ ਕੇ ਮਾਲ ਖਰੀਦ ਕੇ ਨਸ਼ਾ ਕਰਨ ਲੱਗ ਪੈਂਦੇ ਹਨ ਤੇ ਆਪਣੀ ਜ਼ਿੰਦਗੀ ਨੂੰ ਨਰਕ ਵਲ ਨੂੰ ਤੋਰਦੇ ਹਨ। ਮਾਪੇ ਵਿਚਾਰੇ ਓਦਾਂ ਦੁਖੀ ! ਨਾਲੇ ਲੋਕਾਂ ਵਿੱਚ ਬਦਨਾਮੀ, ਨਾਲੇ ਪੈਸੇ ਬਰਬਾਦ ਹੁੰਦੇ ਹਨ। ਔਹ ਫਲਾਣੇ ਦੇ ਮੁੰਡੇ ਨੇ ਵੀ ਇਹੋ ਕੰਮ ਕੀਤਾ। ਉਹ ਤਾਂ ਕਿਤੇ ਮੂੰਹ ਦਿਖਾਉਣ ਜੋਗੇ ਨਹੀਂ ਰਹੇ।"

ਦੂਜਾ ਅਮਲੀ- "ਪਰ ਬਈ ਇਹ ਤਾਂ ਨਸ਼ੇ ਕਰਨ ਵਾਲਿਆਂ ਨੂੰ ਅਤੇ ਨੌਜਵਾਨ ਪੀੜ੍ਹੀ ਨੂੰ ਸੋਚਣਾ ਚਾਹੀਦਾ ਕਿ ਸਾਡੀ ਜ਼ਿੰਦਗੀ ਏਨ੍ਹਾਂ ਭੈੜੇ ਨਸ਼ਿਆਂ ਨਾਲ ਬਰਬਾਦ ਹੁੰਦੀ ਆ ! ਅਸੀਂ ਇਹ ਮਾੜਾ ਕੰਮ ਕਿਉਂ ਕਰੀਏ ? ਰੱਬ ਏਨ੍ਹਾਂ ਨਸ਼ੇ ਕਰਨ ਵਾਲਿਆਂ ਨੂੰ ਸੁਮੱਤ ਬਖਸ਼ੇ ! ਚੱਲ ਉੱਠ ਘਰਾਂ ਨੂੰ ਚਲੀਏ... ਤੇਰੀ ਬੱਕਰੀ ਤਾਂ ਪਹਾੜੋਂ ਨਹੀਂ ਉਤਰੀ, ਨਾ ਈ ਉਤਰਨੀ ਆ। ਮੈਂ ਵੀ ਨਿਆਣਿਆਂ ਲਈ ਆਟੇ ਦਾ ਇੰਤਜ਼ਾਮ ਕਿਤੋਂ ਕਰਦਾਂ।"

ਦੋਵੇਂ ਅਮਲੀ ਉੱਠ ਕੇ ਆਪੋ-ਆਪਣੇ ਘਰਾਂ ਵਲ ਨੂੰ ਤੁਰ ਪਏ !!

V.P.O. ਮਾਧੋਪੁਰ (ਫਗਵਾੜਾ)
ਸੰਪਰਕ: **9815304011**

Sri Satguru Jagjit Singh Ji Elibrary NamdhariElibrary@gmail.com

ਪੁਸਤਕ ਰੀਵੀਊ

ਪੁਸਤਕ -------- ਸੰਤ ਕੇਹਰ ਸਿੰਘ ਨਾਮਧਾਰੀ (ਜੀਵਨੀ ਅਤੇ ਪਰਿਵਾਰ) ਪ੍ਰਕਾਸ਼ਕ ------ ਲੇਖਕ, ਆਪ
ਲੇਖਕ -------- ਸੂਬਾ ਸੁਰਿੰਦਰ ਕੌਰ ਖਰਲ, ਭਗਵੰਤ ਸਿੰਘ ਨਾਮਧਾਰੀ ਭੇਟਾ ------- 500/ਰੁਪਏ

ਨਾਮਧਾਰੀ ਪੰਥ ਦਾ ਇਤਿਹਾਸ, ਸਮਾਜ ਸੁਧਾਰਕਾਂ ਦਾ ਇਤਿਹਾਸ, ਦੇਸ਼ ਭਗਤਾਂ ਦਾ ਇਤਿਹਾਸ ਅਤੇ ਗਊ ਗਰੀਬ ਦੇ ਰਖਿਆ ਕਰਨ ਵਾਲਿਆਂ ਦਾ ਇਤਿਹਾਸ ਹੈ। ਸਤਿਗੁਰਾਂ ਦੀ ਕਿਰਪਾ ਸਦਕਾ ਸਿਰਫ਼ ਨਾਮਧਾਰੀਆਂ ਨੇ ਇਤਿਹਾਸ ਸਿਰਜਿਆਂ ਹੀ ਨਹੀਂ, ਸਗੋਂ ਉਸ ਨੂੰ ਕਲਮ ਦੀ ਨੋਕ ਹੇਠ ਲਿਆ ਕੇ ਭਵਿੱਖ ਵਿਚ ਸਾਂਭ ਸੰਭਾਲ ਕਰਨ ਲਈ, ਮਾਰਗ ਦਰਸ਼ਨ ਲਈ ਅਤੇ ਉਸ ਤੋਂ ਸੇਧ ਲੈਣ ਲਈ ਲੇਖਕਾਂ ਨੇ ਪੁਸਤਕਾਂ ਦੇ ਰੂਪ ਵਿਚ ਸੰਭਾਲ ਲਿਆ ਹੈ ਅਤੇ ਸਾਂਭ ਭੀ ਰਹੇ ਹਨ।

ਬਿਰਧ ਸਿੱਖਾਂ ਦੀ ਘਾਲ ਕਮਾਈ ਅਤੇ ਉਹਨਾਂ ਦੇ ਜਾਤੀ ਤਜ਼ਰਬੇ ਅਤੇ ਫਿਰ ਗੁਰੂ ਘਰ ਦੀਆਂ ਅੱਖੀਂ ਡਿੱਠੀਆਂ ਘਟਨਾਵਾਂ ਨੂੰ ਸੰਭਾਲਣਾ ਅਤੇ ਉਹਨਾਂ ਨੂੰ ਕਲਮ ਦੀ ਨੋਕ ਹੇਠ ਲਿਆ ਕੇ ਸੰਭਾਲਣਾ ਵੀ ਜ਼ਰੂਰੀ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਕਰਮ ਸਿੰਘ ਹਿਸਟੋਰੀਅਨ ਨੇ ਅੰਗਰੇਜ਼ ਸਿੱਖਾਂ ਦੀ ਲੜਾਈਆਂ ਅਤੇ ਖਾਲਸਾ ਰਾਜ ਦੇ ਅੰਤਮ ਦਿਨਾਂ ਬਾਰੇ ਅੱਖੀ ਡਿੱਠੇ ਬਿਰਧਾਂ ਦੇ ਬਿਆਨ ਪਿੰਡ ਪਿੰਡ ਵਿਚ ਘੁੰਮ ਫਿਰ ਕੇ ਅਤੇ ਦੂਰ ਦੁਰਾਡੇ ਜਾ ਕੇ ਇਕਤਰ ਕੀਤੇ ਸਨ ਅਤੇ ਫਿਰ ਪੁਸਤਕ ਰੂਪ ਵਿਚ ਛਪਵਾਏ ਸਨ ਜੋ ਇਤਿਹਾਸ ਖੋਜੀਆਂ ਲਈ ਰਾਹ ਦਸੇਰਾ ਬਣ ਚੁਕੇ ਹਨ।

ਕੁਝ ਸਮੇਂ ਤੋਂ ਨਾਮਧਾਰੀ ਪੰਥ ਦੇ ਵਿਦਵਾਨ ਲਿਖਾਰੀਆਂ ਦਾ ਧਿਆਨ ਇਸ ਪਾਸੇ ਵੱਲ ਗਿਆ ਹੈ, ਇਸ ਪੱਖ ਤੇ ਕੁਝ ਮਿਆਰੀ ਕੰਮ ਹੋਇਆ ਹੈ, ਇਸ ਨੂੰ ਹੋਰ ਅੱਗੇ ਵਧਾਉਣ ਦੀ ਲੋੜ ਹੈ। ਕੁਝ ਸੰਮਾਂ ਪਹਿਲਾਂ ਮੈਨੂੰ ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਤੇ ਅਫਰੀਕਾ ਤੋਂ ਆਏ ਇਕ ਗੁਰਸਿਖ ਨੇ ਦੱਸਿਆ ਸੀ ਕਿ ਉਸ ਕੋਲ ਫੋਟੋ ਸਟੈਟ ਕਾਪੀਆਂ ਦੇ ਰੂਪ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ 150 ਹੁਕਮਨਾਮੇ ਮੌਜੂਦ ਹਨ ਅਤੇ ਇਸ ਤਰ੍ਹਾਂ ਉਹਨਾਂ ਕੋਲ ਸੰਤ ਸੰਤੋਖ ਸਿੰਘ ਬਾਹੋਵਾਲ ਦੇ ਗਰੰਥ ਸਤਿਗੁਰੂ ਬਿਲਾਸ ਦੇ ਹੱਥ ਲਿਖਤ ਸਰੂਪ ਦੀ ਫੋਟੋ ਸਟੈਟ ਰੂਪ ਮੌਜੂਦ ਹੈ ਜੋ ਉਸ ਨੇ ਸ੍ਰੀ ਮਹਾਰਾਜ ਜੀ ਤੋਂ ਪ੍ਰਾਪਤ ਕੀਤੇ ਸਨ। ਉਸ ਨੇ ਇਹ ਵੀ ਦੱਸਿਆ ਕਿ ਉਸ ਕੋਲ ਸਤਿਜੁਗ ਦੇ ਪੁਰਾਣੇ ਅੰਕ ਅਤੇ ਸਤਿਗੁਰੂ ਪ੍ਰਤਾਪ ਸਿੰਘ ਜਾਂਦਾ ਇਤਿਹਾਸ ਜੋ ਉਸ ਨੇ ਅੱਖੀਂ ਦੇਖਿਆ ਸਾਂਭਿਆ ਪਿਆ ਹੈ, ਲੋੜ ਹੈ ਕਿ ਉਸ ਦੀ ਵੀ ਸਾਂਭ ਸੰਭਾਲ ਕੀਤੀ ਜਾਵੇ ਅਤੇ ਪ੍ਰਕਾਸ਼ਤ ਕਰਕੇ ਪਾਠਕਾਂ ਤੱਕ ਪਹੁੰਚਾਇਆ ਜਾਵੇ।

ਇਸ ਪਾਸੇ ਕਾਮਰੇਡ ਸੁਵਰਨ ਸਿੰਘ ਵਿਰਕ ਅਤੇ ਬੀਬੀ ਅਸਬਿੰਦਰ ਕੌਰ ਨੇ ਮਿਆਰੀ ਕੰਮ ਕੀਤਾ ਹੈ। ਵਿਰਕ ਸਾਹਿਬ ਨੇ ਆਪਣੇ ਪਿਤਾ ਵਲੋਂ ਲਿਖਾਏ ਇਤਿਹਾਸ ਨੂੰ "ਅੱਖੀਂ ਡਿੱਠਾ ਕਿੱਸਾ" ਸਿਰਲੇਖ ਪ੍ਰਕਾਸ਼ਤ ਕੀਤਾ ਹੈ ਅਤੇ ਬੀਬੀ ਜੀ ਵਲੋਂ ਜਥੇਦਾਰ ਅਮਰ ਸਿੰਘ ਜੀ ਦਾ ਤਿਆਰ ਕੀਤੀ ਸਵੈ ਜੀਵਨੀ ਦੇ ਰੂਪ ਨੂੰ ਸੰਪਾਦਨਾ ਕਰਕੇ ਪਾਠਿਕਾਂ ਸਾਹਮਣੇ ਲਿਆਂਦਾ ਹੈ।

ਸੂਬਾ ਸੁਰਿੰਦਰ ਕੌਰ ਖਰਲ ਅਤੇ ਉਹਨਾਂ ਦੇ ਪਤੀ ਦੇਵ ਭਗਵੰਤ ਸਿੰਘ ਨਾਮਧਾਰੀ ਨੇ ਆਪਣੇ ਪਰਵਾਰ ਦੇ ਇਤਿਹਾਸ ਨੂੰ ਸੰਤ ਕੇਹਰ ਸਿੰਘ ਨਾਮਧਾਰੀ ਦੇ ਸਿਰਲੇਖ ਹੇਠਾ ਸਾਂਭਣ ਦਾ ਯਤਨ ਕੀਤਾ ਹੈ। ਸੰਤ ਕੇਹਰ ਸਿੰਘ ਜੀ ਪਿੰਡ ਛੈਹਿਰ ਜ਼ਿਲ੍ਹਾ ਰੋਪੜ ਦੇ ਮੁਢਲੇ ਵਸਨੀਕ ਸਨ। ਉਹ ਰਾਮਗੜ੍ਹੀਆ ਸਮਾਜ ਨਾਲ ਸੰਬੰਧਤ ਸਨ। ਉਹਨਾਂ ਦੇ ਦਾਦਾ ਜੀ ਜੋ ਘਟੋੜਾ (ਘਟੋਰੋੜਾ) ਗੋਤ ਨਾਲ ਸੰਬੰਧਤ ਸਨ, ਉਹ ਰੋਟੀ ਰੋਜ਼ੀ ਖਾਤਰ 35 ਚੱਕ ਜ਼ਿਲ੍ਹਾ ਲਾਇਲਪੁਰ ਚਲੇ ਗਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ 1947 ਈਸਵੀ ਵਿਚ ਉਹਨਾਂ ਦਾ ਹੁਕਮ ਮੰਨ ਕੇ ਲਾਇਲਪੁਰ ਤੋਂ ਵਾਪਸ ਪਿੰਡ ਛੈਹਿਰ ਆ ਗਏ ਸਨ ਅਤੇ ਫਿਰ ਪਰਵਾਰ ਰੋਪੜ ਆ ਵਸਿਆ। ਬੀਬੀ ਸੁਰਿੰਦਰ ਕੌਰ ਨੇ ਇਹ ਪੁਸਤਕ ਬੜੀ ਖੋਜ ਭਰਪੂਰ ਲਗਨ ਨਾਲ ਤਿਆਰ ਕੀਤੀ ਅਤੇ ਸੰਤ ਕੇਹਰ ਸਿੰਘ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਬਾਖੂਬੀ ਵਰਣਨ ਕੀਤਾ ਹੈ।

ਸੰਤ ਕੇਹਰ ਸਿੰਘ ਜੀ ਪੰਥਕ ਕਾਰਜਾਂ ਨੂੰ ਬਹੁਤ ਲਗਨ ਅਤੇ ਸੁਘੜਤਾਂ ਨਾਲ ਨਿਭਾਅ ਕੇ ਸਤਿਗੁਰਾਂ ਦੀਆਂ ਖੁਸ਼ੀਆਂ ਹਾਸਲ ਕਰਦੇ ਸਨ। ਉਹਨਾਂ ਦਾ ਘਰ ਸਦਾ ਗੁਰਸਿੱਖੀ ਦਾ ਗੜ੍ਹ ਬਣਿਆ ਰਹਿੰਦਾ ਅਤੇ ਦਿਨ ਰਾਤ ਲੋਹ ਲੰਗਰ ਤਪਦੇ ਰਹਿੰਦੇ, ਸੰਤਾਂ ਮਹਾਂਪੁਰਸ਼ਾਂ ਦੇ ਮੇਲੇ ਲੱਗੇ ਰਹਿੰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਵੀ ਰੋਪੜ ਜਾਂ ਫਿਰ ਉਸ ਤੋਂ ਅੱਗੇ ਜਾਂਦੇ ਸਨ ਤਾਂ ਸੰਤਾਂ ਦੇ ਗ੍ਰਹਿ ਵਿਖੇ ਅਵਸ਼ ਚਰਨ ਪਉਂਦੇ ਸਨ। ਸੰਤਾਂ ਦੀ ਕਿਰਪਾ ਨਾਲ ਰੋਪੜ ਸ਼ਹਿਰ ਅਤੇ ਇਲਾਕੇ ਵਿਚ ਅਨੇਕ ਪ੍ਰਾਣੀ ਸਿੰਘ ਸਜੇ ਸਨ।

ਸੰਤ ਰਛਪਾਲ ਸਿੰਘ ਹਜੂਰੀ ਸੇਵਕ ਨੇ ਪੁਸਤਕ ਦੀ ਭੂਮਿਕਾ ਲਿਖੀ ਹੈ ਜਿਸ ਵਿਚ ਉਹਨਾਂ ਨੇ ਸੰਤਾਂ ਦੇ ਜੀਵਨ ਬਾਰੇ ਭਰਪੂਰ ਚਾਨਣਾ ਪਾਇਆ ਹੈ। ਕਈ ਐਸੇ ਵਾਕਿਆਤ ਦਾ ਭੂਮਿਕਾ ਵਿਚ ਜ਼ਿਕਰ ਕੀਤਾ ਹੈ ਜਿਨ੍ਹਾਂ ਦਾ ਵਰਨਣ ਹੋਰ ਕਿਧਰੇ ਨਹੀਂ ਮਿਲਦਾ ਹੈ। ਸੰਤ ਭਗਵੰਤ ਸਿੰਘ ਅਤੇ ਸੂਬਾ ਸੁਰਿੰਦਰ ਕੌਰ ਨੇ ਬੜੇ ਖੋਜ ਭਰਪੂਰ ਢੰਗ ਨਾਲ ਆਪਣੇ ਭਾਵ ਸੰਤਾਂ ਦੇ ਪਰਵਾਰ ਦੀ ਵੇਰਵੇ ਸਹਿਤ ਜਾਣਕਾਰੀ ਦਿੱਤੀ ਹੈ ਅਤੇ ਪਰਵਾਰ ਦੇ ਬੰਸਾਵਲੀ ਨਾਮੇ ਤਿਆਰ ਕਰਕੇ ਪਾਠਕਾਂ ਦੀ ਨਜ਼ਰ ਕੀਤੇ ਹਨ। ਇਥੇ ਹੀ ਬਸ ਨਹੀਂ, ਉਹਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪਰਵਾਰ ਅਤੇ ਸੰਗਤ ਦੀਆਂ ਦੁਰਲਭ ਤਸਵੀਰਾਂ ਪ੍ਰਕਾਸ਼ਤ ਕਰਕੇ ਨਾਮਧਾਰੀ ਇਤਿਹਾਸ ਨੂੰ ਸਾਂਭਣ ਦਾ ਉਪਰਾਲਾ ਕੀਤਾ ਹੈ। ਇਸ ਤੋਂ ਬਿਨਾਂ ਉਹਨਾਂ ਨੇ ਆਪਣੇ ਪਰਵਾਰ ਦੀਆਂ ਤਸਵੀਰਾਂ ਵੀ ਪ੍ਰਕਾਸ਼ਤ ਕਰਕੇ ਬਹੁਤ ਵੱਡਾ ਸਾਹਿਤ ਜਗਤ ਅਤੇ ਉਹਨਾਂ ਪਰਵਾਰਾਂ ਤੇ ਅਹਿਸਾਨ ਕੀਤਾ ਹੈ। ਐਸੀ ਅਨਮੋਲ ਪੁਸਤਕ ਦੀ ਪ੍ਰਕਾਸ਼ਨਾ ਤੇ ਮੈਂ ਸੰਤ ਭਗਵੰਤ ਸਿੰਘ ਅਤੇ ਸੂਬਾ ਸੁਰਿੰਦਰ ਕੌਰ ਖਰਲ ਨੂੰ ਵਧਾਈਆਂ ਦੇਂਦਾ ਹਾਂ। ਪਾਠਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਪੁਸਤਕ ਨੂੰ ਪ੍ਰਾਪਤ ਕਰਕੇ ਜ਼ਰੂਰ ਪੜ੍ਹਨ।

ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

Sri Satguru Jagjit Singh Ji Elibrary NamdhariElibrary@gmail.com

ਪ੍ਰਤੀਕਿਰਿਆ

ਨਵੰਬਰ ਮਹੀਨੇ ਦਾ ਵਰਿਆਮ ਸਤਿਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਵਿਸ਼ੇਸ਼ ਅੰਕ ਹੈ। ਇਹ ਸਪੈਸ਼ਲ ਅੰਕ 188 ਸਫ਼ੇ ਦਾ ਹੋ ਗਿਆ ਹੈ। ਇਸ ਅੰਕ ਵਿਚ ਬਹੁਤ ਸਾਰੇ ਸਵਰਗਵਾਸੀ ਲੇਖਕਾਂ ਦੀ ਰਚਨਾ ਸ਼ਾਮਿਲ ਕੀਤੀ ਗਈ ਹੈ। ਜੋ ਕਿ ਪਰਚੇ ਨੂੰ ਸੁਹਾਵਣਾ ਬਣਾ ਗਈ ਹੈ। ਪਰਚੇ ਦੀ ਵਿੱਖ ਅਤੇ ਰਚਨਾਵਾਂ ਦੀ ਚੋਣ ਤੋਂ ਸੰਪਾਦਕ ਦੀ ਕਾਬਲੀਅਤ ਝਲਦੀ ਹੈ। ਸੰਪਾਦਕੀ ਦੇ ਮੁੱਢਲੇ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੀਰਤੀ ਨੂੰ ਰੌਸ਼ਨ ਕਰਦੇ ਹਨ।

ਵਰਿਆਮ ਦੇ ਖਜ਼ਾਨੇ ਵਿਚੋਂ ਜਗਦੀਸ਼ ਸਿੰਘ ਵਰਿਆਮ ਜੀ ਦਾ ਇਕ ਬਹੁਮੁੱਲਾ ਲੇਖ ਸ਼ਾਮਲ ਕੀਤਾ ਗਿਆ ਹੈ ਜੋ ਉਸ ਸਮੇਂ ਦੇ ਹਾਲਾਤ ਉੱਤੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਉੱਤੇ ਚਾਨਣਾ ਪਾਉਂਦਾ ਹੈ।

ਵਰਿਆਮ ਸਿੰਘ ਸੰਧੂ ਜੀ ਦਾ ਲੇਖ 'ਗੁਰੂ ਨਾਨਕ ਤੇ ਅੱਜ' ਗੁਰੂ ਜੀ ਦੇ ਵੇਲੇ ਦੀ ਤੇ ਅੱਜ ਦੀ ਗੱਲ ਕਰਦਾ ਹੈ। ਉਨ੍ਹਾਂ ਬਹੁਤ ਖੂਬਸੂਰਤੀ ਨਾਲ ਸਾਰੇ ਹਾਲਾਤ ਉਤੇ ਚਾਨਣਾ ਪਾਇਆ ਹੈ।

ਡਾ. ਲਖਵਿੰਦਰ ਸਿੰਘ ਜੌਹਲ ਅਤੇ ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਆਪਣੀ ਕਵਿਤਾ ਵਿਚ ਬਾਬੇ ਨਾਨਕ ਦੀ ਕੀਰਤੀ ਦੇ ਗੁਣ ਗਾਏ ਹਨ।

ਤਾਰਾ ਸਿੰਘ ਅਣਜਾਣ ਜੀ ਨੇ ਚੁੱਪ ਰਹਿਣ ਨੂੰ ਹੀ ਭਲਾ ਦੱਸਿਆ ਹੈ। ਡਾ. ਹਰਿਭਜਨ ਸਿੰਘ ਜੀ ਨੇ ਗੁਰੂ ਨਾਨਕ ਜੀ ਨੂੰ "ਸਾਡੇ ਸੱਭਿਆਚਾਰ ਦੇ ਆਦਿ ਬਾਬਾ ਜੀ" ਕਿਹਾ ਹੈ। ਲਾਲਾ ਧਨੀ ਰਾਮ ਚਾਤ੍ਰਿਕ ਜੀ ਦੀ ਕਲਮ ਬਾਬਾ ਨਾਨਕ ਦੇ ਗੁਣ ਗਾਉਂਦੀ ਹੈ ਤੇ ਗੁਰਬਚਨ ਸਿੰਘ ਭੁੱਲਰ ਜੀ ਨੇ ਬਾਬਾ ਨਾਨਕ ਨੂੰ ਅਸਹਿਣਸ਼ੀਲਤਾ ਦੇ ਹਨੇਰੇ ਵਿਚ ਨੂਰ ਦਾ ਸੋਮਾ ਕਹਿ ਕੇ ਵਡਿਆਇਆ ਹੈ।

ਸਤਨਾਮ ਸਿੰਘ ਮਾਣਕ ਜੀ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਇਕ ਢੁਕਵਾਂ ਅਵਸਰ ਦੱਸਿਆ ਹੈ। ਡਾ. ਹਿਮਾਦਰੀਬੈਨਰ ਜੀ ਕਲਕੱਤਾ ਨੇ ਦੱਸਿਆ ਹੈ ਕਿ ਸਿੱਖ ਅਤੇ ਸਿੱਖੀ 550 ਸਾਲ ਦਾ ਸਫਰ ਤਹਿ ਕਰ ਚੁੱਕੇ ਹਨ। ਉਨ੍ਹਾਂ ਵਧਾਈ ਦਿੰਦਿਆਂ ਖੁਸ਼ੀ ਜਾਹਰ ਕੀਤੀ ਹੈ। ਮਾਸਟਰ ਅਮਰੀਕ ਸਿੰਘ ਜੀ ਨੇ ਆਪਣੀ ਰਚਨਾ ਨਾਲ ਬਾਬੇ ਨਾਨਕ ਦਾ ਸਜਦਾ ਕੀਤਾ ਹੈ।

ਬਾਬੂ ਫਿਰੋਜ਼ਦੀਨ ਸ਼ਰਫ ਜੀ ਨੇ ਬਾਬੇ ਦੀ ਉਪਮਾ ਵਿਚ ਆਪਣੀ ਕਲਮ ਚਲਾਈ ਹੈ। ਡਾ. ਜਸਪਾਲ ਸਿੰਘ ਜੀ ਨੇ ਬਾਬੇ ਨਾਨਕ ਨੂੰ ਅੰਤਰ ਧਰਮ ਸੰਵਾਦ ਦੇ ਮੋਢੀ ਦੱਸਿਆ ਹੈ। ਹਰਭਜਨ ਗਿੱਲ ਜੀ ਨੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਮੌਕੇ ਪੰਜਾਬ ਦੇ ਸਭਿਆਚਾਰਕ ਸੰਕਟ ਦੀ ਗੱਲ ਕਰਕੇ ਆਪਣੇ ਵਿਚਾਰ ਸਾਂਝੇ ਕੀਤੇ ਹਨ। ਜਸਵੰਤ ਜਫ਼ਰ ਨੇ ਇਕ ਕਵਿਤਾ ਰਾਹੀਂ ਇਸ ਪਰਚੇ ਵਿਚ ਆਪਣੀ ਹਾਜ਼ਰੀ ਲੁਆਈ ਹੈ। ਡਾ. ਸੁਖਦੇਵ ਸਿੰਘ ਸਿਰਸਾ ਜੀ ਨੇ ਸੱਭਿਆਚਾਰਕ ਨਵ-ਜਾਗਰਣ ਤੇ ਨਾਨਕ ਬਾਣੀ ਦੀ ਗੱਲ ਕਰਕੇ ਹਾਜਰੀ ਲੁਆਈ ਹੈ।

ਸ. ਸੁਵਰਨ ਸਿੰਘ ਜੀ ਵਿਰਕ ਬਹੁਤ ਹੀ ਖੋਜੀ ਸੱਜਣ ਹਨ। ਉਨ੍ਹਾਂ ਦੀ ਰਚਨਾ 'ਗੁਰ ਸਾਖੀ ਜੋਤਿ ਜਗਾਇ, ਦੀਵਾ ਬਾਲਿਆ" ਨੇ ਪੂਰਾ ਇਤਿਹਾਸ ਸਾਡੇ ਸਾਹਮਣੇ ਸਿਰਜ ਦਿੱਤਾ ਹੈ। ਪ੍ਰੋ. ਮੋਹਨ ਸਿੰਘ ਜੀ ਨੇ ਬਾਬੇ ਨਾਨਕ ਨੂੰ ਇਕ ਵਾਰ ਫਿਰ ਆਉਣ ਲਈ ਹਾੜ੍ਹਾ ਕੱਢਿਆ ਹੈ। ਸ. ਤਰਲੋਚਨ ਸਿੰਘ ਜੀ ਸਾਬਕਾ ਮੈਂਬਰ ਪਾਰਲੀਮੈਂਟ ਤਾਂ ਸਿੱਖ ਇਤਿਹਾਸ ਦੇ ਨਾਮਵਰ ਸੱਜਣ ਹਨ। ਉਹ ਬੇਧੜਕ ਹੋ ਕੇ ਆਪਣੀ ਗੱਲ ਕਹਿ ਦਿੰਦੇ ਹਨ।

ਉਸਤਾਦ ਹਰਭਜਨ ਸਿੰਘ ਜੀ ਨੇ ਗੁਰੂ ਸਾਹਿਬਾਨ ਵਲੋਂ ਸੰਗੀਤ ਦੀ ਅਦੁੱਤੀ ਦੇਣ ਦੀ ਗੱਲ ਕੀਤੀ ਹੈ। ਸੰਗੀਤ ਐਸੀ ਚੀਜ਼ ਹੈ ਜੋ ਮੁਰਦਾ ਰੂਹਾਂ ਵਿਚ ਜਾਨ ਪਾ ਦਿੰਦਾ ਹੈ। ਹਰਜਿੰਦਰ ਸਿੰਘ ਰਾਗੀ ਨੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਨੂੰ ਦੇਣ ਬਾਰੇ ਵਿਚਾਰ ਸਾਂਝੇ ਕੀਤੇ ਹਨ। ਗੁਰਬਖਸ਼ ਸਿੰਘ ਜੀ ਮਠਾਰੂ ਯੂ.ਕੇ. ਤੋਂ ਵੀ ਸੰਗੀਤ ਨਾਲ ਓਤ ਪ੍ਰੋਤ ਅਭੁੱਲ ਯਾਦਾਂ ਦੀ ਸਾਂਝ ਆਪਣੀ ਕਲਮ ਰਾਹੀਂ ਪਾਉਂਦੇ ਹਨ। ਬਾਕੀ ਲੇਖਕ ਵੀਰਾਂ ਨੇ ਵੀ ਬਹੁਤ ਹੀ ਸੁੰਦਰ ਤਰੀਕੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਹਨ। ਕੁਲ ਮਿਲਾ ਕੇ ਵਰਿਆਮ ਦਾ ਇਹ ਅੰਕ ਆਪਣੀ ਭਰਪੂਰ ਹਾਜਰੀ ਲੁਆ ਗਿਆ ਹੈ। ਵਰਿਆਮ ਦੇ ਸੰਪਾਦਕ ਅਤੇ ਸਟਾਫ ਨੂੰ ਬਹੁਤ-ਬਹੁਤ ਮੁਬਾਰਕ। ਪਰਚਾ ਸਾਂਭਣਯੋਗ ਹੈ।

ਭੁਪਿੰਦਰ ਉਸਤਾਦ

Sri Satguru Jagjit Singh Ji Elibrary NamdhariElibrary@gmail.com

ਖ਼ਬਰਨਾਮਾ

ਸੰਤ. ਹਰਭਜਨ ਸਿੰਘ ਜੀ ਔਰੰਗਾਬਾਦ ਨਮਿਤ ਪਾਠ ਦਾ ਭੋਗ ਅਤੇ ਅੰਮਿਤ ਅਰਦਾਸ

ਸੰਤ ਹਰਭਜਨ ਸਿੰਘ ਜੀ, (ਔਰੰਗਾਬਾਦ ਵਾਲੇ), ਤਿੰਨ ਗੁਰੂ ਸਾਹਿਬਾਨਾਂ ਨਾਲ, ਪੂਰਨ ਸ਼ਰਧਾ ਅਤੇ ਸਤਿਕਾਰ ਭਰਿਆ ਸਿੱਖੀ ਜੀਵਨ-ਨਿਰਵਾਹ ਕਰਕੇ, 11 ਨਵੰਬਰ 2019 ਨੂੰ, ਗੁਰੂ ਚਰਣਾਂ ਵਿਚ ਜਾ ਬਿਰਾਜੇ ਹਨ।

ਨਾਮਧਾਰੀ ਪੰਥ ਨਾਲ ਜੁੜਿਆ ਸ਼ਾਇਦ ਹੀ ਕੋਈ ਸਰੀਰ ਹੋਵੇ, ਜੋ ਸੇਠ ਜੀ ਦੀ ਮਿਲਾਪੜੀ ਅਤੇ ਸਰਵ ਪੱਖੀ ਸਹਿਯੋਗੀ ਸ਼ਖ਼ਸੀਅਤ ਤੋਂ ਜਾਣੂੰ ਨਾ ਹੋਵੇ। ਪਹਿਲਾਂ ਲਖਨਊ ਅਤੇ ਫੇਰ ਮਹਾਰਾਸ਼ਟਰ ਦੇ ਔਰੰਗਾਬਾਦ ਜਾ ਵਸੇ, ਇਸ ਕਰਮਯੋਗੀ ਦੀ ਸਤਿਗੁਰੂ ਅਤੇ ਸਿੱਖੀ ਲਈ ਪ੍ਰਤੀਬੱਧਤਾ, ਇਕ ਨਿਵੇਕਲਾ ਪ੍ਰਮਾਣ ਹੈ।

ਔਰੰਗਾਬਾਦ ਦੇ ਫਾਰਮ ਹਾਊਸ ਵਿਚ, "ਸ੍ਰੀ ਰਾਮ ਹਰੀ ਮੰਦਿਰ" (ਗੁਰਦੁਆਰਾ), ਸੰਪਰਦਾਇਕ ਸਦਭਾਵਨਾ, ਸਾਂਝੀਵਾਲਤਾ ਅਤੇ ਸਮਾਜਕ ਸਮਰਸਤਾ ਦਾ ਦੁਰਲਭ ਪ੍ਰਤੀਕ ਹੈ। ਇਥੇ ਸਾਰੇ ਸਤਿਗੁਰੂ ਸਾਹਿਬਾਨਾਂ ਦੇ ਨਾਲ, ਭਗਤ ਨਾਮਦੇਵ ਜੀ, ਸੰਤ ਗਿਆਨੇਸ਼ਵਰ, ਸੰਤ ਤੁਕਾ ਰਾਮ, ਭਗਤ ਸਾਬਤਾ ਮਾਲੀ ਜੀ ਅਤੇ ਛਤ੍ਰਪਤੀ ਸ਼ਿਵਾ ਜੀ ਦੀ ਤਸਵੀਰ ਵੀ ਸੁਸ਼ੋਭਿਤ ਹੈ। ਬਸੰਤ, ਜਪ ਪ੍ਰਯੋਗ ਅਤੇ ਗੁਰੂਆਂ ਦੇ ਪੁਰਬ ਦੇ ਨਾਲ-ਨਾਲ, ਰਾਮਨਵਮੀ, ਜਨਮ ਅਸਟਮੀ ਅਤੇ ਹੋਲੀ ਦੁਸਹਿਰਾ ਜਿਹੇ ਤਿਉਹਾਰ, ਸਥਾਨਕ ਲੋਕਾਂ ਨਾਲ ਰਲ-ਮਿਲ ਕੇ ਉਤਸ਼ਾਹ ਪੁਰਵਕ ਮਨਾਉਂਦੇ ਹਨ।

ਪੰਜਾਬ ਤੋਂ ਤਕਰੀਬਨ ਡੇਢ ਹਜ਼ਾਰ ਕਿਲੋ ਮੀਟਰ ਦੂਰ ਮਰਾਠਵਾੜਾ ਵਿਚ, ਸਫੇਦ ਟੋਪੀ ਧਾਰੀ ਮਰਾਠੀ ਬੱਚਿਆਂ ਨੂੰ ਢੋਲਕੀ ਛੈਣਿਆਂ ਨਾਲ, ਆਸਾ ਦੀ ਵਾਰ ਦਾ ਕੀਰਤਨ ਕਰਦਿਆਂ ਨਾਮਧਾਰੀ ਜਥੇਦਾਰਾਂ ਦੀ ਸ਼ੈਲੀ ਵਿਚ ਇਕ ਹੱਥ ਕੰਨ ਅਤੇ ਦੂਜਾ ਹੱਥ ਉਪਰਿ ਚੁੱਕ "ਤੇਰੀ ਹੋ ਰਹੀ ਜੈ ਜੈਕਾਰ ਚੀਨੀ ਵਾਲੇ ਪਾਤਸ਼ਾਹ ਜੀ" ਗਾਉਂਦੇ ਵੇਖਦੇ, ਤਾਂ ਇਨ੍ਹਾਂ ਬੱਚਿਆਂ ਦੇ ਸਿਖਿਅਕ, "ਬਾਬੂ ਜੀ" (ਸੇਠ ਜੀ) ਪ੍ਰਤੀ ਸ਼ਰਧਾ ਅਤੇ ਸਨਮਾਨ ਨਾਲ ਸਿਰ ਝੁਕ ਜਾਂਦਾ।

ਖ਼ਬਰ ਆਈ...ਭੈਣੀ ਸਾਹਿਬ ਤੋਂ ਬਹੁਤ ਦੂਰ...ਨਾਮਧਾਰੀਅਤ ਦਾ ਇਹ ਬਲਦਾ ਦੀਵਾ ਬੁੱਝ ਗਿਆ। ਪੰਥ-ਪ੍ਰਚਾਰ ਹਿਤ, ਆਜੀਵਨ ਭਖਦੇ ਸੂਰਜ ਦਾ ਅਵਸਾਨ ਹੋ ਗਿਆ।

17 ਨਵੰਬਰ 2019, ਦਿਨੇ 10 ਤੋਂ 12 ਵਜੇ ਤੱਕ, ਭੋਗ ਦਾ ਸਮਾ ਨਿਰਧਾਰਤ ਹੋਇਆ। ਹਜ਼ੂਰ ਪਾਤਸ਼ਾਹ ਜੀ, ਤੜਕੇ ਬੰਗਲੁਰੂ ਤੋਂ ਹਵਾਈ ਜਹਾਜ ਰਾਹੀਂ ਪੂਨਾ ਅਤੇ ਫੇਰ ਕਾਰ ਰਾਹੀਂ ਪੂਨਾ ਤੋਂ ਔਰੰਗਾਬਾਦ ਪੁੱਜੇ। ਫਾਰਮ ਹਾਊਸ ਦੀ ਖੁੱਲੀ ਥਾਂ ਤੇ, ਸਫੇਦ ਸ਼ਾਮਿਆਨੇ ਹੇਠ, ਸਫੇਦ ਚਾਦਰਾਂ ਤੇ ਆਸਣ ਸਜੀ ਕੁਰਸੀ ਤੇ ਸਤਿਗੁਰੂ ਜੀ ਬਿਰਾਜਮਾਨ ਹੋਏ। ਵਾਰੋ ਵਾਰੀ ਮੱਥਾ ਟੇਕ ਸੰਗਤ ਸਾਹਮਣੇ ਸਜ ਗਈ। ਸੇਠ ਜੀ ਦੇ ਘਰੋਂ, ਬੀਬੀ ਵਰਿੰਦਰ ਕੌਰ ਜੀ ਨੂੰ ਹੌਂਸਲਾ ਦਿੱਤਾ। ਵੱਡੇ-ਪੁੱਤਰ, ਸ੍ਰ. ਗੁਰਮੀਤ ਸਿੰਘ ਅਤੇ ਫੇਰ ਸੇਠ ਜੀ ਦੇ ਛੋਟੇ ਪੁੱਤਰ ਰਵਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ, ਚਾਰੇ ਨੂੰਹਾਂ, ਬੱਚਿਆਂ ਨਾਲ, ਫੇਰ ਸੇਠ ਜੀ ਦੇ ਦੋਵੇਂ ਭਰਾਤਾ, ਹਰਮੀਤ ਸਿੰਘ, ਸਰਬਜੀਤ ਸਿੰਘ ਸੱਭ ਨਾਲ ਸੇਠ ਜੀ ਦੇ ਵਿਛੋੜੇ ਤੋਂ ਹੋਏ ਪਰਵਾਰਕ ਅਤੇ ਪੰਥਕ ਘਾਟੇ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਅਤੇ ਸੇਠ ਜੀ ਦੁਆਰਾ ਸਿਰਜੇ ਸਿੱਖੀ ਮਾਰਗ ਤੇ ਤੁਰਨ ਦਾ ਉਪਦੇਸ਼ ਵੀ ਦਿੱਤਾ।

ਮਿੱਥੇ ਸਮੇਂ ਅਨੁਸਾਰ, ਪਹਿਲਾਂ, ਕਥਾਵਾਚਕ ਸੰਤ ਯਾਦਵਿੰਦਰ ਸਿੰਘ ਹੁਰਾਂ, ਧਾਰਮਕ ਪ੍ਰਸੰਗ ਸਹਿਤ ਸੇਠ ਜੀ ਪ੍ਰਤੀ ਸਤਿਕਾਰ ਸ਼ਰਧਾਂਜਲੀ ਦਿੱਤੀ। ਉਪਰੰਤ ਦਾਸ (ਗੁਰੂਬਚਨ ਸਿੰਘ, ਚੰਡੀਗੜ੍ਹ) ਨੇ ਸੇਠ ਜੀ ਨਾਲ ਜੁੜੀਆਂ ਸਮ੍ਰਿਤੀਆਂ ਦੀਆਂ ਸਮੁੰਦਰੀ ਛੱਲਾਂ ਨਾਲ ਸੰਗਤ ਨੂੰ ਸਰਾਬੋਰ ਕੀਤਾ। ਹਜ਼ੂਰੀ ਰਾਗੀ ਘੁੱਲਾ ਜੀ, ਸਰਮੁਖ ਸਿੰਘ ਨੇ ਤੰਤੀ ਸਾਜਾਂ ਨਾਲ ਵਿਰਾਗਮਈ ਗੁਰਬਾਣੀ ਸ਼ਬਦਾਂ ਦਾ ਰਸਭਿੰਨਾ ਕੀਰਤਨ ਕੀਤਾ। ਤਬਲੇ ਤੇ ਅਜੈਪਾਲ ਸਿੰਘ ਨੇ ਬਹੁਤ ਸੋਹਣਾ ਰੰਗ ਬੰਨ੍ਹਿਆ।

ਸ੍ਰੀ ਸਤਿਗੁਰੂ ਜੀ ਪਾਤਸ਼ਾਹ ਜੀ ਨੇ ਪਵਿੱਤਰ ਉਪਦੇਸ ਰਾਹੀਂ, ਆਪਣੇ ਪਿਆਰੇ ਸਿੱਖ ਪ੍ਰਤੀ ਸੁਨੇਹ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਦੇ ਆਦਰਸ਼ ਜੀਵਨ ਤੋਂ ਪ੍ਰੇਰਨਾ ਲੈਣ ਦਾ ਸੰਦੇਸ਼ ਵੀ ਦਿੱਤਾ।

ਅੰਤ, ਸਹਜ ਪਾਠਾਂ ਦੇ ਭੋਗ ਅਤੇ ਅਰਦਾਸ ਕੀਤੀ ਗਈ।
ਗੁਰਮੁਖ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

ਰਿਪੋਰਟ ਗੁਰੂਬਚਨ ਸਿੰਘ ਨਾਮਧਾਰੀ
ਚੰਡੀਗੜ੍ਹ

ਸ਼ਬਦ ਗੁੰਮ ਹੋ ਸਕਦਾ ਹੈ, ਸੰਗੀਤ ਕਦੇ ਮਰਦਾ ਨਹੀਂ ਹੈ ਉਹ ਅੱਜ ਵੀ ਪੂਰੇ ਬ੍ਰਹਿਮੰਡ ਵਿਚ ਗੂੰਜਦਾ ਹੈ।

ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਿਖੇ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਇਕ ਸੰਗੀਤਮਈ ਸ਼ਾਮ 'ਤੇਰੇ ਸੁਰ ਮੇਰੇ ਗੀਤ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ 'ਚ ਡਾ. ਬਰਜਿੰਦਰ ਚੌਹਾਨ ਦੀ ਸ਼ਾਇਰੀ ਨੂੰ ਸੰਗੀਤ ਦੇ ਰੂਪ ਵਿਚ ਸ੍ਰੋਤਿਆਂ ਮੂਹਰੇ ਪ੍ਰਸਤੁਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਸ੍ਰੀਮਤੀ ਮਧੂਬਾਲਾ ਸਿੱਧੂ ਸੀ।

ਸਭ ਤੋਂ ਪਹਿਲਾਂ ਸਕੱਤਰ ਪੰਜਾਬੀ ਅਕਾਦਮੀ ਗੁਰਭੇਜ ਸਿੰਘ ਗੁਰਾਇਆ ਨੇ ਆਏ ਮਹਿਮਾਨਾਂ ਸ੍ਰੀਮਤੀ ਮਧੂਬਾਲਾ ਸਿੱਧੂ, ਡਾ. ਬਰਜਿੰਦਰ ਚੌਹਾਨ, ਪ੍ਰੋ. ਯਸ਼ਪਾਲ ਸ਼ਰਮਾ ਅਤੇ ਡਾ. ਰਵਿੰਦਰ ਰਵੀ ਦਾ ਫੁੱਲਾਂ ਨਾਲ ਸੁਆਗਤ ਕੀਤਾ।

ਮੰਚ ਦਾ ਸੰਚਾਲਨ ਕਰਦੇ ਹੋਏ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਰਵਿੰਦਰ ਰਵੀ ਨੇ ਕਿਹਾ ਕਿ 'ਸਾਹਿਤ ਨੂੰ ਸੰਗੀਤਬਧ ਕਰਨ ਦੀ ਜੋ ਪਹਿਲੀ ਖੋਜ ਪੰਜਾਬੀਆਂ ਨੇ ਕੀਤੀ ਉਹ ਸਭ ਤੋਂ ਪਹਿਲਾਂ ਗੁਰੂ ਸਾਹਿਬ ਤੋਂ ਹੀ ਸਿੱਖੀ ਗਈ ਕਿਉਂਕਿ ਉਨ੍ਹਾਂ ਨੇ ਬਾਣੀ ਰਚਨਾ ਅਤੇ 'ਰਬਾਬ' ਸਾਜ਼ ਵਜਾਉਣ ਰਾਹੀਂ ਭਾਈ ਮਰਦਾਨੇ ਨੂੰ ਆਪਣੇ ਨਾਲ ਰਖਿਆ ਸੀ। ਉਹ ਜਾਣਦੇ ਸੀ ਕਿ ਲਿਖਿਆ ਸ਼ਬਦ ਤਾਂ ਗੁੰਮ ਹੋ ਸਕਦਾ ਹੈ ਪਰ ਸੁਰ ਕਦੇ ਨਹੀਂ ਮਰਦਾ। ਉਹ ਪੂਰੇ ਬ੍ਰਹਿਮੰਡ ਵਿਚ ਅੱਜ ਵੀ ਗੂੰਜਦਾ ਰਹਿੰਦਾ ਹੈ।'

ਡਾ. ਬਰਜਿੰਦਰ ਚੌਹਾਨ ਨੇ ਆਪਣੇ ਜੀਵਨ ਬਾਰੇ ਦਸਦੇ ਹੋਏ ਕਿਹਾ ਕਿ "ਉਹ ਬਚਪਨ ਤੋਂ ਹੀ ਸਾਹਿਤਕ ਵਾਤਾਵਰਨ ਵਿਚ ਪਲੇ ਤੇ ਵੱਡੇ ਹੋਏ। ਉਨ੍ਹਾਂ ਦਾ ਜਨਮ ਪੰਜਾਬ ਦੀ ਰਿਆਸਤ ਨਾਭਾ ਵਿਖੇ ਹੋਇਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਕੰਵਰ ਚੌਹਾਨ ਮਹਿਜ਼ ਇਕ ਲੇਖਕ ਹੀ ਨਹੀਂ ਸਨ, ਬਲਕਿ ਸੰਗੀਤਕਾਰ ਵੀ ਸਨ। ਉਹ 10 ਵਰ੍ਹਿਆਂ ਦੀ ਛੋਟੀ ਉਮਰ ਵਿਚ ਹੀ ਕਵਿਤਾ ਛਪਵਾਉਣ ਵਾਲੇ ਪਹਿਲੇ ਸ਼ਾਇਰ ਬਣੇ। ਉਨ੍ਹਾਂ ਦੀਆਂ ਗ਼ਜ਼ਲਾਂ ਦੀਆਂ ਦੋ ਪੁਸਤਕਾਂ – 'ਪੌਣਾਂ ਉੱਤੇ ਦਸਤਕ' ਅਤੇ 'ਸਮੰਦਰ ਦੀ ਖ਼ੁਸ਼ਬੂ' ਕਾਫੀ ਪ੍ਰਸਿਧ ਹੋਈਆਂ। ਬਾਅਦ ਵਿਚ ਉਹ ਪੰਜਾਬ ਛੱਡ ਦਿੱਲੀ ਆ ਵਸੇ ਅਤੇ ਦਿੱਲੀ ਯੂਨੀਵਰਸਿਟੀ ਵਿਚ ਨੌਕਰੀ ਕਰਨ ਲੱਗੇ।

ਡਾ. ਰਵਿੰਦਰ ਰਵੀ ਨੇ ਪ੍ਰੋ. ਯਸ਼ਪਾਲ ਸ਼ਰਮਾ ਨਾਲ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਉਹ ਪੰਜਾਬੀ ਯੂਨੀਵਰਸਿਟੀ ਵਿਚ ਸੰਗੀਤ ਵਿਭਾਗ ਦੇ ਮੁਖੀ ਰਹੇ, ਡੀਨ ਵੀ ਰਹੇ ਹਨ। ਉਹ ਮਾਰੀਸ਼ਸ ਯੂਨੀਵਰਸਿਟੀ ਵਿਚ ਲਗਾਤਾਰ ਵਿਜ਼ੀਟਿੰਗ ਪ੍ਰੋਫੈਸਰ ਹਨ।

ਇਸ ਤੋਂ ਬਾਅਦ ਪ੍ਰੋ. ਯਸ਼ਪਾਲ ਸ਼ਰਮਾ ਨੇ ਆਪਣੇ ਸਾਜ਼ਿੰਦਿਆਂ ਨਾਲ ਡਾ. ਬਰਜਿੰਦਰ ਚੌਹਾਨ ਦੀ ਗ਼ਜ਼ਲਾਂ ਨੂੰ ਗਾਇਨ ਰਾਹੀਂ ਪੇਸ਼ ਕੀਤਾ।

ਪ੍ਰੋਗਰਾਮ ਦੇ ਅੰਤ 'ਚ ਪੰਜਾਬੀ ਅਕਾਦਮੀ ਦੇ ਸਕੱਤਰ ਗੁਰਭੇਜ ਸਿੰਘ ਗੁਰਾਇਆ ਨੇ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਆਏ ਸਾਰਿਆਂ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿਚ ਦੂਰਦਰਸ਼ਨ ਤੋਂ ਬਲਵਿੰਦਰ ਬਰਾੜ, ਮਨਮੋਹਨ ਬਾਵਾ, ਸੁਰਜੀਤ ਜੱਜ, ਕੁਲਵੀਰ ਗੋਜਰਾ ਤੋਂ ਇਲਾਵਾ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ, ਸ਼ੋਧ ਵਿਦਿਆਰਥੀ, ਪੰਜਾਬੀ ਟੀਚਰ ਅਤੇ ਦਿੱਲੀ ਦੇ ਕੋਨੇ-ਕੋਨੇ ਤੋਂ ਆਈਆਂ ਸ਼ਖ਼ਸੀਅਤਾਂ ਨੇ ਭਾਗ ਲਿਆ।

Sri Satguru Jagjit Singh Ji Elibrary NamdhariElibrary@gmail.com

ਕ੍ਰਿਪਾਲ ਕਜ਼ਾਕ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ

ਭਾਰਤੀ ਸਾਹਿਤ ਅਕਾਦਮੀ ਨੇ ਸਾਲ 2019 ਦਾ ਪੰਜਾਬੀ ਭਾਸ਼ਾ ਲਈ ਸਰਵੋਤਮ ਪੁਰਸਕਾਰ ਪੰਜਾਬੀ ਕਹਾਣੀਕਾਰ ਅਤੇ ਅਲੋਚਕ ਕ੍ਰਿਪਾਲ ਕਜ਼ਾਕ ਨੂੰ ਦੇਣ ਦਾ ਐਲਾਨ ਕੀਤਾ ਹੈ। ਕ੍ਰਿਪਾਲ ਸਿੰਘ ਕਜ਼ਾਕ ਲੰਮੇ ਸਮੇਂ ਤੋਂ ਵਰਿਆਮ ਦੇ ਸਹਿਯੋਗੀ ਅਤੇ ਸ. ਜਗਦੀਸ਼ ਸਿੰਘ ਵਰਿਆਮ ਦੇ ਪਰਮ ਸਨੇਹੀ ਰਹੇ ਹਨ। ਅਦਾਰਾ ਵਰਿਆਮ ਉਹਨਾਂ ਦੀ ਇਸ ਪ੍ਰਾਪਤੀ ਲਈ ਹਾਰਦਿਕ ਵਧਾਈ ਦਿੰਦਾ ਹੈ।

ਨਾਟਕਕਾਰ ਕੇਵਲ ਧਾਲੀਵਾਲ ਨੂੰ ਕਪੂਰ ਸਿੰਘ ਘੁੰਮਣ ਯਾਦਗਾਰੀ ਪੁਰਸਕਾਰ

ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਉੱਘੇ ਪੰਜਾਬੀ ਨਾਟਕਕਾਰ ਕਪੂਰ ਸਿੰਘ ਘੁੰਮਣ ਦੀ ਬਰਸੀ ਦੇ ਮੌਕੇ ਤੇ ਭਾਸ਼ਾ ਵਿਭਾਗ,ਪਟਿਆਲਾ ਵਿਖੇ ਪੰਜਾਬ ਦੇ ਉਘੇ ਨਾਟਕਕਾਰ ਅਤੇ ਰੰਗਕਰਮੀ ਸ੍ਰੀ ਕੇਵਲ ਧਾਲੀਵਾਲ (ਅੰਮ੍ਰਿਤਸਰ) ਨੂੰ ਸਾਲ 2019 ਲਈ 'ਕਪੂਰ ਸਿੰਘ ਘੁੰਮਣ ਯਾਦਗਾਰੀ ਪੁਰਸਕਾਰ' ਪ੍ਰਦਾਨ ਕੀਤਾ ਗਿਆ ਜਿਸ ਵਿਚ ਉਹਨਾਂ ਨੂੰ ਨਗਦ ਰਾਸ਼ੀ ਤੋਂ ਇਲਾਵਾ ਦੋਸ਼ਾਲਾ,ਸਨਮਾਨ-ਪੱਤਰ ਅਤੇ ਸਨਮਾਨ-ਚਿੰਨ੍ਹ ਭੇਂਟ ਕੀਤੇ ਗਏ।ਅਨੇਕ ਵੱਕਾਰੀ ਪੁਰਸਕਾਰਾਂ ਨਾਲ ਸਨਮਾਨਿਤ ਧਾਲੀਵਾਲ ਬਾਰੇ ਸਨਮਾਨ ਪੱਤਰ ਪੜ੍ਹਨ ਦੀ ਰਸਮ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ 'ਪੰਜਾਬੀ' ਨੇ ਨਿਭਾਈ।

ਕੇਵਲ ਧਾਲੀਵਾਲ ਨੂੰ 'ਕਪੂਰ ਸਿੰਘ ਘੁੰਮਣ ਯਾਦਗਾਰੀ ਪੁਰਸਕਾਰ' ਪ੍ਰਦਾਨ ਕਰਦੇ ਹੋਏ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ', ਮਨਜੀਤ ਸਿੰਘ ਨਾਰੰਗ,ਪ੍ਰੋ. ਸਵਰਾਜ ਘੁੰਮਣ, ਡਾ. ਰਾਜਵੰਤ ਕੌਰ ਪੰਜਾਬੀ,ਰਮਣੀਕ ਘੁੰਮਣ ਅਤੇ ਦਵਿੰਦਰ ਪਟਿਆਲਵੀ।

ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ', ਸਾਬਕਾ ਡਿਪਟੀ ਕਮਿਸ਼ਨਰ ਮਨਜੀਤ ਸਿੰਘ ਨਾਰੰਗ,ਆਈ.ਏ.ਐਸ., ਪ੍ਰੋਫ਼ੈਸਰ ਅਤੇ ਅਦਾਕਾਰਾ ਸਵਰਾਜ ਘੁੰਮਣ ਅਤੇ ਰੰਗਕਰਮੀ ਰਮਣੀਕ ਘੁੰਮਣ ਸ਼ਾਮਿਲ ਹੋਏ। ਸਾਹਿਤਕਾਰਾਂ ਅਤੇ ਰੰਗਕਰਮੀਆਂ ਦਾ ਸੁਆਗਤ ਕਰਦਿਆਂ ਡਾ. 'ਆਸ਼ਟ' ਨੇ ਸਭਾ ਵੱਲੋਂ ਪ੍ਰੋ. ਸਵਰਾਜ ਘੁੰਮਣ ਦੇ ਵਿਸ਼ੇਸ਼ ਸਹਿਯੋਗ ਨਾਲ ਆਰੰਭ ਕੀਤੇ ਗਏ ਕਪੂਰ ਸਿੰਘ ਘੁੰਮਣ ਯਾਦਗਾਰੀ ਪੁਰਸਕਾਰ ਦੇ ਹਵਾਲੇ ਨਾਲ ਕਿਹਾ ਕਿ ਸਾਹਿਤ ਅਤੇ ਰੰਗਮੰਚ ਦਾ ਨਹੁੰ ਮਾਸ ਵਾਲਾ ਰਿਸ਼ਤਾ ਹੈ। ਸਨਮਾਨਿਤ ਸ਼ਖ਼ਸੀਅਤ ਕੇਵਲ ਧਾਲੀਵਾਲ ਨੇ ਘੁੰਮਣ ਨਾਲ ਆਪਣੀ ਸਾਂਝ ਦੇ ਵਿਭਿੰਨ ਪਹਿਲੂ ਉਜਾਗਰ ਕਰਦਿਆਂ ਕਿਹਾ ਕਿ ਉਹ ਅਜਿਹੇ ਕਰਮਯੋਗੀ ਸਨ ਜਿਨ੍ਹਾਂ ਦੇ ਨਾਟਕ ਅੱਜ ਵੀ ਵਿਸ਼ੇ-ਪੱਖ ਤੋਂ ਓਨੇ ਹੀ ਪ੍ਰਸੰਗਿਕ ਹਨ ਜਿੰਨੇ ਚਾਰ-ਪੰਜ ਦਹਾਕੇ ਪਹਿਲਾਂ ਸਨ।ਉਹਨਾਂ ਕਿਹਾ ਕਿ ਉਹ ਕਪੂਰ ਸਿੰਘ ਘੁੰਮਣ ਦੇ ਖਿੰਡੇ ਪੁੰਡੇ ਰੂਪ ਵਿਚ ਪ੍ਰਕਾਸ਼ਿਤ ਅਤੇ ਅਣਪ੍ਰਕਾਸ਼ਿਤ ਨਾਟਕਾਂ ਅਤੇ ਨਾਟ ਸਮੀਖਿਆ ਦੀ ਭਵਿੱਖ ਵਿਚ ਪੰਜਾਬ ਸੰਗੀਤ ਨਾਟਕ ਅਕਾਡਮੀ ਵੱਲੋਂ ਇਕ ਪੁਸਤਕ ਵੀ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕਰਨਗੇ। ਇਸ ਅਵਸਰ ਤੇ, ਰੰਗਕਰਮੀ ਰਾਜੇਸ਼ ਸ਼ਰਮਾ,ਪਰਮਿੰਦਰਪਾਲ ਕੌਰ,ਕੁਲਵੰਤ ਸਿੰਘ,ਪ੍ਰੋ. ਕੁਲਵੰਤ ਸਿੰਘ ਗਰੇਵਾਲ,ਡਾ. ਗੁਰਬਚਨ ਸਿੰਘ ਰਾਹੀ,ਪ੍ਰਾਣ ਸੱਭਰਵਾਲ, ਡਾ. ਜੀ.ਐਸ.ਆਨੰਦ,ਆਸ਼ਾ ਸ਼ਰਮਾ ਅਤੇ ਗੋਪਾਲ ਸ਼ਰਮਾ ਨੇ ਕਪੂਰ ਸਿੰਘ ਘੁੰਮਣ ਅਤੇ ਕੇਵਲ

Sri Satguru Jagjit Singh Ji Elibrary NamdhariElibrary@gmail.com

ਧਾਲੀਵਾਲ ਦੇ ਜੀਵਨ ਅਤੇ ਬਹੁਪੱਖੀ ਕਾਰਜਾਂ ਬਾਰੇ ਮੁੱਲਵਾਨ ਚਰਚਾ ਕੀਤੀ।

ਇਸ ਸਮੇਂ ਵੱਖ ਵੱਖ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਪ੍ਰਦਾਨ ਕੀਤੇ ਗਏ।ਮੰਚ ਸੰਚਾਲਨ ਦਵਿੰਦਰ ਪਟਿਆਲਵੀ ਨੇ ਨਿਭਾਇਆ।

-ਦਵਿੰਦਰ ਪਟਿਆਲਵੀ

ਸ. ਗੁਰਬਚਨ ਸਿੰਘ ਭੁੱਲਰ ਅਤੇ ਅਜੀਤ ਕੌਰ ਨੂੰ ਕੁਵੈਂਪੂ ਕੌਮੀ ਪੁਰਸਕਾਰ

ਸ੍ਰੀ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਸ. ਗੁਰਬਚਨ ਸਿੰਘ ਭੁੱਲਰ ਅਤੇ ਸ੍ਰੀਮਤੀ ਅਜੀਤ ਕੌਰ ਨੂੰ ਸਾਲ 2019 ਦਾ ਕੁਵੈਂਪੂ ਕੌਮੀ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਦੋਵੇਂ ਸਾਹਿਤਕਾਰ ਵਧਾਈ ਦੇ ਪਾਤਰ ਹਨ ਅਤੇ ਅਸੀਂ ਵੀ ਇਸ ਖੁਸ਼ੀ ਨੂੰ ਸਾਂਝਾ ਕਰਨ ਦਾ ਮਾਨ ਪ੍ਰਾਪਤ ਕਰ ਰਹੇ ਹਾਂ।

ਆਵਰ ਸਪੇਸ ਸਿਨੇਮਾ ਸੰਸਥਾ ਵੱਲੋਂ ਪ੍ਰੋ: ਗੁਰਭਜਨ ਸਿੰਘ ਗਿੱਲ ਨੂੰ ਬਲਰਾਜ ਸਾਹਨੀ ਯਾਦਗਾਰੀ ਸੁਹਿਰਦ ਸਿਨੇਮਾ ਸਨਮਾਨ

ਪੰਜਾਬੀ ਲੇਖਕ ਤੇ ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਨੂੰ ਆਵਰ ਸਪੇਸ ਸਿਨੇਮਾ ਵੱਲੋਂ ਬਲਰਾਜ ਸਾਹਨੀ ਯਾਦਗਾਰੀ ਸੁਹਿਰਦ ਸਿਨੇਮਾ ਸਨਮਾਨ ਨਾਲ ਇਸ਼ਮੀਤ ਸਿੰਘ ਮਿਊਜ਼ਕ ਇੰਸਟੀਚਿਊਟ ਰਾਜਗੁਰੂ ਲੁਧਿਆਣਾ ਵਿਖੇ ਦੋ ਰੋਜ਼ਾ ਲਘੂ ਫਿਲਮ ਫੈਸਟੀਵਲ ਦੇ ਉਦਘਾਟਨੀ ਸਮਾਰੋਹ

ਮੌਕੇ ਸਨਮਾਨਿਤ ਕੀਤਾ ਗਿਆ। ਸਨਮਾਨ ਪ੍ਰਦਾਨ ਕਰਨ ਦੀ ਰਸਮ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਕ੍ਰਿਪਾਲ ਸਿੰਘ ਔਲਖ,ਗੁਰਪ੍ਰੀਤ ਸਿੰਘ ਤੂਰ ਡੀ ਆਈ ਜੀ,ਆਵਰ ਸਪੇਸ ਸਿਨੇਮਾ ਦੇ ਚੇਅਰਮੈਨ ਪਰਦੀਪ ਸਿੰਘ, ਮਨਮੋਹਨ ਵਿਨਾਇਕ, ਡਾ: ਪਰਮਜੀਤ ਸੋਹਲ,ਡਾ: ਯਾਦਵਿੰਦਰ ਸਿੰਘ , ਸੁਨੀਲ ਕੁਮਾਰ, ਕਰਣ ਕ੍ਰਿਸਨ ਕਮਲ , ਜਸਬੀਰ ਸਿੰਘ ਸੋਹਲ,ਪੰਮੀ ਹਬੀਬ, ਪ੍ਰੋ: ਰਵਿੰਦਰ ਭੱਠਲ ਪ੍ਰਧਾਨ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਡਾ: ਨਿਰਮਲ ਜੌੜਾ, ਡਾਇਰੈਕਟਰ ਯੁਵਕ ਭਲਾਈ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , ਪ੍ਰੋ: ਮਨਜੀਤ ਸਿੰਘ ਛਾਬੜਾ ਨੇ ਅਦਾ ਕੀਤੀ।

ਅਫਸੋਸ

ਪੰਜਾਬੀ ਟ੍ਰਿਬਿਊਨ, ਪੰਜਾਬੀ ਜਾਗਰਣ ਅਤੇ ਦੇਸ਼ ਵਿਦੇਸ਼ ਟਾਈਮਜ਼ ਦੇ ਸਾਬਕਾ ਸੰਪਾਦਕ ਅਤੇ ਰੋਜ਼ਾਨਾ ਸਪੋਕਸਮੈਨ ਦੇ ਵਰਤਮਾਨ ਸੰਪਾਦਕ ਸ. ਸ਼ਿੰਗਾਰਾ ਸਿੰਘ ਭੁੱਲਰ 74 ਸਾਲ ਦੀ ਉਮਰ ਭੋਗ ਕੇ 11 ਦਸੰਬਰ 2019 ਨੂੰ ਮੋਹਾਲੀ ਵਿਖੇ ਅਕਾਲ ਚਲਾਨਾ ਕਰ ਗਏ। ਅਦਾਰਾ ਵਰਿਆਮ ਉਨ੍ਹਾਂ ਦੇ ਸਦੀਵੀਂ ਵਿਛੋੜੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾਂ ਕਰਦਾ ਹੈ ਅਤੇ ਅਰਦਾਸ ਕਰਦਾ ਹੈ ਕਿ ਸਤਿਗੁਰੂ ਜੀ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

Sri Satguru Jagjit Singh Ji Elibrary NamdhariElibrary@gmail.com

BBL FOODS PVT. LTD.

Innovation Leadership in India

www.bblfoods.com

Complete House of Food Process Equipment from Design to Service & Sales Tie ups

BAKERY GOODS

BISCUITS

- Soft dough .
- Hard dough .
- Sheeted and crackers,
- Cream sandwich .
- Savoury snacks,
- Biscuits with printing and filling

COOKIES

- Sheeted (Karachi Type fruit).
- Dropped cookies.
- Wire cut cookies.
- Centre filled cookies.
- Centre filled 2 colour cookies
- 2 colour cookies,
- Extruded cookies.
- Bar cookies.
- Formed cookies.

CAKES

- Cup cakes.
- Muffins.
- Sfiee cakes.
- Sandwich cakes /Layer cakes/
- Chocolate layer cakes/ZTly layer cakes,
- Swiss rolls/Rolled cakes/Flat Roll Chiffon cafes,
- Frozen cakes,
- Twinkle cakes.

PIES

- Tart
- Mini tart
- Filled.
- Top crust
- Chocopie.
- Sheeted pie.

PASTRY

- Crossant
- Danish.
- Filledpuff,
- Twisted rolls.
- Cheese sticks,

PIZZA

- Sheeted,
- Stress free base.
- Laminated base,
- Target application.
- Water fall application,

BREAD

- Tin Bread,
- Buns.
- Toasted Bread,
- Par Baked Bread
- Loaf Bread
- Ciabatta.
- Soft Rolls.
- Baguettes

WAFERS

- Flat cream filled wafers.
- Chocolate coated wafers.
- Hollow wafers,
- Wafer sticks filled and plain.
- Flat wafer sticks.
- Flat wafer hollow rolls.
- Speciality wafers.

BARS

- Peanut bar line.
- Nougat caramel bar line
- Granola bar line.
- Health bar line

ICE CREAM CONES

- Moulded cone and cup.
- Rolled flat top.
- Bowls

WAFFLES

- Dutch caramel wafer, Belgium waffles.
- Cake waffles.
- Gailet

CANDY CONFECTIONERY AND JELLY

- Candy plant
- Lollipop plant,
- Deposited candy plant.
- Deposited toffee plant
- Deposited lollipop plant
- Jelly
- Eclair plant.

Sri Satguru Jagjit Singh Ji Elibrary NamdhariElibrary@gmail.com

CHOCOLATE PLANT

CHOCOLATE PROCESS MACHINES

- Mixer,
- 2 Roll refiner,
- 5 Roll refiner.
- Conch.
- Refiner cum conch,
- Storage tanks,
- Melting tank,
- Chocolate sieving machines.

ENROBING LINE

- Bar forming line .
- Wafer coating line.

MOULDING LINE

- Tablet moulding line
- Sheel moulding line from semi automatic to fully automatic line.

HOLLOW CHOCOLATE LINE

- 3 colour or 4 colour chocolate moulding line .
- 3 colour or 4 col our chocolate lollipop

PANNED GOODS

- Centre moulding line .
- Coating pans .
- Dragee coating line for nuts *

PASTA AND PALLETS

- Pasta plants .
- Pallet lines for 2d snacks and Potato snacks.
- Pallet lines for 3d snacks.
- Gol gappa line.

SNACKS & CEREALS LINES

- Corn balls and various shapped snacks
- Cereal based snacks.
- Kurkure snacks.
- Potato chips.
- Roasted grains snacks.
- Breakfast cereals snacks.

INDIAN ETHINIC SNACKS

- Namkeen line.
- Muruku line,
- Khakra plant
- Bakarwadi plant.
- Namak para /Shakar para.

INSTANT NOODLES PLANT

- Cup noodle*
- Round shaped noodles.
- Rectangle

BAKED SNACKS

- Baked potato chips
- Pretzels mini and squares
- Pretzel chips
- Broken Pretzel
- Pretzel sticks filled
- Pretzel sticks unfilled



AUTOMATIC LINES

- Baguette & Par-Baked Bread,
- Artisan & Crusty Bread,
- Toast Bread Rolls
- Croissant & Pastry.
- Pizza, Flat Bread & Snacks.

UNIQUE PROCESS

- Deep-freezing.
- Cooling,
- Pasteurizing,
- Proofing,
- Baking.
- Product Handling,
- Spiral Conveyer Ovens.

PACKING LINES

- Automatic cookies packing system.
- Automatic sandwich cakes up and down system.
- Automatic cup cakes guiding system.
- Handling Robot lines,
- Biscuit packing lines on edge and pilepacks.
- Pick and place filling stations
- Palletising and handling ,

PACKING MACHINES

- Flow Wrap for Individual applications .
- On edge wrap for biscuits, Candy twist wrap ,
- Chocolate mint pouch high speed machines.
- Man less wafer stick individual wrap.
- Vertical form fill and seal machines.
- 10 to 24 head weighers for VFFS
- Bunch wrap for lollipop.

BBL® FOODS PVT. LTD.

Exclusive agent for India

Santosh Nagar 'x' Road,
Hyderabad-500 059. Telangana (India)

Tel : +914024530680/82
Email: bblfoods@gmail.com
bblfoods1@gmail.com
lakhbir.mutchall@gmail.com
www.bblfoods.com

Hyderabad :
Mr. Lakhbir Mutchall
+91-9848050607
+91-9848399702

Delhi/Noida :
Mr. Anurag
+91-7007126377
+91-7838156578

Mr. Sidak Mutchall
+91-9515121540
Mr. S. Krishna
+91-9603546619

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

2 ਦਸੰਬਰ 2019 ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਜੰਗੇ-ਆਜ਼ਾਦੀ ਯਾਦਗਾਰ ਕਰਤਾਰਪੁਰ ਵਿਖੇ ਆਜ਼ਾਦੀ ਦੇ ਪਰਵਾਨਿਆਂ ਨੂੰ ਅਕੀਦਤ ਭੇਂਟ ਕਰਦੇ ਹੋਏ।

[illegible]ਗੁਰੂ ਜੀ ਦੇ ਨਾਲ ਪ੍ਰਦਸ਼ਨੀ [illegible] ਹੋਏ ਸ੍ਰੀ ਰਜਤ ਮਰਵਾਹਾ, [illegible] ਸਿੰਘ, ਸੰਤ ਨਰੈਣ ਸਿੰਘ [illegible] ਜਲੰਧਰ, ਸੇਵਕ ਹਰਪਾਲ [illegible], ਸੇਵਕ ਕਰਤਾਰ ਸਿੰਘ ਅਤੇ ਜਤਿੰਦਰ ਪਾਲ ਸਿੰਘ ਚਿੰਕਾ।



ਸ੍ਰੀ ਸਤਿਗੁਰੂ ਜੀ ਨੂੰ ਵਰਿਆਮ ਦਾ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਿਸ਼ੇਸ਼ ਅੰਕ ਭੇਂਟ ਕਰਦੇ ਹੋਏ ਰਜਵੰਤ ਕੌਰ ਅਤੇ ਤੇਜਵੰਤ ਸਿੰਘ ਸੱਗੂ।

Sri Satguru Jagjit Singh Ji Elibrary NamdhariElibrary@gmail.com

P.O. Regd. No. PB/JL-016/2018-2020 **WARYAM** Ladowali Road, Jalandhar -144001
Regd. RNI No. 26453/75 Revised Date of Publication - 26-12-2019 Total Pages - 68 Dec.-January 2019-20
Date of Posting : 28-12-2019

Reliable Performance

QUALITY • YIELD • DISEASE RESISTANCE

Consistence Performers, Suited to all market needs with high yield, quality & disease resistant.

NAMDHARI SEEDS PVT. LTD.

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel.: 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

Seeds for a better future...

ਮਾਲਕ, ਐਡੀਟਰ ਤੇ ਪਬਲਿਸ਼ਰ ਰਜਵੰਤ ਕੌਰ ਨੇ ਰਾਜਿੰਦਰ ਸਿੰਘ ਦੇ ਵਾਈਟ ਕਰਾਸ ਪ੍ਰਿੰਟਰਜ਼ ਭਾਈ ਦਿਤ ਸਿੰਘ ਨਗਰ ਜਲੰਧਰ ਤੋਂ ਪ੍ਰਿੰਟ ਕਰਵਾ ਕੇ ਲਾਡੋਵਾਲੀ ਰੋਡ ਸਾਹਮਣੇ ਸੈਂਟਰਲ ਟਾਊਨ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 0181-2222543- ਮੋਬਾਇਲ- 98143-18720

Sri Satguru Jagjit Singh Ji Elibrary NamdhariElibrary@gmail.com

Jalandhar & got published at Ladowali Road, Opp. Central Town, Jalandhar City Ph : 0181-2222543, Mob : 98143-18720